ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 15 | 17 April 2019 to 23 April 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਪੰਜਾਬ 'ਚ ਤੀਜੇ ਰਾਜਸੀ ਬਦਲ ਦੀ ਬੇੜੀ ਨੂੰ ਮਲਾਹ ਹੀ ਲੱਗੇ ਡੋਬਣ

- **ਸਿਆਸੀ ਮਹਾਂਰਥੀਆਂ ਲਈ ਵਾਟਰ-ਲੂ ਬਣਦਾ ਰਿਹਾ ਹੈ ਪੰਜਾਬ**
- **ਬੀਬੀ ਖਾਲੜਾ, ਭਗਵੰਤ ਮਾਨ ਤੇ ਸਿਮਰਜੀਤ ਸਿੰਘ ਬੈਂਸ ਹੀ ਦੇ ਰਹੇ ਹਨ ਟੱਕਰ**
- **ਅਕਾਲੀ ਦਲ ਟਕਸਾਲੀ ਨੇ ਬੀਬੀ ਖਾਲੜਾ ਦੀ ਹਮਾਇਤ ਕਰ ਕੇ ਫਰਜ਼ ਨਿਭਾਇਆ**

## ਬਾਦਲ ਦਲ ਤੇ ਕਾਂਗਰਸ ਵਿਰੋਧੀ ਪਾਰਟੀਆਂ ਖੱਖੜੀਆਂ-ਕਰੇਲੇ



**ਜਲੰਧਰ/ਬਲਵਿੰਦਰਪਾਲ ਸਿੰਘ**
ਪੰਜਾਬ ਵਿਚ ਕਈ ਦਹਾਕਿਆਂ ਤੋਂ ਹੁਣ ਤੱਕ ਅਕਾਲੀ-ਭਾਜਪਾ ਗੱਠਜੋੜ ਤੇ ਕਾਂਗਰਸ ਦਾ ਹੀ ਬੋਲਬਾਲਾ ਰਿਹਾ ਹੈ। ਕਈ ਕੋਸ਼ਿਸ਼ਾਂ ਦੇ ਬਾਵਜੂਦ ਇਥੇ ਤੀਜਾ ਰਾਜਸੀ ਫਰੰਟ ਕਦੇ ਵੀ ਪੱਕੇ ਤੌਰ 'ਤੇ ਨਹੀਂ ਉਸਰ ਸਕਿਆ। ਭਾਵੇਂ ਪਿਛਲੀਆਂ ਲੋਕ ਸਭਾ ਦੌਰਾਨ ਆਮ ਆਦਮੀ ਪਾਰਟੀ ਤੀਸਰੇ ਫਰੰਟ ਵਜੋਂ ਉਭਰਨ ਵਿਚ ਕਾਮਯਾਬ ਹੋਈ ਸੀ ਪਰ ਹੁਣ 2019 ਦੀਆਂ ਚੋਣਾਂ ਵਿਚ ਉਸ ਦੇ ਪਹਿਲਾਂ ਵਾਲੇ ਸਿਆਸੀ ਜਲਵੇ ਅੱਗੇ ਪ੍ਰਸ਼ਨ ਚਿੰਨ ਖੜ੍ਹਾ ਹੋ ਗਿਆ ਹੈ। ਲੰਘੇ ਪੰਜ ਸਾਲ ਆਮ ਆਦਮੀ ਪਾਰਟੀ ਨੂੰ ਆਪਣਿਆਂ ਦੀਆਂ ਬਗਾਵਤਾਂ ਅਤੇ ਉਸ ਦੇ ਖੁਦ ਦੇ ਗਲਤ ਫੈਸਲਿਆਂ ਨੇ ਹੀ ਵਾਹਣੀ ਪਾਈ ਰੱਖਿਆ। ਪਟਿਆਲੇ ਤੋਂ ਧਰਮਵੀਰ ਗਾਂਧੀ ਦੇ ਫਤਹਿਗੜ੍ਹ ਸਾਹਿਬ ਤੋਂ ਐਮਪੀ. ਹਰਿੰਦਰ ਸਿੰਘ ਖਾਲਸਾ ਥੋੜ੍ਹੀ ਕੁ ਦੇਰ ਮਗਰੋਂ ਹੀ ਪਾਰਟੀ ਤੋਂ ਰੁੱਸ ਗਏ ਸਨ। ਸੁਖਪਾਲ ਸਿੰਘ ਖਹਿਰਾ ਤੇ ਬੈਂਸ ਭਰਾਵਾਂ ਵੱਲੋਂ ਬਗਾਵਤ ਕਰ ਜਾਣਾ ਤੇ ਹਰਿੰਦਰ ਸਿੰਘ ਖਾਲਸਾ ਨਾਰਵੇ ਦਾ ਭਾਜਪਾ ਵਿਚ ਸਮਾਅ ਜਾਣਾ 'ਆਪ' ਨੂੰ ਪੰਜਾਬ ਵਿਚ ਸਿਆਸੀ ਤੌਰ 'ਤੇ ਕਮਜ਼ੋਰ ਕਰ ਗਿਆ ਹੈ। ਪੰਜਾਬ ਡੈਮੋਕ੍ਰੇਟਿਕ ਫਰੰਟ ਵਿਚ 6 ਪਾਰਟੀਆਂ ਬਸਪਾ, ਪੰਜਾਬ ਏਕਤਾ ਪਾਰਟੀ, ਲੋਕ ਇਨਸਾਫ਼ ਪਾਰਟੀ, ਨਵਾਂ ਪੰਜਾਬ ਪਾਰਟੀ, ਸੀਪੀਆਈ, ਆਰਸੀਪੀਆਈ ਪਾਰਟੀ ਸ਼ਾਮਲ ਹਨ, ਜੋ 13 ਸੀਟਾਂ 'ਤੇ ਚੋਣ ਲੜ ਰਹੀਆਂ ਹਨ। ਬਸਪਾ ਦੀਆਂ 3 ਸੀਟਾਂ ਜਲੰਧਰ ਤੋਂ ਬਲਵਿੰਦਰ ਅੰਬੇਡਕਰ, ਹੁਸ਼ਿਆਰਪੁਰ ਤੋਂ ਸੇਵਾਮੁਕਤ ਆਈਏਐੱਸ ਅਧਿਕਾਰੀ ਖੁਸ਼ੀ ਰਾਮ ਅਤੇ ਆਨੰਦਪੁਰ ਸਾਹਿਬ ਤੋਂ ਵਿਕਰਮ ਸਿੰਘ ਸੋਢੀ ਚੋਣ ਲੜ ਰਹੇ ਹਨ। ਲੋਕ ਇਨਸਾਫ਼ ਪਾਰਟੀ 3 ਸੀਟਾਂ ਲੁਧਿਆਣਾ ਤੋਂ ਖ਼ੁਦ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ, ਫਤਹਿਗੜ੍ਹ ਤੋਂ ਮਨਵਿੰਦਰ ਸਿੰਘ ਗਿਆਸਪੁਰਾ ਅਤੇ ਸੰਗਰੂਰ ਤੋਂ ਗਾਇਕ ਜੱਸੀ ਜਸਰਾਜ ਚੋਣ ਲੜ ਰਹੇ ਹਨ। ਪੰਜਾਬ ਏਕਤਾ ਪਾਰਟੀ ਵਲੋਂ ਬਠਿੰਡਾ ਤੋਂ ਸੁਖਪਾਲ ਸਿੰਘ ਖਹਿਰਾ, 'ਆਪ' ਦੇ ਵਿਧਾਇਕ ਤੇ ਪਾਰਟੀ ਤੋਂ ਅਸਤੀਫ਼ਾ ਦੇ ਚੁੱਕੇ ਮਾਸਟਰ ਬਲਦੇਵ ਸਿੰਘ ਫਰੀਦਕੋਟ ਤੋਂ ਅਤੇ ਬੀਬੀ ਪਰਮਜੀਤ ਕੌਰ ਖਾਲੜਾ ਖਡੂਰ ਸਾਹਿਬ ਤੋਂ ਚੋਣ ਲੜ ਰਹੇ ਹਨ।

ਨਵਾਂ ਪੰਜਾਬ ਪਾਰਟੀ ਦੇ ਮੋਢੀ ਤੇ 'ਆਪ' ਤੋਂ ਮੁਅੱਤਲ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ

ਬਾਕੀ ਸਫ਼ਾ 29 'ਤੇ

## ਸਿਆਸੀ ਪਾਰਟੀਆਂ ਨੇ ਸ੍ਰੀ ਆਨੰਦਪੁਰ ਸਾਹਿਬ ਹਲਕੇ ਵਿਚ ਉਤਾਰੇ ਦਿੱਗਜ ਉਮੀਦਵਾਰ

**ਆਨੰਦਪੁਰ ਸਾਹਿਬ/ਏਟੀ ਨਿਊਜ਼ :**
ਹੁਣ ਤੱਕ ਅੱਧੀ ਦਰਜਨ ਉਮੀਦਵਾਰਾਂ ਨੂੰ ਇਸ ਹਲਕੇ ਦੇ ਚੋਣ ਪਿੜ ਵਿਚ ਉਤਾਰਿਆ ਜਾ ਚੁੱਕਿਆ ਹੈ। ਮੌਜੂਦਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਹਨ ਤੇ ਉਨ੍ਹਾਂ ਕਿਸਾਨੀ ਅਤੇ ਸਿੱਖਾਂ ਦੇ ਮੁੱਦਿਆਂ ਨੂੰ ਬੇਬਾਕੀ ਨਾਲ ਚੁੱਕਿਆ ਹੈ। ਕਾਂਗਰਸ ਪਾਰਟੀ ਵੱਲੋਂ ਚੋਣ ਮੈਦਾਨ ਵਿਚ ਉਤਾਰੇ ਸਾਬਕਾ ਕੇਂਦਰੀ ਮੰਤਰੀ ਮੁਨੀਸ਼ ਤਿਵਾੜੀ ਦਾ ਵੀ ਆਪਣੀ ਪਾਰਟੀ ਦੇ ਨਾਲ-ਨਾਲ ਦੇਸ਼ ਦੀ ਰਾਜਨੀਤੀ ਵਿੱਚ ਵੀ ਕੱਦ ਬਹੁਤ ਉੱਚਾ ਹੈ। ਬਸਪਾ ਤੇ ਪੀਡੀਏ ਦੇ ਉਮੀਦਵਾਰ ਸੋਢੀ ਵਿਕਰਮ ਸਿੰਘ ਪਹਿਲੀ ਵਾਰ ਸਿਆਸੀ ਮੈਦਾਨ

ਬਾਕੀ ਸਫ਼ਾ 29 'ਤੇ

## ➢ ਅੰਦਰ ਪੜ੍ਹੋ



03

**ਭਾਈਚਾਰਾ**
ਸਟਾਕਟਨ ਵਿਖੇ ਖਾਲਸਾ ਸਾਜਨਾ ਦਿਵਸ ਮੌਕੇ ਧਾਰਮਿਕ ਦੀਵਾਨ ਤੇ ਨਗਰ-ਕੀਰਤਨ



10

**ਭਾਈਚਾਰਾ**
ਕੈਨੇਡਾ ਸਰਕਾਰ ਨੇ ਰਿਪੋਰਟ ਵਿਚੋਂ ਸਿੱਖ ਅਤਿਵਾਦ ਸ਼ਬਦ ਹਟਾਇਆ

## ਉਹ ਸਚਮੁੱਚ ਹੀ ਮਾਊਂਟ ਐਵਰੈਸਟ ਪਹਾੜ ਸੀ...

**ਚੰਡੀਗੜ੍ਹ/ਕਰਮਜੀਤ ਸਿੰਘ :** ਖਾੜਕੂ ਲਹਿਰ ਦੇ ਸਿਰਕੱਢ ਜਰਨੈਲ ਸ਼ਹੀਦ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਦੇ ਮਾਤਾ ਸੁਰਜੀਤ ਕੌਰ ਜੀ ਦੇ ਅਕਾਲ ਚਲਾਣੇ 'ਤੇ ਸਦਮੇ ਦੇ ਨਾਲ ਨਾਲ ਉਸ ਮਹਾਨ ਜਰਨੈਲ ਦੀਆਂ ਯਾਦਾਂ ਵੀ ਤਾਜ਼ਾ ਹੋ ਗਈਆਂ ਹਨ। ਤਖਤ ਸਿੰਘ ਦੀ ਕਵਿਤਾ ਦੀ ਇਹ ਸਤਰ ਇਸ ਮਾਂ ਸੁਰਜੀਤ ਕੌਰ 'ਤੇ ਢੁਕਦੀ ਹੈ; "ਤੱਕਣਾ ਮੇਰੀ ਬੁਲੰਦੀ ਨੂੰ ਤਾਂ ਵੇਖੋ ਮੇਰਾ ਪਰਛਾਵਾਂ ਕਿਥੇ ਕੁ ਪਵੇ ਜਾ ਕੇ। ਸੀਤ ਠੰਢੀ ਛਾਂ ਉਨਾਂ ਰੁੱਖਾਂ ਥੱਲੇ ਹੀ ਲੱਭੀ, ਧੁੱਪਾਂ ਵਿੱਚ ਪਲੇ ਜੋ ਅੰਗਿਆਰ ਖਾ ਕੇ। "



ਇਸ ਮਾਤਾ ਦੇ ਹੀਰੇ ਪੁੱਤ ਨਾਲ ਮੇਰੀ ਗੂੜੀ ਸਾਂਝ ਬਣ ਗਈ ਸੀ।ਮਿਲਾਉਣ ਵਾਲਾ ਸੀ ਦਲਜੀਤ ਸਿੰਘ। ਜਦੋਂ ਉਸ ਨੂੰ ਕੋਈ ਵੀ ਨਹੀਂ ਸੀ ਮਿਲ ਸਕਦਾ, ਮੈਨੂੰ ਮਿਲਣ ਦਾ ਮਾਣ ਹਾਸਲ ਸੀ। ਅੱਜ ਹੰਝੂਆਂ ਭਿੱਜੀ ਇਕ ਯਾਦ ਆਈ ਹੈ। ਇਹ ਦਿਨ ਉਸ ਦੀ ਸ਼ਹੀਦੀ ਦਾ ਦਿਨ ਸੀ। ਉਸ ਦਿਨ ਸਾਡੇ ਕੋਲ ਚਾਰ ਵੱਡੇ ਸਿੰਘ ਚੰਡੀਗੜ੍ਹ ਵਿੱਚ ਠਹਿਰੇ ਹੋਏ ਸਨ। ਇਹ ਸਨ; ਦਲਜੀਤ ਸਿੰਘ, ਪਰਮਜੀਤ ਸਿੰਘ ਪੰਜਵੜ, ਹਰਮਿੰਦਰ ਸਿੰਘ ਸੁਲਤਾਨਵਿੰਡ ਪੰਥਕ ਕਮੇਟੀ ਮੈਂਬਰ ਅਤੇ ਚੌਥਾ ਯੂਪੀ ਦਾ ਸਿੰਘ ਸੀ। ਸਾਰਿਆਂ ਦੇ ਸਿਰ ਦਾ ਕਰੋੜ-ਕਰੋੜ ਇਨਾਮ ਸੀ। ਇਹੋ ਜਿਹੇ ਸਿੰਘਾਂ ਦੀ ਰਾਖੀ ਕਰਨੀ,ਤੁਸੀਂ ਆਪ ਹਿਸਾਬ ਲਾ ਲਓ ਕਿੰਨੀ ਔਖੀ ਸੀ। ਇਕੋ ਘਰ ਵਿੱਚ ਚਾਰ ਵੱਡੇ ਜੋ ਉਨਾਂ ਦਿਨਾਂ ਵਿੱਚ ਸੰਘਰਸ਼ ਦਾ ਕੇਂਦਰ ਸਨ।

ਬਾਕੀ ਸਫ਼ਾ 29 'ਤੇ

## ਸਿੱਖ ਪੰਥ ਨੇ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਮਨਾਇਆ ਖਾਲਸਾ ਸਾਜਨਾ ਦਿਵਸ

### ਛੇ ਲੱਖ ਤੋਂ ਵੱਧ ਸੰਗਤਾਂ ਹੋਈਆਂ ਨਤਮਸਤਕ

**ਸ੍ਰੀ ਆਨੰਦਪੁਰ ਸਾਹਿਬ/ਏਟੀ ਨਿਊਜ਼ :**
ਖਾਲਸਾ ਪੰਥ ਦੇ ਜਨਮ ਅਸਥਾਨ ਸ੍ਰੀ ਆਨੰਦਪੁਰ ਸਾਹਿਬ ਵਿਚ ਸਾਲ 1999 ਵਿਚ ਮਨਾਏ ਗਏ 300 ਸਾਲਾ ਖਾਲਸਾ ਸਾਜਨਾ ਦਿਵਸ ਤੋਂ ਪੂਰੇ 19 ਸਾਲਾਂ ਬਾਅਦ ਪਹਿਲੀ ਵਾਰ ਸਿੱਖ ਸੰਗਤ ਦਾ ਵੱਡਾ ਇਕੱਠ ਦੇਖਿਆ ਗਿਆ ਹੈ। ਆਲਮ ਇਹ ਸੀ ਕਿ ਗੁਰੂ ਨਗਰੀ ਖਾਲਸਾਈ ਰੰਗ ਵਿੱਚ ਰੰਗੀ ਰਹੀ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਖੁਫੀਆ ਵਿਭਾਗ ਦੇ ਅੰਕੜਿਆਂ ਅਨੁਸਾਰ ਲਗਭੱਗ ਛੇ ਲੱਖ ਤੋਂ ਵੱਧ ਸੰਗਤ ਨੇ ਗੁਰੂ ਘਰ ਵਿਚ ਨਤਮਸਤਕ ਹੋ ਕੇ ਆਪਣੀ ਹਾਜ਼ਰੀ ਦਰਜ ਕਰਵਾਈ।

ਜ਼ਿਕਰਯੋਗ ਹੈ ਕਿ ਵਿਸਾਖੀ ਮੌਕੇ ਸਾਲ 1699 ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੀ ਖਾਲਸਾ ਪੰਥ ਦੀ ਸਾਜਨਾ ਕਰ ਕੇ ਵਿਸ਼ਵ ਇਤਿਹਾਸ ਵਿਚ ਸਿੱਖ ਇਨਕਲਾਬ ਦਾ ਸੁਨਹਿਰੀ ਪੰਨਾ ਦਰਜ ਕੀਤਾ ਸੀ। ਗੁਰੂ ਸਾਹਿਬ ਨੇ ਸਿੱਖਾਂ ਅੰਦਰ ਨਿਆਰਾਪਨ ਲਿਆਂਦਾ ਸੀ ਅਤੇ ਇਹੀ ਕਾਰਨ ਹੈ ਕਿ ਵਿਸਾਖੀ ਦਾ ਖ਼ਾਸ ਸਬੰਧ ਸ੍ਰੀ ਆਨੰਦਪੁਰ ਸਾਹਿਬ ਨਾਲ ਰਿਹਾ ਹੈ। ਬੇਸ਼ੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਧਿਕਾਰਤ ਤੌਰ 'ਤੇ ਵਿਸਾਖੀ ਮੌਕੇ ਸੰਗਤ ਨੂੰ ਖਾਲਸੇ ਦੇ ਜਨਮ ਸਥਾਨ 'ਤੇ



ਨਤਮਸਤਕ ਹੋਣ ਬਾਰੇ ਅਖਬਾਰਾਂ ਜਾਂ ਟੀਵੀ ਚੈਨਲਾਂ 'ਤੇ ਕੋਈ ਇਸ਼ਤਿਹਾਰ ਨਹੀਂ ਦਿੱਤਾ ਪਰ ਇਹ ਸਿੱਖ ਸੰਗਤ ਦੀ ਸ਼ਰਧਾ ਹੀ ਸੀ ਜੋ ਇਸ ਵਾਰ ਲੱਖਾਂ ਸ਼ਰਧਾਲੂਆਂ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵੱਲ ਖਿੱਚ ਕੇ ਲੈ ਆਈ। ਤਖ਼ਤ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਵਿਸਾਖੀ ਮੌਕੇ ਲੱਗੇ ਜੋੜ ਮੇਲੇ ਦੌਰਾਨ ਛੇ ਲੱਖ ਤੋਂ ਵੱਧ ਸੰਗਤ ਨਤਮਸਤਕ ਹੋ ਚੁੱਕੀ ਹੈ ਜਦੋਂਕਿ 15 ਅਪਰੈਲ ਤੱਕ ਸੰਗਤ ਦੀ ਆਮਦ ਇਸੇ ਤਰ੍ਹਾਂ ਬਰਕਰਾਰ ਰਹਿਣ ਕਰ ਕੇ ਇਹ ਅੰਕੜਾ ਹੋਰ ਵਧ ਗਿਆ।

ਬਾਕੀ ਸਫ਼ਾ 29 'ਤੇ













ਵਰਕਰਾਂ ਦੀ ਲੋੜ
ਯੂਰੇਕਾ, (Eureka) ਕੈਲੀਫੋਰਨੀਆ ਵਿਖੇ ਰੈਂਸਟੋਰੈਂਟ ਵਿਚ ਕੰਮ ਕਰਨ ਵਾਲੇ Dish Washer ਦੀ ਲੋੜ ਹੈ।
ਰਿਹਾਇਸ਼ ਅਤੇ ਖਾਣਾ ਮੁਫ਼ਤ ਦਿੱਤਾ ਜਾਵੇਗਾ।
ਸੰਪਰਕ ਕਰੋ:
Gurpreet Singh Sohal :
707-498-9325
Email : redwoodpetroleum@gmail.com

REAL ESTATE INVESTMENTS?
BUY OR SELL PROPERTY ?
1031 EXCHANGE ?
NEW HOMES ?
ONE STOP SHOP FOR YOU





FREE ONE YEAR PROPERTY MANAGEMENT & SAVE $3000

FEW AREAS ARE GROWING RAPIDLY, TRACY, LATHROP, MANTECA, MOUNTAIN HOUSE,
We can help you get loan approval. Purchase, manage your property and handle all repairs.
TRACY, LATHROP, MANTECA, MOUNTAIN HOUSE

Expert Realtor PARTH GHAI
209-420-5653
HINDI, PUNJABI, AND ENGLISH
Call AnyTime 209-420-5653

VALLEY PACIFIC REALTY AND INVESTMENTS STOCKTON # 01722418

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL

SERVICE TRUST
SKYWAY TRAVEL
DOMESTIC and INTERNATIONAL

Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE

ASIANA AIRLINES
A STAR ALLIANCE MEMBER

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Asiana Airlines
Daily Flight To New Delhi

Best deals on major airlines like

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية

8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com

CALL 510-791-3300 Book online 24x7 @ www.Letsflyhome.com

# ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਖਾਲਸਾ ਸਾਜਨਾ ਦਿਵਸ ਮੌਕੇ ਧਾਰਮਿਕ ਦੀਵਾਨ ਤੇ ਨਗਰ-ਕੀਰਤਨ








## ਪੱਛਮੀ ਪੰਜਾਬ ਦੇ ਗਵਰਨਰ ਚੌਧਰੀ ਮੁਹੰਮਦ ਸਰਵਰ ਨੇ ਕੀਤੀ ਸ਼ਿਰਕਤ

**ਸਟਾਕਟਨ/ਬਲਵਿੰਦਰਪਾਲ ਸਿੰਘ ਖ਼ਾਲਸਾ :** ਗਦਰੀ ਬਾਬਿਆਂ ਦੀ ਯਾਦ ਵਿਚ ਬਣੇ ਇਤਿਹਾਸਕ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਖਾਲਸਾ ਸਾਜਨਾ ਦਿਵਸ ਮੌਕੇ ਲਗਭਗ ਮਹੀਨਾ ਭਰ ਚੱਲੇ ਧਾਰਮਿਕ ਦੀਵਾਨਾਂ ਅਤੇ ਸ੍ਰੀ ਆਖੰਡਪਾਠ ਸਾਹਿਬ ਦੇ ਭੋਗ ਉਪਰੰਤ ਇਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਪਾਕਿਸਤਾਨੀ ਪੰਜਾਬ ਦੇ ਗਵਰਨਰ ਜਨਾਬ ਚੌਧਰੀ ਮੁਹੰਮਦ ਸਰਵਰ ਅਮਰੀਕਾ ਵਸਦੀ ਸਿੱਖ ਕੌਮ ਨੂੰ ਗੁਰੂ ਨਾਨਕ ਸਾਹਿਬ ਦੇ 550 ਵੇਂ ਪ੍ਰਕਾਸ਼ ਉਤਸਵ ਦਾ ਸੱਦਾ ਦੇਣ ਲਈ ਇਥੇ ਪਹੁੰਚੇ। ਉਨਾਂ ਕਿਹਾ ਕਿ ਉਹ ਅਮਰੀਕਾ ਭਰ ਦੇ ਸਿੱਖਾਂ ਨੂੰ ਇਹ ਸੱਦਾ ਦੇਣ ਖਾਸ ਤੌਰ 'ਤੇ ਇਥੇ ਆਏ ਹਨ ਕਿ ਸਿੱਖ ਆਪ ਆਪਣੇ ਹੱਥੀਂ ਬਾਬਾ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਉਤਸਵ ਮਨਾਉਣ ਅਤੇ ਇਸ ਸਬੰਧੀ ਪਾਕਿਸਤਾਨ ਵਿਚ ਹੋ ਰਹੇ ਸਮਾਗਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ। ਉਹਨਾਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਅਤੇ ਨਨਕਾਣਾ ਸਾਹਿਬ ਵਿਖੇ ਬਣਨ ਜਾ ਰਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਾਰੇ ਵੀ ਦੱਸਿਆ। ਜਨਾਬ ਚੌਧਰੀ ਮੁਹੰਮਦ ਸਰਵਰ ਨੇ ਕਿਹਾ ਕਿ ਇਨ੍ਹਾਂ ਵੱਡੇ ਤਿੰਨ ਕਾਰਜਾਂ ਬਾਰੇ ਸਿੱਖ ਆਪ ਜਾ ਕੇ ਪਾਕਿਸਤਾਨ ਸਰਕਾਰ ਦੇ ਨੇਕ ਇਰਾਦਿਆਂ ਅਤੇ ਹੋ ਰਹੇ ਕੰਮਾਂ ਨੂੰ ਵੇਖਣ ਤੇ ਮਹਿਸੂਸ ਕਰਨ ਕਿ ਪਾਕਿਸਤਾਨ ਸਰਕਾਰ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਸਿਰ ਤੋੜ ਯਤਨ ਕਰ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਮਰਾਨ ਸਰਕਾਰ ਦੇ ਤਾਜ਼ਾ ਯਤਨਾਂ ਕਾਰਨ ਹੁਣ ਸਿੱਖਾਂ ਨੂੰ ਪਾਕਿਸਤਾਨ ਆਪਣੇ ਘਰ ਵਾਂਗ ਲੱਗੇਗਾ।



ਵਿਸਾਖੀ ਮੌਕੇ ਧਾਰਮਿਕ ਸਮਾਗਮਾਂ ਦੀ ਵਿਸਥਾਰ ਵਿਚ ਜਾਣਕਾਰੀ ਦਿੰਦਿਆਂ ਗੁਰਦੁਆਰਾ ਕਮੇਟੀ ਦੇ ਹੈਡ ਗ੍ਰੰਥੀ ਭਾਈ ਗੁਰਸੇਵਕ ਸਿੰਘ, ਸਕੱਤਰ ਸ. ਦਵਿੰਦਰ ਸਿੰਘ, ਭਾਈ ਬਲਵਿੰਦਰ ਸਿੰਘ ਮਿੱਠੂ, ਭਾਈ ਜਸਵਿੰਦਰ ਸਿੰਘ ਤੂਰ, ਬੀਬੀ ਸਰਬਜੀਤ ਕੌਰ, ਭਾਈ ਰਾਮ ਸਿੰਘ ਮੰਡੇਰ, ਭਾਈ ਗੁਰਪ੍ਰੀਤ ਸਿੰਘ ਗਿੱਲ, ਜਸਵਿੰਦਰ ਸਿੰਘ ਗੋਰਾਇਆ, ਭਾਈ ਅਮਰੀਕ ਸਿੰਘ ਵਿਰਦੀ ਤੇ ਸੇਵਾਦਾਰ ਲਖਬੀਰ ਸਿੰਘ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 21ਵਾਂ ਮਹਾਨ ਨਗਰ ਕੀਰਤਨ 14 ਅਪ੍ਰੈਲ 2019, ਦਿਨ ਐਤਵਾਰ ਨੂੰ ਸਜਾਇਆ ਗਿਆ। ਇਸ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭ ਚਲੀ ਆ ਰਹੀ ਲੜੀ ਦੇ ਭੋਗ ਪਾਏ ਗਏ। ਇਸੇ ਤਰ੍ਹਾਂ ਹੀ 18 ਮਾਰਚ ਤੋਂ ਹਰ ਸ਼ਾਮ ਛੇ ਵਜੇ ਤੋਂ ਆਰੰਭ ਹੋ ਕੇ ਲਗਾਤਾਰ 14 ਅਪ੍ਰੈਲ 2019 ਤੱਕ ਲਗਾਤਾਰ ਦੀਵਾਨ ਸਜਾਏ ਗਏ, ਜਿਸ ਵਿਚ ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਸ਼ੇਰ ਸਿੰਘ ਜੀ ਅੰਬਾਲੇ ਵਾਲੇ, ਭਾਈ ਇੰਦਰਜੀਤ ਸਿੰਘ ਬੰਬੇਵਾਲੇ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਲਖਵਿੰਦਰ ਸਿੰਘ ਸੋਹਲ ਜੀ ਦਾ ਢਾਡੀ ਜਥਾ ਲਗਾਤਾਰ ਗੁਰਬਾਣੀ ਕੀਰਤਨ ਤੇ ਗੁਰ-ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ। ਇਸ ਦੌਰਾਨ ਭਾਈ ਜਗਮੋਹਣ ਸਿੰਘ ਜੀ ਅਤੇ ਭਾਈ ਗੁਰਸੇਵਕ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਵੀ ਹਾਜ਼ਰੀ ਲੁਆਈ। ਆਖਰੀ ਦਿਨ ਦੇ ਸਮਾਗਮਾਂ ਵਿਚ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਨੇ ਹੁੰਮ-ਹੁਮਾ ਕੇ ਭਾਗ ਲਿਆ। ਇਸ ਮੌਕੇ ਸਿੰਘਾਂ ਤੇ ਸਿੰਘਣੀਆਂ ਨੇ ਗੱਤਕੇ ਦੇ ਜੌਹਰ ਦਿਖਾਏ ਤੇ ਦਸਤਾਰ-ਦਿਵਸ ਨੂੰ ਸਮਰਪਿਤ ਦਸਤਾਰ ਤੇ ਦੁਮਾਲੇ ਸਜਾਉਣ ਦੀ ਮੁਫਤ ਸਿਖਲਾਈ ਦਿੱਤੀ ਗਈ। ਸਵੇਰੇ ਦਸ ਵਜੇ ਤੋਂ ਲੈ ਕੇ ਸ਼ਾਮੀਂ ਛੇ ਵਜੇ ਤਕ ਇਕ ਖ਼ੂਨਦਾਨ ਕੈਂਪ ਵੀ ਲਗਾਇਆ ਗਿਆ। ਪਾਰਕਿੰਗ ਦੀ ਸਹੂਲਤ ਏਅਰਪੋਰਟ ਵੇਅ ਵਿਖੇ ਕੀਤੀ ਗਈ ਸੀ। ਉਥੋਂ ਗੁਰਦੁਆਰਾ ਸਾਹਿਬ ਆਉਣ ਜਾਣ ਲਈ ਫਰੀ ਬੱਸ ਸਰਵਿਸ ਮੁਹੱਈਆ ਕਰਵਾਈ ਗਈ।

ਨਗਰ ਕੀਰਤਨ ਗੁਰਦੁਆਰਾ ਸਾਹਿਬ ਦੇ ਮੁੱਖ ਦੁਆਰ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿਚੋਂ ਗੁਜ਼ਰਦਾ ਹੋਇਆ ਵਾਪਿਸ ਗੁਰਦੁਆਰਾ ਸਾਹਿਬ ਪਹੁੰਚਿਆ। ਇਸ ਵਾਰ ਅੰਮ੍ਰਿਤ ਸੰਚਾਰ 30 ਮਾਰਚ ਅਤੇ 13 ਅਪ੍ਰੈਲ 2019 ਨੂੰ ਗੁਰਦੁਆਰਾ ਸਾਹਿਬ ਵਿਖੇ ਕਰਵਾਇਆ ਗਿਆ, ਜਿਸ ਦੌਰਾਨ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਨੇ ਖੰਡੇ-ਬਾਟੇ ਦੀ ਪਾਹੁਲ ਛਕ ਕੇ ਸਿੰਘ ਸਜਣ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਆਖਰੀ ਦਿਨ ਸਮੁੱਚੇ ਕੈਲੀਫੋਰਨੀਆ ਸਟੇਟ ਦੀਆਂ ਵੱਖ-ਵੱਖ ਗੁਰਦੁਆਰਾ ਕਮੇਟੀਆਂ ਤੇ ਸਿੱਖ ਸੰਸਥਾਵਾਂ ਵੱਲੋਂ ਲਗਾਏ ਗਏ ਤਰ੍ਹਾਂ-ਤਰ੍ਹਾਂ ਦੇ ਗੁਰੂ ਕੇ ਲੰਗਰ ਅਤੁੱਟ ਵਰਤੇ।



## ਲਾਸ ਏਂਜਲਸ ਵਿਖੇ ਗੁਰੂ ਨਾਨਕ ਸਾਹਿਬ ਦੀ 550ਵੀਂ ਜਨਮ ਵਰ੍ਹੇਗੰਢ ਨੂੰ ਸਮਰਪਿਤ ਵਿਸਾਖੀ ਸਮਾਗਮ



**ਲਾਸ ਏਂਜਲਸ/ਏਟੀ ਨਿਊਜ਼ :** ਲਾਸ ਏਂਜਲਸ ਵਿਖੇ ਗੁਰੂ ਨਾਨਕ ਦੇਵ ਜੀ ਦੇ ਜਨਮ ਦੇ 550ਵੇਂ ਵਰ੍ਹੇ ਨੂੰ ਸਮਰਪਿਤ ਵਿਸਾਖੀ ਸਮਾਰੋਹ ਦੌਰਾਨ ਸਾਲਾਨਾ ਕੀਰਤਨ ਦਰਬਾਰ ਅਤੇ ਨਗਰ ਕੀਰਤਨ ਐਤਵਾਰ, 14 ਅਪ੍ਰੈਲ ਨੂੰ ਇਥੋਂ ਦੇ ਕਨਵੈਨਸ਼ਨ ਸੈਂਟਰ ਵਿਖੇ ਕਬਵਾਇਆ ਗਿਆ। ਅੰਦਾਜ਼ਨ 15 ਹਜ਼ਾਰ ਦੇ ਕਰੀਬ ਸਿੱਖ ਸੰਗਤਾਂ ਨੇ ਇਨ੍ਹਾਂ ਸਮਾਗਮਾਂ ਵਿਚ ਸ਼ਮੂਲੀਅਤ ਕੀਤੀ। ਇਨ੍ਹਾਂ ਸਮਾਗਮਾਂ ਨੇ ਕੈਲੀਫੋਰਨੀਆ ਸਮੇਤ ਸਮੁੱਚੇ ਯੂਐਸਏ, ਮੈਕਸੀਕੋ ਅਤੇ ਭਾਰਤ ਦੇ ਬਹੁਤ ਸਾਰੇ ਹਿੱਸਿਆਂ ਤੋਂ ਸ਼ਰਧਾਲੂਆਂ ਨੂੰ ਆਕਰਸ਼ਿਤ ਕੀਤਾ। ਇਹ ਸਮਾਗਮ ਪੱਛਮੀ ਲਾਸ ਏਂਜਲਸ ਵਿਖੇ ਗੁਰੂ ਰਾਮਦਾਸ ਆਸ਼ਰਮ ਵਿਖੇ ਸਵੇਰੇ 03:30 ਵਜੇ ਸ਼ੁਰੂ ਹੋਇਆ। ਸਭ ਤੋਂ ਪਹਿਲਾਂ ਭਾਈ ਸੁਰਿੰਦਰ ਸਿੰਘ ਜੀ ਦੀ ਅਗਵਾਈ ਹੇਠ ਭਾਈ ਅਵਤਾਰ ਸਿੰਘ ਕੀਰਤਨ ਟਕਸਾਲ ਜੇਠਾ ਜੀ ਦੇ ਨੌਜਵਾਨਾਂ ਨੇ "ਆਸਾ ਦੀ ਵਾਰ" ਦਾ ਜਾਪ ਕੀਤਾ। ਸਾਰੇ ਸਮਾਗਮ ਨੂੰ ਮੋਟਰਸਾਈਕਲ ਸਵਾਰ ਪੁਲਿਸ ਨੇ ਖਾਲਸਈ ਝੰਡੇ ਲਗਾ ਕੇ ਸੁਰੱਖਿਆ ਦਿੱਤੀ। ਸਵੇਰੇ 7 ਵਜੇ ਕੀਰਤਨ ਦਰਬਾਰ ਸ਼ੁਰੂ ਹੋਏ। ਦਰਬਾਰ ਹਾਲ ਦੀ ਸ਼ਾਨਦਾਰ ਸਜਾਵਟ ਕੀਤੀ ਗਈ ਸੀ ਅਤੇ ਸੁਲਤਾਨਪੁਰ ਲੋਧੀ ਵਿਚ ਬੇਰ ਸਾਹਿਬ ਗੁਰਦੁਆਰੇ ਨੂੰ ਦਰਸਾਉਂਦੇ ਮਾਡਲ, ਲਾਲ ਅਤੇ ਸੰਤਰੀ ਝੰਡੇ, ਫੁੱਲਾਂ ਦੀ ਪੇਸ਼ਕਾਰੀ ਦੇਖਣਯੋਗ ਸੀ।

ਜ਼ਿਕਰਯੋਗ ਹੈ ਕਿ ਸਮੁੱਚਾ ਸਿੱਖ ਪੰਥ ਇਸ ਸਾਲ ਸਿੱਖ ਧਰਮ ਦੇ ਸੰਸਥਾਪਕ, ਗੁਰੂ ਨਾਨਕ ਦੇਵ ਜੀ ਦੇ ਜਨਮ ਦੀ 550ਵੀਂ ਵਰ੍ਹੇਗੰਢ ਮਨਾ ਰਿਹਾ ਹੈ। ਗੁਰੂ ਸਾਹਿਬ ਦੇ ਜੀਵਨ ਅਤੇ ਸਿਖਿਆਵਾਂ ਨੇ ਇਕ ਵਿਸ਼ਾਲ ਸਮਾਜਿਕ ਤਬਦੀਲੀ ਦੇ ਬੀਜ ਬੀਜੇ ਸਨ। ਇਸ ਤਰ੍ਹਾਂ ਇਸ ਮਹਾਨ ਦਿਨ ਵਿਸਾਖੀ ਦੇ ਸ਼ੁਭ ਅਵਸਰ ਉਤੇ ਖੁਸ਼ੀ ਅਤੇ ਸ਼ਰਧਾ ਨਾਲ ਭਰਪੂਰ, ਸ਼ਾਂਤ ਅਤੇ ਸ਼ਾਨਦਾਰ ਧਾਕਮਿਕ ਸਮਾਰੋਹ ਵਿਚ ਇਕੱਠੀਆਂ ਹੋਈਆਂ ਸਿੱਖ ਸੰਗਤਾਂ ਨੇ ਆਪਣੇ ਸ਼ਾਨਾਮੱਤੇ ਵਿਰਸੇ ਤੇ ਗੌਰਵ ਨੂੰ ਅਕੀਦਤ ਭੇਟ ਕੀਤੀ।

# ਵਾਸ਼ਿੰਗਟਨ ਸਟੇਟ ਵਲੋਂ ਅਪ੍ਰੈਲ ਮਹੀਨਾ ਸਿੱਖ ਹੈਰੀਟੇਜ ਵਜੋਂ ਮਨਾਉਣ ਦਾ ਮਤਾ ਪਾਸ



ਵਾਸ਼ਿੰਗਟਨ ਸਟੇਟ ਦੀ ਰਾਜਧਾਨੀ ਉਲੰਪੀਆ ਪਹੁੰਚੇ ਪੰਜਾਬੀ ਭਾਈਚਾਰੇ ਦੀਆਂ ਮਾਣਮੱਤੀਆਂ ਸ਼ਖਸੀਅਤਾਂ ਜਿਨ੍ਹਾਂ ਨੇ ਅਪ੍ਰੈਲ ਮਹੀਨਾ ਸਿੱਖਾਂ ਦਾ ਮਹੀਨਾ ਮਨਾਉਣ ਵਜੋਂ ਮਤਾ ਪਾਸ ਕਰਨ ਉਤੇ ਖੁਸ਼ੀਆਂ ਮਨਾਈਆਂ।

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਵਾਸ਼ਿੰਗਟਨ ਸਟੇਟ ਨੇ ਇਤਿਹਾਸ ਵਿਚ ਪਹਿਲੀ ਵਾਰ ਅਪ੍ਰੈਲ ਦੇ ਮਹੀਨੇ ਨੂੰ ਸਿੱਖ ਹੈਰੀਟੇਜ ਵਜੋਂ ਮਨਾਉਣ ਦਾ ਮਤਾ ਪਾਸ ਕਰਕੇ ਸਿੱਖ ਕੌਮ ਦਾ ਮਾਣ ਵਧਾਇਆ ਹੈ। ਇਸ ਮੌਕੇ ਪੰਜਾਬੀ ਭਾਈਚਾਰੇ ਦੇ ਲੋਕ ਭਾਰੀ ਗਿਣਤੀ ਵਿਚ ਉਲੰਪੀਆ ਪਹੁੰਚੇ, ਜਿਨ੍ਹਾਂ ਨੇ ਮਤਾ ਪਾਸ ਹੋਣ ਤੋਂ ਬਾਅਦ ਵਧਾਈਆਂ ਦਿੱਤੀਆਂ ਅਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਵਾਸ਼ਿੰਗਟਨ ਸਟੇਟ ਵਲੋਂ ਮਤਾ ਪਾਸ ਹੋਣ ਤੋਂ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ ਕੈਂਟ ਦੇ ਹੈਡਗ੍ਰੰਥੀ ਭਾਈ ਦਲਜੀਤ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਜਿਸ ਦੀ ਅਮਰਜੀਤ ਸਿੰਘ ਨੇ ਪੰਜਾਬੀ ਤੋਂ ਅੰਗਰੇਜ਼ੀ ਵਿਚ ਤਰਜ਼ਮਾ ਕਰਕੇ ਗੋਰਿਆਂ ਦੀ ਸਰਕਾਰ ਨੂੰ ਅਰਦਾਸ ਦੇ ਭਾਵ-ਅਰਥਾਂ ਬਾਰੇ ਜਾਣੂ ਕਰਵਾਇਆ ਤੇ ਵਾਸ਼ਿੰਗਟਨ ਸਟੇਟ ਦੇ ਨੁਮਾਇੰਦਿਆਂ ਦਾ ਧੰਨਵਾਦ ਕੀਤਾ। ਇਸ ਕਾਰਜ ਲਈ ਮੰਨਾ ਦਾਸ, ਸਟੇਟ ਸੈਨੇਟਰ ਮਲਕਾ ਢੀਂਗਰਾ, ਸਿੱਟੀ ਕੌਂਸਲ ਮੈਂਬਰ ਕੈਂਟ, ਸਤਵਿੰਦਰ ਕੌਰ ਤੇ ਵੈਟਕਮ ਕਾਉਂਟੀ ਦੇ ਕੌਂਸਿਲ ਮੈਂਬਰ ਸਤਪਾਲ ਸਿੱਧੂ ਨੇ ਸ਼ਲਾਘਾਯੋਗ ਰੋਲ ਅਦਾ ਕੀਤਾ। ਗੁਰਦੁਆਰਾ ਸੱਚਾ ਮਾਰਗ ਦੇ ਸਕੱਤਰ ਹਰਸ਼ਿੰਦਰ ਸਿੰਘ ਸੰਧੂ, ਗੁਰਦੁਆਰਾ ਸਿੰਘ ਸਭਾ ਰੈਂਟਨ ਦੇ ਮੁੱਖ ਸੇਵਾਦਾਰ ਜਗਮੋਹਰ ਸਿੰਘ ਵਿਰਕ, ਸਕੱਤਰ ਅਵਤਾਰ ਸਿੰਘ ਆਦਮਪੁਰੀ, ਸਾਬਕਾ ਮੁੱਖ ਸੇਵਾਦਾਰ ਗੁਰਦੇਵ ਸਿੰਘ ਮਾਨ, ਯੂਨਾਈਟਿਡ ਸਿੱਖਜ਼ ਦੇ ਨੁਮਾਇੰਦੇ ਭਾਈ ਬਲਵੰਤ ਸਿੰਘ, ਤਨਵੀਰ ਸਿੰਘ, ਹਰਪ੍ਰੀਤ ਸਿੰਘ ਤੋਂ ਇਲਾਵਾ ਬੀਬੀ ਚਾਵਲਾ, ਰਾਜਬੀਰ ਪੱਡਾ, ਸਤਪਾਲ ਸਿੰਘ ਪੁਰੇਵਾਲ, ਜਸਵਿੰਦਰ ਸਿੰਘ, ਜਗਦੇਵ ਸਿੰਘ ਧਾਲੀਵਾਲ, ਮਾਸਟਰ ਦਲਬੀਰ ਸਿੰਘ ਗੋਰਾਇਆ, ਪਹਿਲੇ ਫੌਜੀ ਅਫ਼ਸਰ ਗੁਰਪ੍ਰੀਤ ਸਿੰਘ ਗਿੱਲ, ਗੁਲਜ਼ਾਰ ਸਿੰਘ ਚਾਟੀਵਿੰਡ ਸਮੇਤ ਕਈ ਅਹਿਮ ਸ਼ਖਸੀਅਤਾਂ ਨੇ ਮਤਾ ਪਾਸ ਹੋਣ 'ਤੇ ਖੁਸ਼ੀ ਮਨਾਈ ਤੇ ਵਧਾਈਆਂ ਦਿੱਤੀਆਂ।

7 ਗੋਰੇ ਸੈਨੇਟਰਾਂ ਨੇ ਆਪਣੇ ਆਪਣੇ ਭਾਸ਼ਣਾਂ ਵਿਚ ਸਿੱਖ ਭਾਈਚਾਰੇ ਵਲੋਂ ਕੀਤੀ ਸਖਤ ਮਿਹਨਤ ਅਤੇ ਇਮਾਨਦਾਰੀ ਦੀ ਸ਼ਲਾਘਾ ਕੀਤੀ ਅਤੇ ਦੱਸਿਆ ਕਿ ਸਿੱਖ ਕੌਮ ਨੇ ਅਮਰੀਕਾ ਦੀ ਆਰਥਕ ਵਿਵਸਥਾ ਵਿਚ ਵੱਡਾ ਯੋਗਦਾਨ ਪਾਇਆ ਹੈ।

CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020

ਇਹ ਦਫ਼ਤਰ ਡੀ .ਐਮ . ਵੀ . ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776

BSons Travel & Tax Services, Inc.

* All Airlines * International And Domestic
* Wholesale Fares Around the World

We Will Beat or Match any Fare!



Office Hours
Mon-Fri
9am-6pm
Saturday
9am-5pm

CST. REG #2092042-40

We Also Have Special Vacation Packages

President : Avtar Singh

Contact any time from anywhere

Tel 707.302.0512, 916.340.8100 • Fax 707.425.4260

Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

When tired of all treatments for any disease at any age Try

HOMEOPATHIC

Experienced Consultant Physician since 1973

American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

## ਨਿਊਯਾਰਕ ਸਿਟੀ ਵਿਚ ਸਿੱਖ ਡੇਅ ਪਰੇਡ 27 ਅਪ੍ਰੈਲ ਨੂੰ

**ਨਿਊਯਾਰਕ/ਏਟੀ ਨਿਊਜ਼ :** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ 32ਵੀਂ ਸਿੱਖ ਡੇਅ ਪਰੇਡ ਜੋ ਅਪ੍ਰੈਲ ਦੇ ਆਖਰੀ ਸ਼ਨਿਚਰਵਾਰ ਨੂੰ ਕੱਢੀ ਜਾਂਦੀ ਹੈ, ਐਤਕੀਂ 27 ਅਪ੍ਰੈਲ ਨੂੰ ਸਜਾਈ ਜਾ ਰਹੀ ਹੈ, ਜਿਸ ਦੀਆਂ ਮੁਢਲੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਪਰੇਡ ਦੀ ਆਖਰੀ ਮੀਟਿੰਗ ਜੋ 21 ਅਪ੍ਰੈਲ ਨੂੰ ਬਾਅਦ ਦੁਪਹਿਰ 3 ਵਜੇ ਸਿੱਖ ਕਲਚਰਲ ਸੁਸਾਇਟੀ ਵਿਚ ਰੱਖੀ ਗਈ ਹੈ, ਸਮੂਹ ਪ੍ਰਬੰਧਕ ਕਮੇਟੀਆਂ, ਪੰਥਕ ਸਭਾਵਾਂ ਅਤੇ ਸੰਗਤ ਰੂਪ ਵਿਚ ਪਹੁੰਚਣ ਲਈ ਸਭ ਨੂੰ ਸੱਦਾ ਦਿੱਤਾ ਜਾਂਦਾ ਹੈ, ਜਿਸ ਵਿਚ ਆਪ ਜੀ ਦੇ ਯੋਗ ਸੁਝਾਅ ਲਏ ਜਾਣਗੇ। ਐਤਕੀਂ ਖਾਸ ਤਵੱਜੋਂ ਲੰਗਰ ਉਪਰ ਦਿੱਤੀ ਜਾ ਰਹੀ ਹੈ, ਕਿਉਂਕਿ ਪਿਛਲੀਆਂ ਪਰੇਡਾਂ ਵਿਚ ਲਗਾਏ ਗਏ ਲੰਗਰ ਬਾਰੇ ਸਿਟੀ ਪ੍ਰਸ਼ਾਸਨ ਖਾਸ ਸਖਤ ਹੈ। ਸੋ ਜਿਨ੍ਹਾਂ ਵੀ ਵੀਰਾਂ ਭੈਣਾਂ ਨੇ ਪਰੇਡ ਵਿਚ ਲੰਗਰ ਲੈ ਕੇ ਆਉਣਾ ਹੈ, ਉਨ੍ਹਾਂ ਨੂੰ ਬੇਨਤੀ ਹੈ ਕਿ ਸਮੇਂ ਨਾਲ ਆਪਣੇ ਗੁਰੂਘਰਾਂ ਨਾਲ ਸੰਪਰਕ ਕਰੋ ਜੀ। ਕੋਈ ਵੀ Individually ਲੰਗਰ ਲੈ ਕੇ ਨਹੀਂ ਆ ਸਕਦਾ। ਲੰਗਰ ਲਿਆਉਣ ਵਾਲੇ ਹਰ ਗਰੁੱਪ ਕੋਲ ਫੂਡ ਪ੍ਰੋਟੈਕਸ਼ਨ ਲਾਇਸੰਸ ਹੋਣਾ ਜ਼ਰੂਰੀ ਹੈ। ਬਿਨਾ ਫੂਡ ਪ੍ਰੋਟੈਕਸ਼ਨ ਲਾਇਸੰਸ ਤੋਂ ਲੰਗਰ ਨਹੀਂ ਲਾਇਆ ਜਾ ਸਕਦਾ। ਪਾਰਕ ਐਵੀਨਿਊ 26 ਸਟਰੀਟ ਤੇ ਚੌਕ ਪੁਆਇੰਟ ਤੋਂ ਪਾਸ ਹੋਣ ਤੋਂ ਬਾਅਦ ਹੀ ਲੰਗਰ ਲਾਇਆ ਜਾ ਸਕਦਾ ਹੈ। ਸੋ ਆਪ ਸਭ ਨੂੰ ਬੇਨਤੀ ਹੈ ਕਿ ਲੰਗਰ ਲਈ ਸਾਰੀਆਂ ਹਦਾਇਤਾਂ ਦਾ ਪੂਰਾ ਧਿਆਨ ਰੱਖਿਆ ਜਾਵੇ। ਲੰਗਰ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਸ. ਜਤਿੰਦਰ ਸਿੰਘ ਬੋਪਾਰਾਏ ਨਾਲ ਫੋਨ ਨੰ. 718-909-0651 ਉਤੇ ਸੰਪਰਕ ਕਰੋ।

ਪਰੇਡ ਸਬੰਧੀ ਕਿਸੇ ਤਰ੍ਹਾਂ ਦੀ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਦੇ ਫੋਨ ਨੰ. 718-846-3333 ਅਤੇ ਮੁੱਖ ਸੇਵਾਦਾਰ ਕੁਲਦੀਪ ਸਿੰਘ ਢਿੱਲੋਂ ਨਾਲ ਫੋਨ ਨੰ. 347-324-2405 ਉਤੇ ਸੰਪਰਕ ਕਰ ਸਕਦੇ ਹੋ।

# ਸਿੰਘਾਂ ਤੇ ਡੇਰਾ ਪ੍ਰੇਮੀਆਂ ਵਿਚਾਲੇ ਟਕਰਾਅ ਹੋਣੋਂ ਟਲਿਆ

### *ਪੁਲੀਸ ਨੇ ਸਿਆਸੀ ਇਸ਼ਾਰੇ 'ਤੇ ਕਰਵਾਇਆ ਡੇਰੇ ਦਾ ਸਮਾਗਮ : ਪੰਥਕ ਜਥੇਬੰਦੀਆਂ*

**ਬਨੂੜ/ਏਟੀ ਨਿਊਜ਼ :**
ਸੌਦਾ ਸਾਧ ਦੇ ਪੈਰੋਕਾਰਾਂ ਵਲੋਂ ਬਨੂੜ ਵਿਖੇ ਪੁਲਿਸ ਦੀ ਛਤਰ ਛਾਇਆ ਹੇਠ ਬਿਨਾਂ ਪ੍ਰਵਾਨਗੀ ਤੋਂ ਕੀਤੀ ਜਾ ਰਹੀ ਜ਼ਿਲ੍ਹਾ ਪੱਧਰੀ ਨਾਮ ਚਰਚਾ ਸਿੱਖ ਸੰਗਤਾਂ ਦੇ ਤਿੱਖੇ ਵਿਰੋਧ ਕਾਰਨ ਮੌਕੇ 'ਤੇ ਰੱਦ ਕਰਨੀ ਪਈ। ਪੁਲਿਸ ਦੇ ਰਵੱਈਏ ਕਾਰਨ ਸਿੰਘਾਂ ਨੂੰ ਨਾਮ ਚਰਚਾ ਰੱਦ ਕਰਾਉਣ ਲਈ ਦੋ ਘੰਟੇ ਬਨੂੜ ਬੈਰੀਅਰ ਉਤੇ ਜਾਮ ਲਾਉਣਾ ਪਿਆ। ਸੌਦਾ ਸਾਧ ਦੇ ਪੈਰੋਕਾਰਾਂ ਵਲੋਂ ਵਾਰਡ ਨੰ: 1 ਹਵੇਲੀ ਬਸੀ ਵਿਖੇ ਲਾਂਡਰਾਂ ਮੁੱਖ ਮਾਰਗ ਉਤੇ ਜ਼ਿਲ੍ਹਾ ਪੱਧਰੀ ਨਾਮ ਚਰਚਾ ਕੀਤੀ ਜਾ ਰਹੀ ਸੀ ਜਿਸ ਦੀਆਂ ਕਈ ਦਿਨਾਂ ਤੋਂ ਅੰਦਰਖਾਤੇ ਤਿਆਰੀਆਂ ਚੱਲ ਰਹੀਆਂ ਸਨ ਪਰ ਕਿਸੇ ਨੂੰ ਭਿਣਕ ਨਹੀਂ ਪੈਣ ਦਿੱਤੀ ਗਈ। ਦੁਪਿਹਰ ਤਕ 5 ਹਜ਼ਾਰ ਤੋਂ ਵੱਧ ਚੇਲੇ ਇਕੱਠੇ ਹੋ ਗਏ ਸਨ ਪਰ ਇਸ ਚਰਚਾ ਦੀ ਈਓ ਤੋਂ ਪ੍ਰਵਾਨਗੀ ਨਹੀਂ ਲਈ।



ਇਸ ਦੀ ਸੂਚਨਾ ਮਿਲਣ 'ਤੇ ਦਮਦਮੀ ਟਕਸਾਲ ਦੇ ਜ਼ਿਲ੍ਹਾ ਜਥੇਦਾਰ ਭਾਈ ਬਰਜਿੰਦਰ ਸਿੰਘ ਪਰਵਾਨਾ ਤੇ ਭਾਈ ਹਰਿੰਦਰ ਸਿੰਘ ਵੀ ਮੌਕੇ ਉਤੇ ਪੁੱਜ ਗਏ, ਜਿਨ੍ਹਾਂ ਨੂੰ ਡੀਐਸਪੀ ਰਾਜਪੁਰਾ ਮਨਪ੍ਰੀਤ ਸਿੰਘ ਦੀ ਅਗਵਾਈ ਹੇਠ ਪੁਲਿਸ ਨੇ ਪੰਡਾਲ ਤੋਂ 100 ਗਜ਼ ਦੂਰ ਬਨੂੜ ਬੈਰੀਅਰ ਚੌਕ ਉੱਤੇ ਰੋਕ ਲਿਆ। ਪੁਲਿਸ ਦੇ ਇਸ ਰਵੱਈਏ ਕਾਰਨ ਉਨ੍ਹਾਂ ਫ਼ੋਨ ਰਾਹੀਂ ਸਿੱਧਾ ਪ੍ਰਸਾਰਣ ਕਰ ਦਿਤਾ ਤੇ ਬੈਰੀਅਰ 'ਤੇ ਇਕੱਠੇ ਹੋਣ ਦੀ ਅਪੀਲ ਕੀਤੀ ਜਿਸ ਕਾਰਨ ਆਲੇ-ਦੁਆਲੇ ਦੇ ਪਿੰਡਾਂ ਤੋਂ ਸਿੱਖ ਸੰਗਤਾਂ ਵੀ ਵੱਡੀ ਗਿਣਤੀ ਵਿਚ ਬੈਰੀਅਰ ਚੌਕ ਉਤੇ ਪੁੱਜ ਗਈਆਂ।



ਉਦੋਂ ਸਥਿਤੀ ਤਣਾਅਪੂਰਨ ਬਣ ਗਈ, ਜਦੋਂ ਦਮਦਮੀ ਟਕਸਾਲ ਦੇ ਆਗੂਆਂ ਨੇ ਵਾਰ-ਵਾਰ ਨਾਮ ਚਰਚਾ ਰੱਦ ਕਰਨ ਦੀਆਂ ਕੀਤੀਆਂ ਬੇਨਤੀਆਂ ਨੂੰ ਅਣਗੌਲਿਆਂ ਕਰਦਿਆਂ ਪੁਲਿਸ ਚੌਕ ਵੱਲ ਆਉਂਦੇ ਸਾਧ ਦੇ ਚੇਲਿਆਂ ਨੂੰ ਸੁਰੱਖਿਆ ਦੇ ਕੇ ਪੰਡਾਲ ਵਿਚ ਜਾਣ ਲਈ ਮਦਦ ਕਰਨ ਲੱਗੀ। ਸਿੱਖ ਸੰਗਤਾਂ ਨੇ ਸੜਕ ਉਤੇ ਜਾਮ ਲਾ ਦਿੱਤਾ ਤੇ ਨਾਮ ਚਰਚਾ ਖ਼ੁਦ ਬੰਦ ਕਰਾਉਣ ਲਈ ਅੱਧੇ ਘੰਟੇ ਦਾ ਅਲਟੀਮੇਟਮ ਦੇ ਦਿਤਾ।

ਇਸ ਦੌਰਾਨ ਲਾਂਡਰਾਂ-ਅੰਬਾਲਾ ਤੇ ਚੰਡੀਗੜ੍ਹ ਵੱਲ ਜਾਣ ਵਾਲੀ ਟਰੈਫ਼ਿਕ ਪ੍ਰਭਾਵਤ ਰਹੀ। ਸ਼ਹਿਰ ਪੁਲਿਸ ਛਾਉਣੀ ਵਿਚ ਤਬਦੀਲ ਹੋ ਗਿਆ। ਅਲਟੀਮੇਟਮ ਦਾ ਸਮਾਂ ਖ਼ਤਮ ਹੋਣ 'ਤੇ ਸਿੱਖ ਸੰਗਤਾਂ ਸੌਦਾ ਸਾਧ ਦੇ ਚੇਲਿਆਂ ਨੂੰ ਪੰਡਾਲ ਵਿਚ ਜਾਣ ਤੋਂ ਰੋਕਣ ਲਈ ਜਦੋਂ ਅੱਗੇ ਵਧੀਆਂ, ਤਾਂ ਸਾਧ ਤੇ ਸਾਧਣੀਆਂ ਇਧਰ-ਉਧਰ ਨੂੰ ਭੱਜ ਨਿਕਲੇ ਤੇ ਕੁੱਝ ਵਿਚ ਟਕਰਾਅ ਹੋ ਗਿਆ ਜਿਸ ਨੂੰ ਪੁਲਿਸ ਨੇ ਵੱਡੀ ਮੁਸ਼ੱਕਤ ਨਾਲ ਕਾਬੂ ਹੇਠ ਲਿਆਂਦਾ। ਇਸ ਤੋਂ ਬਾਅਦ ਤਣਾਅ ਨੂੰ ਭਾਂਪਦਿਆਂ ਨਾਮ ਚਰਚਾ ਰੱਦ ਕਰਵਾ ਦਿੱਤੀ। ਐਸਐਚਓ ਬਨੂੜ ਨਿਰਮਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਸੀ, ਪਰ ਉਹ ਸਵੇਰੇ ਪੰਡਾਲ ਤੋਂ ਬਾਹਰ ਪੁਲਿਸ ਨੂੰ ਹਦਾਇਤ ਕਰਦੇ ਵੇਖੇ ਗਏ। ਐਸਡੀਐਮ ਮੁਹਾਲੀ ਜਗਦੀਪ ਸਿੰਘ ਸਹਿਗਲ ਨੇ ਨਾਮ ਚਰਚਾ ਦੀ ਪ੍ਰਵਾਨਗੀ ਤੋਂ ਅਗਿਆਨਤਾ ਪ੍ਰਗਟਾਈ। 45 ਮੈਂਬਰੀ ਕਮੇਟੀ ਦੇ ਮੈਂਬਰ ਤੇ ਮੁੱਖ ਪ੍ਰਬੰਧਕ ਹਰਮਿੰਦਰ ਸਿੰਘ ਨੇ ਦੱਸਿਆ ਕਿ ਨਾਮ ਚਰਚਾ ਦੀ ਪ੍ਰਵਾਨਗੀ ਲਈ ਹੋਈ ਹੈ ਅਤੇ ਅਪ੍ਰੈਲ ਮਹੀਨੇ ਨੂੰ ਡੇਰਾ ਸੌਦਾ ਦੇ ਸਥਾਪਨਾ ਦਿਵਸ ਵੱਜੋਂ ਮਨਾਇਆ ਜਾ ਰਿਹਾ ਹੈ।

## ਗੁਰਜਤਿੰਦਰ ਸਿੰਘ ਰੰਧਾਵਾ ਕੈਲੀਫੋਰਨੀਆ ਸੈਕਟਰੀ ਆਫ ਸਟੇਟ ਦਾ ਐਡਵਾਈਜ਼ਰੀ ਬੋਰਡ ਮੈਂਬਰ ਨਿਯੁਕਤ

**ਸੈਕਰਾਮੈਂਟੋ/ਏਟੀ ਨਿਊਜ਼ :** ਅਮਰੀਕੀ ਸਿਆਸਤ ਵਿਚ ਸਰਗਰਮ ਗੁਰਜਤਿੰਦਰ ਸਿੰਘ ਰੰਧਾਵਾ ਨੂੰ ਕੈਲੀਫੋਰਨੀਆ ਸਟੇਟ ਵਿਚ ਵਕਾਰੀ ਅਹੁਦੇ ਲਈ ਨਾਮਜ਼ਦ ਕੀਤਾ ਗਿਆ ਹੈ। ਸੈਕਟਰੀ ਆਫ ਸਟੇਟ ਸ਼੍ਰੀ ਐਲਕਸ ਪਡੀਲਾ ਵੱਲੋਂ ਸ. ਰੰਧਾਵਾ ਨੂੰ ਆਪਣੇ ਵਿਭਾਗ 'ਚ ਐਡਵਾਈਜ਼ਰੀ ਬੋਰਡ ਲਈ ਨਾਮਜ਼ਦ ਕੀਤਾ ਗਿਆ ਹੈ। ਸ. ਰੰਧਾਵਾ ਇਕ ਦਸਤਾਰਧਾਰੀ ਸਿੱਖ ਹਨ। ਇਹ ਨਿਯੁਕਤੀ ਸਿੱਖ ਕੌਮ ਲਈ ਅਮਰੀਕਾ ਵਿਚ ਸਿੱਖਾਂ ਦੀ ਪਹਿਚਾਣ ਬਣਾਉਣ ਲਈ ਸਹਾਈ ਹੋਵੇਗੀ।



ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ 'ਚ ਸ. ਗੁਰਜਤਿੰਦਰ ਸਿੰਘ ਰੰਧਾਵਾ ਨੂੰ ਆਪਣੇ ਇਸ ਅਹੁਦੇ ਲਈ ਸਹੁੰ ਚੁਕਾਈ ਗਈ। ਕੈਲੀਫੋਰਨੀਆ ਸੈਕਟਰੀ ਆਫ ਸਟੇਟ ਆਨਰੇਬਲ ਐਲਕਸ ਪਡੀਲਾ ਨੇ ਸ. ਰੰਧਾਵਾ ਨੂੰ ਸਹੁੰ ਚੁਕਾਈ। ਇਸ ਮੌਕੇ 200 ਦੇ ਕਰੀਬ ਸਰਕਾਰੀ ਅਧਿਕਾਰੀ ਅਤੇ ਅਮਰੀਕੀ ਆਗੂ ਹਾਜ਼ਰ ਸਨ। ਸਹੁੰ ਚੁੱਕਣ ਤੋਂ ਬਾਅਦ ਸਮੁੱਚਾ ਹਾਲ ਤਾੜੀਆਂ ਨਾਲ ਗੂੰਜ ਉਠਿਆ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸ. ਰੰਧਾਵਾ ਡੈਮੋਕਰੇਟ ਪਾਰਟੀ ਦੇ ਡਿਸਟ੍ਰਿਕ-7 ਤੋਂ ਡੈਲੀਗੇਟ ਦੀ ਨੈਸ਼ਨਲ ਚੋਣ ਜਿੱਤ ਚੁੱਕੇ ਹਨ ਤੇ ਉਹ ਐਲਕ ਗਰੋਵ ਸਿਟੀ ਦੇ ਕਮਿਸ਼ਨ ਮੈਂਬਰ ਵੀ ਹਨ, ਜਿੱਥੇ ਉਹ ਦੋ ਵਿਭਾਗਾਂ ਵਿਚ ਆਪਣੀ ਜ਼ਿੰਮੇਵਾਰੀ ਨਿਭਾ ਰਹੇ ਹਨ।


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



Allstate. You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

### ਜਸਟਿਸ ਗੁਰਨਾਮ ਸਿੰਘ ਜਾਂਚ ਪੜਤਾਲ ਕਮਿਸ਼ਨ, ਪੰਜਾਬ

# ਹਵਾਲਾ ਨਕੋਦਰ ਘਟਨਾ

## ਜਾਂਚ ਪੜਤਾਲ ਰਿਪੋਰਟ

ਚੰਡੀਗੜ੍ਹ, ਅਕਤੂਬਰ 31, 1986

**4 ਫਰਵਰੀ 1986 ਨੂੰ ਪੰਜਾਬ ਦੇ ਜਲੰਧਰ ਜ਼ਿਲ੍ਹੇ ਵਿਚ ਪੈਂਦੇ ਕਸਬਾ ਨਕੋਦਰ ਵਿਖੇ ਇਕ ਹੌਲਨਾਕ ਕਾਂਡ ਵਾਪਰਿਆ ਸੀ। ਅਖੌਤੀ ਸ਼ਿਵ ਸੈਨਿਕਾਂ ਨੇ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੀ ਬੇਅਦਬੀ ਕੀਤੀ ਸੀ। ਸਿੱਖ ਸੰਗਤਾਂ ਨੇ ਜਦੋਂ ਰੋਸ ਵਿਚ ਅਮਨ-ਪੂਰਵਕ ਜਲੂਸ ਕੱਢਿਆ ਤਾਂ ਪੁਲਿਸ ਨੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਦੇ ਲਾਠੀਚਾਰਜ ਕੀਤਾ। ਇਸ ਦੌਰਾਨ ਚਾਰ ਸਿੱਖ ਨੌਜਵਾਨ ਸ਼ਹੀਦ ਹੋਏ ਤੇ ਸੈਂਕੜੇ ਜ਼ਖਮੀ ਹੋਏ। ਇਸ ਬਾਬਤ ਤਤਕਾਲੀਨ ਸੁਰਜੀਤ ਸਿੰਘ ਬਰਨਾਲਾ ਦੀ ਅਕਾਲੀ ਸਰਕਾਰ ਨੇ ਜਾਂਚ ਵਾਸਤੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਸਥਾਪਨਾ ਕੀਤੀ ਸੀ, ਜਿਸ ਦੀ ਰਿਪੋਰਟ ਲੰਮਾ ਸਮਾਂ ਦਬਾ ਕੇ ਰੱਖਣ ਤੋਂ ਬਾਅਦ ਸਾਲ 2001 ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੇਲੇ ਵਿਧਾਨ ਸਭਾ 'ਚ ਪੇਸ਼ ਹੋਈ ਪਰ ਬਾਦਲ ਸਰਕਾਰ ਨੇ ਵੀ ਕੋਈ ਕਾਰਵਾਈ ਕਰਨ ਦੀ ਥਾਂ ਇਸ ਰਿਪੋਰਟ ਨੂੰ ਮੁੜ ਨੱਪ ਲਿਆ। ਲੰਮੀ ਜੱਦੋਜਹਿਦ ਤੋਂ ਬਾਅਦ ਆਖਿਰ ਮੁੜ ਇਸ ਰਿਪੋਰਟ ਨੂੰ ਬਾਹਰ ਲਿਆਉਣ ਵਿਚ ਕਾਮਯਾਬੀ ਮਿਲੀ ਹੈ। ਅਦਾਰਾ "ਅੰਮ੍ਰਿਤਸਰ ਟਾਈਮਜ਼" ਵੱਲੋਂ ਜਸਟਿਸ ਗੁਰਨਾਮ ਸਿੰਘ ਰਿਪੋਰਟ ਦਾ ਹੂਬਹੂ ਉਤਾਰਾ ਪਾਠਕਾਂ ਦੀ ਨਜ਼ਰ ਕੀਤਾ ਜਾ ਰਿਹਾ ਹੈ-ਸੰਪਾਦਕ।**

## ਭਾਗ ਨੌਵਾਂ

(ਲੜੀ ਜੋੜਨ ਲਈ ਪਿਛਲੇ ਅੰਕ ਵੇਖੋ)

70. ਸ੍ਰੀ ਜਸਵੰਤ ਸਿੰਘ ਸਹਾਇਕ ਸਬ ਇੰਸਪੈਕਟਰ ਨੇ ਦੱਸਿਆ ਕਿ ਉਸ ਨੂੰ ਸੱਜੀ ਲੱਤ ਤੇ ਗਿੱਟੇ ਤੋਂ ਉਪਰ ਗੋਲੀ ਨਾਲ ਚੋਟ ਆਈ ਅਤੇ ਉਸ ਦਾ ਮੈਡੀਕਲ ਤੌਰ 'ਤੇ ਮੁਆਇਨਾ ਕੀਤਾ ਗਿਆ ਸੀ ਅਤੇ ਇਹ ਕਿ ਅਜੇ ਤੱਕ ਉਸੀ ਦੀ ਖੱਬੀ ਲੱਤ ਵਿਚ ਬੰਦੂਕ ਦੀ ਗੋਲੀ ਹੈ। ਜਿਸ ਡਾਕਟਰ ਨੇ ਉਸ ਦਾ ਮੁਆਇਨਾ ਕੀਤਾ ਸੀ ਉਸ ਨੇ ਕਿਹਾ ਕਿ ਉਸ ਦੁਆਰਾ ਗੋਲੀ ਦਾ ਛਰ੍ਹਾ ਬਾਹਰ ਨਹੀਂ ਸੀ ਕੱਢਿਆ ਗਿਆ ਅਤੇ ਇਹ ਕਿ ਡਾ.ਡੀ.ਪੀ. ਕਪੂਰ ਦੁਆਰਾ ਸਲਾਹ ਦਿੱਤੀ ਗਈ ਸੀ ਕਿ ਇਸ ਨੂੰ ਬਾਹਰ ਕੱਢਣ ਦੀ ਕੋਈ ਜ਼ਰੂਰਤ ਨਹੀਂ, ਡਾਕਟਰ ਨੇ ਹਰ ਇਹ ਕਿਹਾ ਕਿ ਪਰਛਾਵੇਂ ਵਰਗਾ ਛਰ੍ਹਾ ਕੋਈ ਹੋਰ ਚੀਜ਼ ਵੀ ਹੋ ਸਕਦੀ ਹੈ।

71. ਇਸ ਸਬੰਧ ਵਿਚ ਹਲਫ਼ੀਆ ਬਿਆਨਾਂ ਦੇ ਰੂਪ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਪੇਸ਼ ਕੀਤੇ ਸਬੂਤ ਅਨੁਸਾਰ ਕਿ ਭੀੜ ਵਾਲੇ ਵਿਅਕਤੀ ਹਥਿਆਰਾਂ ਨਾਲ ਲੈਸ ਨਹੀਂ ਸਨ। ਕਮਿਸ਼ਨ ਦੁਆਰਾ ਉਨ੍ਹਾਂ ਵਿਚੋਂ ਕੁਝ ਵਿਅਕਤੀਆਂ ਦੀ ਤਫ਼ਤੀਸ਼ ਕੀਤੀ ਗਈ ਸੀ ਅਤੇ ਉਨ੍ਹਾਂ ਨੇ ਉਸੇ ਹੀ ਤਰ੍ਹਾਂ ਦੇ ਤੱਥ ਦਰਸਾਏ ਸਨ, ਉਨ੍ਹਾਂ ਦੇ ਹਲਫ਼ੀਆ ਬਿਆਨਾਂ ਤੋਂ ਹੋਰ ਇਹ ਵੀ ਪ੍ਰਤੱਖ ਤੱਥ ਹੋਇਆ ਹੈ ਕਿ ਪੁਲਿਸ ਨੇ ਅੰਨ੍ਹੇਵਾਹ ਅਤੇ ਬੇਰਹਿਮੀ ਨਾਲ ਗੋਲੀਆਂ ਚਲਾਈਆਂ ਅਤੇ ਇਹ ਕਿ ਉਨ੍ਹਾਂ ਨੇ ਉਨ੍ਹਾਂ ਕੁਝ ਲੋਕਾਂ ਦਾ ਪਿੱਛਾ ਵੀ ਕੀਤਾ ਜੋ ਕਿ ਨੇੜਲੇ ਘਰਾਂ ਵਿਚ ਪਨਾਹ ਲੈਣ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਇਹ ਕਿ ਲਗਭਗ 300 ਦੇ ਕਰੀਬ ਗੋਲੀਆਂ ਚਲਾਈਆਂ ਗਈਆਂ ਸਨ।

72. ਪੁਲਿਸ ਅਧਿਕਾਰੀ ਜੋ ਕਿ ਫਾਈਰਿੰਗ ਸਮੇਂ ਉਥੇ ਮੌਜੂਦ ਸਨ ਦਾ ਪੱਖ ਇਹ ਸੀ ਕਿ ਭੀੜ ਨਕੋਦਰ ਸ਼ਹਿਰ ਦੇ ਕਰਫਿਊ ਵਾਲੇ ਖੇਤਰ ਵਿਚ ਦਾਖ਼ਲ ਹੋ ਗਈ ਸੀ ਅਤੇ ਅੱਗੇ ਵਧ ਰਹੀ ਸੀ ਜਦੋਂ ਗੋਲੀਆਂ ਚਲਾਉਣ ਦਾ ਹੁਕਮ ਦਿੱਤਾ ਗਿਆ ਸੀ। ਸੀਨੀਅਰ ਪੁਲਿਸ ਕਪਤਾਨ ਸ੍ਰੀ ਆਲਮ ਨੇ ਸਪੱਸ਼ਟ ਤੌਰ 'ਤੇ ਦੱਸਿਆ ਕਿ ਉਥੇ ਬਹੁਤ ਘੱਟ ਸਰਕਾਰੀ ਜਾਇਦਾਦ ਸੀ ਤਾਂ ਉਥੇ ਉਸ ਦੇ ਨੁਕਸਾਨ ਪਹੁੰਚਾਉਣ ਦਾ ਸਵਾਲ ਹੀ ਨਹੀਂ ਸੀ। ਕੋਈ ਸਰਕਾਰੀ ਵਿਅਕਤੀ ਭੀੜ ਹੱਥੋਂ ਜ਼ਖਮੀ ਨਹੀਂ ਸੀ ਹੋਇਆ। ਸਗੋਂ ਉਸ ਸਮੇਂ ਉਥੇ ਕੋਈ ਵੀ ਸਰਕਾਰੀ ਵਿਅਕਤੀ ਹਾਜਰ ਨਹੀਂ ਸੀ। ਭੀੜ ਜਿਸ ਵਿਚ ਸਿੱਖ ਨੌਜਵਾਨ ਸ਼ਾਮਲ ਸਨ ਇਹ ਮੰਗ ਕਰ ਰਹੀ ਸੀ ਕਿ ਉਹ ਪਵਿੱਤਰ ਸੜੀਆਂ ਹੋਈਆਂ ਬੀੜਾਂ ਦੇ ਦਰਸ਼ਨ ਕਰਨ ਲਈ ਗੁਰਦੁਆਰੇ ਜਾਣਗੇ। ਉਸ ਸਮੇਂ, ਵਧੀਕ ਡਿਪਟੀ ਕਮਿਸ਼ਨਰ, ਜੋ ਕਿ ਉਦੋਂ ਡਿਪਟੀ ਕਮਿਸ਼ਨਰ ਵਜੋਂ ਕਾਰਜ ਕਰ ਰਹੇ ਸਨ ਅਤੇ ਐਸ.ਐਸ.ਪੀ. ਜਲੰਧਰ, ਨਕੋਦਰ ਥਾਣੇ ਵਿਚ ਹਾਜ਼ਰ ਸਨ। ਇਹ ਸ੍ਰੀ ਸ਼ਰਮਾ ਦੀ ਗਵਾਹੀ ਵਿਚ ਦਰਸਾਇਆ ਗਿਆ ਹੈ ਕਿ ਉਹ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਨੂੰ ਇਕੱਠ ਅਤੇ ਉਨ੍ਹਾਂ ਦੁਆਰਾ ਦਿੱਤੇ ਭਾਸ਼ਣਾਂ ਬਾਰੇ ਸੂਚਿਤ ਕਰ ਰਿਹਾ ਸੀ, ਪ੍ਰੰਤੂ ਉਸ ਨੂੰ ਉਨ੍ਹਾਂ ਬੁਲਾਰਿਆਂ ਨੂੰ ਹਿਰਾਸਤ ਵਿਚ ਲੈਣ ਲਈ ਕੋਈ ਹਦਾਇਤਾਂ ਨਹੀਂ ਮਿਲੀਆਂ ਸਨ ਜੋ ਭੜਕਾਊ ਭਾਸ਼ਣ ਦੇ ਰਹੇ ਸਨ।

ਸ੍ਰੀ ਸ਼ਰਮਾ ਨੇ ਐਸ.ਐਸ.ਪੀ. ਨੂੰ ਸਟੇਸ਼ਨ ਤੇ ਸੂਚਿਤ ਕੀਤਾ ਕਿ ਭੀੜ ਦਾ ਗੁਰਦੁਆਰਾ ਸਾਹਿਬ ਜਾਣ ਲਈ ਕਰਫਿਊ ਵਾਲੇ ਖੇਤਰ ਵਿਚ ਦਾਖ਼ਲ ਹੋਣਾ ਚਾਹੁੰਦੀ ਸੀ ਪ੍ਰੰਤੂ ਨਾ ਹੀ ਐਸ.ਐਸ.ਪੀ. ਅਤੇ ਨਾ ਹੀ ਜ਼ਿਲ੍ਹਾ ਮੈਜਿਸਟ੍ਰੇਟ ਨੇ



ਉਨ੍ਹਾਂ ਵਿਅਕਤੀਆਂ ਨੂੰ ਹਿਰਾਸਤ ਵਿਚ ਲੈਣ ਬਾਰੇ ਉਸ ਨੂੰ ਕੋਈ ਹਦਾਇਤਾਂ ਜਾਰੀ ਕੀਤੀਆਂ। ਸ੍ਰੀ ਸ਼ਰਮਾ ਅਨੁਸਾਰ ਗੋਲੀ ਦਾ ਹੁਕਮ ਉਦੋਂ ਦਿੱਤਾ ਗਿਆ ਜਦੋਂ ਕਿ ਭੀੜ ਵਿਚਲੇ ਲੋਕਾਂ ਨੇ ਕੁਝ ਪੁਲਿਸ ਕਰਮੀਆਂ ਨੂੰ ਜ਼ਖਮੀ ਕਰ ਦਿੱਤਾ ਅਤੇ ਸਹਾਇਕ ਸਬ ਇੰਸਪੈਕਟਰ ਜਸਵੰਤ ਸਿੰਘ ਨੂੰ ਗੋਲੀ ਦੀ ਚੋਟ ਪਹੁੰਚੀ ਸੀ।

73. ਹੁਣ ਇਹ ਦੇਖਣਾ ਪੈਂਦਾ ਹੈ ਕਿ ਕੀ ਸਹਾਇਕ ਸਬ ਇੰਸਪੈਕਟਰ ਜਸਵੰਤ ਸਿੰਘ ਨੂੰ ਚੋਟ ਅਸਲ ਵਿਚ ਗੋਲੀ ਲੱਗਣ ਨਾਲ ਪਹੁੰਚੀ ਸੀ। ਉਸ ਦਾ ਮੁਆਇਨਾ ਡਾਕਟਰ ਖੁੱਲਰ ਦੁਆਰਾ ਕੀਤਾ ਗਿਆ ਸੀ, ਜਿਸ ਨੇ ਇਹ ਦੱਸਿਆ ਕਿ ਐਕਸਰੇ ਕਰਵਾਉਣ ਦੀ ਸਲਾਹ ਦਿੱਤੀ ਗਈ ਸੀ ਅਤੇ ਐਕਸਰੇ ਕਰਨ ਤੇ ਛਰੇ ਵਰਗਾ ਪ੍ਰਛਾਵਾਂ ਮੌਜੂਦ ਪਾਇਆ ਗਿਆ ਸੀ। ਡਾਕਟਰ ਨੇ ਹੋਰ ਇਹ ਕਿਹਾ ਕਿ ਛਰੇ ਵਰਗਾ ਪ੍ਰਛਾਵਾਂ ਕਿਸੇ ਹੋਰ ਪਦਾਰਥ ਦਾ ਵੀ ਹੋ ਸਕਦਾ ਹੈ। ਐਸ.ਐਚ.ਓ. ਨਕੋਦਰ ਸ੍ਰੀ ਜਸਕੀਰਤ ਸਿੰਘ ਦੀ ਗਵਾਹੀ ਵਿਚ ਇਹ ਦਰਸਾਇਆ ਗਿਆ ਹੈ ਕਿ ਐਗਜ਼ੀਬਿਟ ਪੀ.ਡਬਲਿਊ. 24/ਜੇ ਦੁਆਰਾ ਦੋ ਦੇਸੀ ਪਿਸਤੌਲ, 10 ਬੋਰ ਦੇ 12 ਖਾਲੀ ਕਾਰਤੂਸ, 9 ਐਮ.ਐਸ. ਦੇ 2 ਖਾਲੀ ਕਾਰਤੂਸ ਘਟਨਾ ਸਥਲ ਤੋਂ ਬਰਾਮਦ ਕੀਤੇ ਗਏ। ਕਿਉਂ ਜੋ 2 ਦੇਸੀ ਪਿਸਤੌਲ ਅਤੇ 12 ਖਾਲੀ ਕਾਰਤੂਸ ਬਰਾਮਦ ਹੋ ਚੁੱਕੇ ਸਨ ਤਾਂ ਇਹ ਪੁਲਿਸ ਦੀ ਡਿਊਟੀ ਬਣਦੀ ਸੀ ਕਿ ਸਹਾਇਕ ਸਬ ਇੰਸਪੈਕਟਰ ਜਸਵੰਤ ਦੇ ਜ਼ਖ਼ਮ ਵਿਚੋਂ ਛਰਾ ਕਢਵਾਉਂਦੇ ਅਤੇ ਇਸ ਨੂੰ ਪਿਸਤੌਲਾਂ ਅਤੇ ਬਰਾਮਦ ਕੀਤੇ ਖਾਲੀ ਕਾਰਤੂਸਾਂ ਸਮੇਤ ਫੋਰੈਂਸਿਕ ਸਾਇੰਸ ਲੈਬਾਰਟਰੀ ਨੂੰ ਇਹ ਪਤਾ ਲਾਉਣ ਲਈ ਭੇਜਦੇ ਕਿ ਕੀ ਉਹ ਛਰਾ ਉਨ੍ਹਾਂ ਪਿਸਤੌਲਾਂ ਵਿਚੋਂ ਹੀ ਚਲਾਇਆ ਗਿਆ ਸੀ। ਇਥੋਂ ਤੱਕ ਕਿ ਛਰ੍ਹੇ ਵਰਗੀ ਚੀਜ਼ ਸਹਾਇਕ ਸਬ ਇੰਸਪੈਕਟਰ ਦੇ ਜ਼ਖਮ ਵਿਚੋਂ ਬਾਹਰ ਨਹੀਂ ਕੱਢੀ ਗਈ ਅਤੇ ਇਸ ਤਰ੍ਹਾਂ ਮਾਮਲੇ ਨੂੰ ਹਨ੍ਹੇਰੇ ਵਿਚ ਰੱਖਣ ਦਾ ਯਤਨ ਕੀਤਾ ਗਿਆ ਸੀ। ਇਨ੍ਹਾਂ ਹਾਲਾਤਾਂ ਵਿਚ ਸ਼ੱਕ ਪੈਦਾ ਹੋ ਗਿਆ ਕਿ ਸਹਾਇਕ ਸਬ ਇੰਸਪੈਕਟਰ ਜਸਵੰਤ ਸਿੰਘ ਦਾ ਜ਼ਖਮ ਗੋਲੀ ਦਾ ਜ਼ਖਮ ਸੀ, ਬਰਾਮਦ ਕੀਤੇ ਦੋ ਦੇਸੀ ਪਿਸਤੌਲ ਅਤੇ 12 ਖਾਲੀ ਕਾਰਤੂਸ ਵੀ ਜਾਅਲੀ ਜਾਪਦੇ ਹਨ , ਕਿਉਂਕਿ ਘਟਨਾ ਸਥਾਨ ਤੋਂ ਗ੍ਰਿਫ਼ਤਾਰ ਕੀਤੇ ਹਰੇਕ ਵਿਅਕਤੀ ਲਾਠੀ ਜਾਂ ਤਲਵਾਰ ਨਾਲ ਲੈਸ ਦਰਸਾਇਆ ਗਿਆ ਹੈ। ਇਹ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਕਿ ਭੀੜ ਵਾਲੇ ਵਿਅਕਤੀ ਭੱਜਦੇ ਸਮੇਂ ਵੇਲੇ ਘਟਨਾ ਸਥਾਨ 'ਤੇ ਦੇਸੀ ਪਿਸਤੌਲ ਅਤੇ ਖਾਲੀ ਕਾਰਤੂਸ ਛੱਡ ਗਏ ਸਨ। ਸਹਾਇਕ ਸਬ ਇੰਸਪੈਕਟਰ ਜਸਵੰਤ ਸਿੰਘ ਤੋਂ ਇਲਾਵਾ ਤਿੰਨ ਪੁਲਿਸ ਅਧਿਕਾਰੀਆਂ ਤੇ ਵੀ ਦੋਸ਼ ਲਗਦਾ ਹੈ ਕਿ ਉਨ੍ਹਾਂ ਨੂੰ ਚੋਟਾਂ ਆਈਆਂ ਹਨ ਅਤੇ ਉਹ ਇੰਸਪੈਕਟਰ ਹਰਿੰਦਰਪਾਲ ਸਿੰਘ, ਕਾਂਸਟੇਬਲ ਜੀਤ ਰਾਮ ਅਤੇ ਕਾਂਸਟੇਬਲ ਜਸਵੰਤ ਸਿੰਘ, ਇੰਸਪੈਕਟਰ ਹਰਿੰਦਰਪਾਲ ਸਿੰਘ ਨੂੰ ਕੇਵਲ ਇਕ ਮਾਮੂਲੀ ਜਿਹੀ ਚੋਟ ਸੀ ਜੋ ਕਿ ਡਾਕਟਰ ਦੇ ਅਨੁਸਾਰ ਡਿੱਗਣ ਨਾਲ ਜਾਂ ਲਾਠੀ ਨਾਲ ਲੱਗੀ ਹੋ ਸਕਦੀ ਹੈ। ਇਸੇ ਤਰ੍ਹਾਂ ਹੀ ਕਾਂਸਟੇਬਲ ਜੀਤ ਰਾਮ ਅਤੇ ਕਾਂਸਟੇਬਲ ਜਸਵੰਤ ਸਿੰਘ ਦੀਆਂ ਚੋਟਾਂ ਵੀ ਗੰਭੀਰ ਕਿਸਮ ਦੀਆਂ ਨਹੀਂ ਸਨ। ਜ਼ਖ਼ਮੀ ਪੁਲਿਸ ਅਧਿਕਾਰੀਆਂ ਦੀਆਂ ਚੋਟਾਂ ਲਾਠੀਆਂ ਨਾਲ ਲੱਗੀਆਂ ਨਹੀਂ ਹੋ ਸਕਦੀਆਂ, ਕਿਉਂ ਜੋ ਜਦੋਂ ਗੋਲੀਆਂ ਚਲਾਉਣ ਦਾ ਹੁਕਮ ਦਿੱਤਾ ਗਿਆ ਅਤੇ ਅੱਥਰੂ ਗੈਸ ਦੇ ਗੋਲੇ ਸੁੱਟੇ ਗਏ ਸਨ ਤਾਂ ਭੀੜ ਅਤੇ ਸੁਰੱਖਿਆ ਬਲਾਂ ਵਿਚਕਾਰ ਫਾਸਲਾ 15 ਤੋਂ 20 ਗਜ਼ ਦਾ ਸੀ।

ਇਸ ਲਈ ਇਹ ਜ਼ਖਮ ਇੱਟਾਂ ਰੋੜਿਆਂ ਦੇ ਹੋ ਸਕਦੇ ਹਨ। ਇਹ ਵਿਸ਼ਵਾਸ਼ ਨਹੀਂ ਕੀਤਾ ਜਾ ਸਕਦਾ ਕਿ ਭੀੜ ਦੇ ਮੈਂਬਰ ਨੇ ਆਪਣੇ ਨਾਲ ਇੱਟਾਂ ਰੋੜੇ ਲਿਆਂਦੇ ਸਨ। ਉਥੇ ਪੱਕੀ ਸੜਕ 'ਤੇ ਇੱਟਾਂ ਰੋੜੇ ਉਪਲਬਧ ਨਹੀਂ ਸਨ। ਸ੍ਰੀ ਜਸਕੀਰਤ ਸਿੰਘ ਸਟੇਸ਼ਨ ਹੈਡ ਆਫਿਸਰ ਨੇ ਉਸ ਥਾਂ ਤੋਂ 200 ਇੱਟਾਂ ਰੋੜੇ ਅਤੇ ਪੱਥਰ ਬਰਾਮਦ ਕੀਤੇ ਸਨ। ਹੋਰ ਵੀ, ਉਸ ਨੇ 12 ਬੋਰ ਦੀਆਂ 2 ਦੇਸੀ ਪਿਸਤੌਲਾਂ, 12 ਬੋਰ ਦੇ ਦੋ 10 ਖਾਲੀ ਕਾਰਤੂਸ, 9 ਐਮ.ਐਮ. ਦੇ 2 ਖਾਲੀ ਕਾਰਤੂਸ, 6 ਕਿਰਪਾਨਾਂ ਅਤੇ 5 ਲਾਠੀਆਂ ਵੀ ਬਰਾਮਦ ਕੀਤੀਆਂ। ਇਸ ਗੱਲ ਦਾ ਕੋਈ ਵੀ ਸਬੂਤ ਨਹੀਂ ਹੈ ਕਿ ਭੀੜ ਵਲੋਂ ਕਈ ਗੋਲੀਆਂ ਚਲਾਈਆਂ ਗਈਆਂ ਸਨ। ਇਸ ਦੇ ਉਲਟ ਇਹ ਹੈ ਕਿ ਕੇਵਲ ਇਕ ਹੀ ਗੋਲੀ ਚਲਾਈ ਗਈ ਸੀ ਜਿਸ ਨੇ ਸਹਾਇਕ ਸਬ ਇੰਸਪੈਕਟਰ ਜਸਵੰਤ ਸਿੰਘ ਨੂੰ ਜ਼ਖਮੀ ਕੀਤਾ ਸੀ। ਇਹ ਵਿਸ਼ਵਾਸ ਕਰਨਾ ਮੁਸ਼ਕਲ ਹੈ ਕਿ ਭੱਜੇ ਜਾਂਦੇ ਭੀੜ ਦੇ ਮੈਂਬਰ ਵਾਰਦਾਤ ਵਾਲੀ ਥਾਂ 'ਤੇ ਦੋ ਪਿਸਤੌਲ, 12 ਬੋਰ ਦੇ10 ਖਾਲੀ ਕਾਰਤੂਸ, 9 ਐਮ.ਐਮ. ਦੇ ਖਾਲੀ ਕਾਰਤੂਸ, 6 ਕਿਰਪਾਨਾਂ ਅਤੇ 5 ਲਾਠੀਆਂ ਛੱਡ ਗਏ ਸਨ। ਜਿਸ ਫੁਰਤੀ ਨਾਲ ਇਹ ਸਾਰੇ ਬਰਾਮਦ ਕੀਤੇ ਗਏ, ਉਸ ਤੋਂ ਸ਼ੰਕੇ ਪੈਦਾ ਹੁੰਦੇ ਹਨ। ਦੋਨਾਂ ਦੀ ਕਿਸਮ ਨੂੰ ਕੁਝ ਹੋਰ ਦੂਜੇ ਹਾਲਾਤ ਨਾਲ ਜੋੜਨ ਨਾਲ ਇਸ ਗੱਲ ਦਾ ਸੰਕੇਤ ਮਿਲਦਾ ਹੈ ਕਿ ਇਹ ਸਾਰਾ ਕੁਝ ਪੁਲਿਸ ਦੀ ਕਾਰਵਾਈ ਨੂੰ ਉਚਿਤ ਠਹਿਰਾਉਣ ਲਈ ਬਾਅਦ ਦੀ ਕਾਰਵਾਈ ਹੈ। ਇਥੋਂ ਤੱਕ ਕਿ ਜੇਕਰ ਭੀੜ ਦੇ ਮੈਂਬਰਾਂ ਨੇ ਇੱਟਾਂ ਰੋੜੇ ਮਾਰੇ ਸਨ ਜਾਂ ਤਾਕਤ ਦੀ ਵਰਤੋਂ ਕੀਤੀ ਸੀ ਤਾਂ ਵੀ ਕਾਨੂੰਨ ਦੀ ਲੋੜ ਇਸ ਗੱਲੋਂ ਸੀ ਕਿ ਜੇਕਰ ਭੀੜ ਦੁਆਰਾ ਸ਼ਾਂਤੀ ਭੰਗ ਕਰਨ ਦੀ ਸੰਭਾਵਨਾ ਸੀ ਤਾਂ ਇਸ ਨੂੰ ਖਿੰਡਾਉਣ ਲਈ ਹੁਕਮ ਦਿੱਤਾ ਜਾਣਾ ਚਾਹੀਦਾ ਸੀ ਅਤੇ ਜੇਕਰ ਉਹ ਨਾ ਖਿੰਡਣ ਲਈ ਬਜ਼ਿੱਦ ਸਨ ਤਾਂ ਉਨ੍ਹਾਂ ਨੂੰ ਤਾਕਤ ਨਾਲ ਖਿੰਡਾਉਣਾ ਚਾਹੀਦਾ ਸੀ ਅਤੇ ਜੇਕਰ ਜ਼ਰੂਰੀ ਹੁੰਦਾ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਨਜ਼ਰਬੰਦ ਕੀਤਾ ਜਾ ਸਕਦਾ ਸੀ। ਗੋਲੀਆਂ ਚੱਲਣ ਤੋਂ ਬਾਅਦ 20 ਵਿਅਕਤੀਆਂ ਨੂੰ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਨੂੰ ਪਹਿਲਾਂ ਗ੍ਰਿਫ਼ਤਾਰ ਕਰਨ ਵਿਚ ਵੀ ਮੁਸ਼ਕਲ ਸੀ। ਉਨ੍ਹਾਂ ਨੂੰ ਪਹਿਲਾਂ ਗ੍ਰਿਫ਼ਤਾਰ ਕਰਨ ਦਾ ਕੋਈ ਤਰਕਸੰਗਤ ਕਾਰਨ ਨਹੀਂ ਸੀ ਦਰਸਾਇਆ ਗਿਆ। ਭੀੜ ਨੂੰ ਗੈਰ-ਕਾਨੂੰਨੀ ਐਲਾਨਿਆ ਜਾ ਸਕਦਾ ਸੀ ਅਤੇ ਨੇਤਾ ਗ੍ਰਿਫ਼ਤਾਰ ਕੀਤੇ ਜਾ ਸਕਦੇ ਹਨ। ਦੋ ਫੋਟੋਆਂ ਇਹ ਦਰਸਾਉਣ ਲਈ ਪੇਸ਼ ਕੀਤੀਆਂ ਗਈਆਂ ਸਨ ਕਿ ਭੀੜ ਦੇ ਮੈਂਬਰਾਂ ਕੋਲ ਹਥਿਆਰ ਅਤੇ ਲਾਠੀਆਂ ਸਨ। ਇਕ ਫੋਟੋ ਵਿਚ ਉਹ ਬੈਠੇ ਹੋਏ ਦਿਖਾਏ ਗਏ ਹਨ। ਇਥੋਂ ਤੱਕ ਕਿ ਜੇਕਰ ਭੀੜ ਨੇ ਲਾਠੀਆਂ ਚੁੱਕੀਆਂ ਹੋਈਆਂ ਸਨ ਤਾਂ ਸੁਰੱਖਿਆ ਬਲ ਜੋ ਕਿ ਰਾਈਫਲਾਂ ਨਾਲ ਲੈਸ ਸਨ, ਉਨ੍ਹਾਂ ਨੂੰ ਕਾਬੂ ਕਰ ਸਕਦੇ ਸਨ ਅਤੇ ਜੇਕਰ ਉਹ ਅਜਿਹਾ ਕਰਨ ਤੋਂ ਰੋਕਦੇ ਅਤੇ ਹਿੰਸਕ ਹੋ ਜਾਂਦੇ ਤਾਂ ਉਨ੍ਹਾਂ ਵਿਰੁੱਧ ਤਾਕਤ ਦੀ ਵਰਤੋਂ ਕੀਤੀ ਜਾ ਸਕਦੀ ਸੀ। ਪੁਲਿਸ ਅਧਿਕਾਰੀ ਜੋ ਘਟਨਾ ਸਥਾਨ 'ਤੇ ਹਾਜ਼ਰ ਸਨ, ਦੇ ਹਲਫ਼ੀਆ ਬਿਆਨਾਂ ਨੂੰ ਵਾਚਣ ਤੋਂ ਬਾਅਦ ਇਹ ਸਾਬਿਤ ਹੁੰਦਾ ਹੈ ਕਿ ਇਕੱਠ ਨੂੰ ਗੈਰਕਾਨੂੰਨੀ ਘੋਸ਼ਿਤ ਕੀਤਾ ਗਿਆ ਸੀ, ਨਾ ਕਿ ਉਨ੍ਹਾਂ ਦੇ ਖਿੰਡ ਜਾਣ ਲਈ ਕਿਹਾ ਗਿਆ ਸੀ। ਵਾਰਦਾਤ ਦੇ ਸਥਾਨ 'ਤੇ ਭੀੜ ਦੇ ਕਿਸੇ ਵੀ ਆਗੂ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ ਸੀ।

74. ਐਸ.ਪੀ. ਸ੍ਰੀ ਏ.ਕੇ. ਸ਼ਰਮਾ, ਇੰਸਪੈਕਟਰ ਜਸਕੀਰਤ ਸਿੰਘ, ਉਸ ਵੇਲੇ ਨਕੋਦਰ ਦੇ ਐਸ.ਐਚ.ਓ ਅਤੇ ਇੰਸਪੈਕਟਰ ਹਰਿੰਦਰਪਾਲ ਸਿੰਘ ਦੁਆਰਾ ਮੰਨੇ ਗਏ ਅਨੁਸਾਰ ਸੁਰੱਖਿਆ ਬਲਾਂ ਅਤੇ ਭੀੜ ਦੇ ਦਰਮਿਆਨ 15-20 ਗਜ਼ ਦਾ ਫਾਸਲਾ ਸੀ, ਜਦੋਂ ਗੋਲੀ ਚਲਾਉਣ ਦਾ ਸਹਾਰਾ ਲਿਆ ਗਿਆ ਸੀ । ਪੰਜਾਬ ਪੁਲਿਸ ਨਿਯਮਾਂਵਲੀ 1934, ਜਿਲਦ 2 ਵਿਚਲੇ ਨਿਯਮ 14.56 ਵਿਚ ਭੀੜ ਦੇ ਖਿਲਾਫ਼ ਪੁਲਿਸ ਤਾਕਤ ਦੀ ਵਰਤੋਂ ਕਰਨ ਸਬੰਧੀ ਹਦਾਇਤਾਂ ਦਿੱਤੀਆਂ ਗਈਆਂ ਹਨ। ਇਸ ਨਿਯਮ ਵਿਚ ਦਰਸਾਇਆ ਗਿਆ ਹੈ ਕਿ ਜਦੋਂ ਮੈਜਿਸਟ੍ਰੇਟ ਹਾਜ਼ਰ ਹੁੰਦਾ ਹੈ ਜਾਂ ਬਿਨਾ ਅਜਿਹੀ ਦੇਰ ਦੇ, ਜੇ ਹਾਲਾਤ ਖਤਰੇ ਵਾਲੇ ਬਣਾ ਦੇਣ, ਉਸ ਮੈਜਿਸਟ੍ਰੇਟ ਨੂੰ ਸੂਚਿਤ ਕੀਤਾ ਜਾ ਸਕਦਾ ਹੈ, ਉਸ ਸੂਰਤ ਵਿਚ ਅਜਿਹੇ ਮੈਜਿਸਟ੍ਰੇਟ ਦੇ ਹੁਕਮਾਂ ਤੋਂ ਬਿਨਾ ਭੀੜ ਨੂੰ ਤਿਤਰ ਬਿਤਰ ਕਰਨ ਲਈ ਨਾ ਤਾਂ ਅਸੈਂਬਲੀ ਹੀ ਬੁਲਾਈ ਜਾ ਸਕਦੀ ਹੈ ਅਤੇ ਨਾ ਹੀ ਤਾਕਤ ਦੀ ਵਰਤੋਂ ਕੀਤੀ ਜਾ ਸਕਦੀ ਹੈ। ਜਿਵੇਂਕਿ ਉਪਰ ਦਰਸਾਇਆ ਗਿਆ ਹੈ ਜ਼ਿਲ੍ਹਾ ਜੱਜ, ਪੁਲਿਸ ਸਟੇਸ਼ਨ ਨਕੋਦਰ, ਜੋ ਕਿ ਸ਼ੇਰਪੁਰ ਪੁਲ ਤੋਂ ਇਕ ਕਿਲੋਮੀਟਰ ਤੱਕ ਦੇ ਨੇੜੇ ਦੇ ਫਾਸਲੇ 'ਤੇ ਹੈ, ਵਿਖੇ ਮੌਜੂਦ ਸੀ। ਪ੍ਰੰਤੂ ਸ੍ਰੀ ਏ.ਕੇ. ਸ਼ਰਮਾ ਸੁਪਰਡੈਂਟ ਪੁਲਿਸ (ਅਪਰੇਸ਼ਨਜ਼) ਨੇ ਜ਼ਿਲ੍ਹਾ ਜੱਜ ਤੋਂ ਵਾਇਰਲੈਸ ਰਾਹੀਂ ਆਗਿਆ ਨਹੀਂ ਸੀ ਲਈ। ਉਸ ਨੇ ਦੱਸਿਆ ਹੈ, ਕਿ ਉਸ ਸਮੇਂ ਮੈਂ ਜ਼ਿਲ੍ਹਾ ਜੱਜ ਤੋਂ ਵਾਇਰਲੈਸ 'ਤੇ ਆਗਿਆ ਇਸ ਲਈ ਨਹੀਂ ਲਈ ਕਿਉਂ ਜੋ ਇਹ ਸੰਭਵ ਨਹੀਂ ਸੀ। ਸ੍ਰੀ ਏ.ਕੇ. ਸ਼ਰਮਾ ਨੇ ਇਹ ਵੀ ਦੱਸਿਆ ਕਿ ਐਸ.ਐਸ.ਪੀ. ਅਤੇ ਜ਼ਿਲ੍ਹਾ ਮੈਜਿਸਟ੍ਰੇਟ ਨੇ ਸ਼ਹਿਰ ਵਿਚ ਦਾਖਲ ਹੋਣ ਦੀ ਇੱਛਾ ਰੱਖਣ ਵਾਲੇ ਵਿਅਕਤੀਆਂ ਨੂੰ ਹਿਰਾਸਤ ਵਿਚ ਲੈਣ ਲਈ ਕੋਈ ਹਦਾਇਤਾਂ ਨਹੀਂ ਦਿੱਤੀਆਂ ਸਨ ਅਤੇ ਉਸ ਨੇ ਆਪਣੇ ਆਪ ਕਿਸੇ ਵਿਅਕਤੀ ਨੂੰ ਗ੍ਰਿਫ਼ਤਾਰ ਨਹੀਂ ਸੀ ਕੀਤਾ। ਸ੍ਰੀ ਸ਼ਰਮਾ ਨੇ ਭੀੜ 'ਤੇ ਗੋਲੀ ਚਲਾਉਣ ਤੋਂ ਪਹਿਲਾਂ ਜ਼ਿਲ੍ਹਾ ਮੈਜਿਸਟ੍ਰੇਟ ਦੀ ਆਗਿਆ ਨਹੀਂ ਸੀ ਲਈ। ਪੁਲਿਸ ਨਿਯਮਾਂ ਵਿਚ ਇਹ ਲੋੜੀਂਦਾ ਹੈ ਕਿ ਗੈਰ ਕਾਨੂੰਨੀ ਇਕੱਠ ਘੋਸ਼ਿਤ ਕਰਨ ਅਤੇ ਇਉਂ ਭੀੜ ਨੂੰ ਖਿੰਡਾਉਣ ਤੋਂ ਪਹਿਲਾਂ ਚਿਤਾਵਨੀਆਂ ਅਤੇ ਭਾਸ਼ਣਾਂ ਰਾਹੀਂ, ਪ੍ਰੇਰਨਾਵਾਂ ਦੁਆਰਾ ਭੀੜ ਨੂੰ ਤਿਤਰ ਬਿਤਰ ਕਰਨ ਦੇ ਸਾਰੇ ਯਤਨ ਕਰ ਲੈਣੇ ਚਾਹੀਦੇ ਹਨ। ਚਲਦੇ ਕੇਸ ਵਿਚ ਸ੍ਰੀ ਏ.ਕੇ. ਸ਼ਰਮਾ ਨੂੰ ਵਧੀਕ ਜ਼ਿਲ੍ਹਾ ਜੱਜ ਨੂੰ ਘਟਨਾ ਸਥਾਨ 'ਤੇ ਪਹੁੰਚਣ ਲਈ ਬੇਨਤੀ ਕਰਨੀ ਚਾਹੀਦੀ ਸੀ ਜਾਂ ਗੋਲੀਆਂ ਚਲਾਉਣ ਲਈ ਵਾਇਰਲੈਸ 'ਤੇ ਹੁਕਮ ਲੈਣੇ ਚਾਹੀਦੇ ਸਨ। ਇੱਥੇ ਹਾਲਾਤ ਅਜਿਹੇ ਨਹੀਂ ਸਨ ਕਿ ਉਥੇ ਵਧੀਕ ਜ਼ਿਲ੍ਹਾ ਜੱਜ ਨੂੰ ਸੰਪਰਕ ਕਰਨ ਲਈ ਕੋਈ ਸਮਾਂ ਨਹੀਂ ਸੀ। ਭੀੜ ਇਕ ਨਿਸ਼ਚਿਤ ਦੂਰੀ 'ਤੇ ਸੀ, ਜਦੋਂ ਗੋਲੀ ਚਲਾਉਣ ਦਾ ਹੁਕਮ ਦਿੱਤਾ ਗਿਆ ਅਤੇ ਇਸ ਤਰ੍ਹਾਂ ਹਾਲਾਤ ਅਜਿਹੇ ਨਹੀਂ ਸੀ ਕਿ ਐਸ.ਪੀ. (ਆਪ੍ਰੇਸ਼ਨ) ਵਧੀਕ ਜ਼ਿਲ੍ਹਾ ਜੱਜ ਨਾਲ ਸੰਪਰਕ ਨਹੀਂ ਸੀ ਕਰ ਸਕਦਾ। ਹੋਰ ਵੀ ਕਿ ਭੀੜ ਨੂੰ ਤਿਤਰ ਬਿਤਰ ਕਰਨ ਸਬੰਧੀ ਕੋਈ ਚਿਤਾਵਨੀ ਵੀ ਨਹੀਂ ਦਿੱਤੀ ਗਈ ਸੀ ਅਤੇ ਨਾ ਹੀ ਐਸ.ਪੀ. (ਓਪ੍ਰੇਸ਼ਨ) ਸ੍ਰੀ ਏ.ਕੇ. ਸ਼ਰਮਾ ਦੁਆਰਾ ਭਾਸ਼ਣ ਰਾਹੀਂ ਕੋਈ ਪ੍ਰੇਰਨਾ ਹੀ ਦਿੱਤੀ ਗਈ ਸੀ। ਇਸ ਤਰ੍ਹਾਂ ਭੀੜ ਨੂੰ ਤਿਤਰ ਬਿਤਰ ਕਰਨ ਸਬੰਧੀ ਇਹ ਹੁਕਮ ਦੀ ਅਦੂਲੀ ਵਾਲਾ ਮਾਮਲਾ ਨਹੀਂ ਹੈ। ਹੋਰ, ਪੁਲਿਸ ਨਿਯਮਾਂ ਅਨੁਸਾਰ ਇਹ ਲੋੜੀਂਦਾ ਹੈ ਕਿ ਵਰਤੋਂ ਵਿਚ ਲਿਆਉਣ ਵਾਲੀ ਤਾਕਤ ਦੀ ਮਾਤਰਾ ਘੱਟ ਤੋਂ ਘੱਟ ਹੋਵੇਗੀ, ਭੀੜ ਦੇ ਪ੍ਰਭਾਵਸ਼ਾਲੀ ਖਿੰਡਰਨ ਵਾਸਤੇ ਅਤੇ ਅਜਿਹੀਆਂ ਗ੍ਰਿਫ਼ਤਾਰੀਆਂ, ਜੋ ਲੋੜੀਂਦੀਆ ਹੋਣ, ਕਰਨ ਵਾਸਤੇ ਲੋੜੀਂਦੀ ਤਾਕਤ ਦੀ ਮਾਤਰਾ ਬਾਰੇ ਫੈਸਲਾ ਇਕ ਜ਼ਿੰਮੇਵਾਰ ਅਧਿਕਾਰੀ ਦੁਆਰਾ ਕੀਤਾ ਜਾ ਸਕਦਾ ਹੈ। ਹੋਰ, ਪੁਲਿਸ ਨਿਯਮਾਂ ਅਨੁਸਾਰ ਇਹ ਵੀ ਲੋੜੀਂਦਾ ਹੈ ਕਿ ਜਦੋਂ ਪੁਲਿਸ ਅਧਿਕਾਰੀ ਗੋਲੀ ਚਲਾਉਣੀ ਜ਼ਰੂਰੀ ਸਮਝਦਾ ਹੈ ਤਾਂ ਉਸ ਲਈ ਲੋਕਾਂ ਨੂੰ ਇਹ ਚਿਤਾਵਨੀ ਦੇਣੀ ਬਣਦੀ ਹੈ ਕਿ ਜੇਕਰ ਉਹ ਤੁਰੰਤ ਤਿਤਰ ਬਿਤਰ ਨਾ ਹੋਏ ਤਾਂ ਉਨ੍ਹਾਂ 'ਤੇ ਜਾਨ ਲੈਣ ਵਾਲੇ ਅਸਲੀ ਗੋਲੀ ਸਿੱਕੇ ਦੀ ਵਰਤੋਂ ਕਰਦੇ ਹੋਏ ਗੋਲੀਆਂ ਚਲਾ ਦਿੱਤੀਆਂ ਜਾਣਗੀਆਂ। ਪੁਲਿਸ ਨਿਯਮਾਂ ਅਨੁਸਾਰ ਇਹ ਵੀ ਲੋੜੀਂਦਾ ਹੈ ਕਿ ਜਿੰਨੀਆਂ ਵੀ ਗੋਲੀਆਂ ਚਲਾਉਣ ਦਾ ਹੁਕਮ ਦਿੱਤਾ ਜਾਂਦਾ ਹੈ, ਇਹ ਘੱਟ ਤੋਂ ਘੱਟ ਪ੍ਰਭਾਵ ਸਹਿਤ ਚਲਾਈਆਂ ਜਾਣਗੀਆਂ, ਨਿਸ਼ਾਨਾ ਘੱਟ ਪ੍ਰਭਾਵਕਾਰੀ ਰੱਖਿਆ ਜਾਵੇ ਅਤੇ ਭੀੜ ਦੇ ਸਭ ਤੋਂ ਜ਼ਿਆਦਾ ਖਤਰੇ ਵਾਲੇ ਹਿੱਸੇ ਵੱਲ ਸੇਧਿਆ ਜਾਵੇਗਾ ਅਤੇ ਕਿਸੇ ਵੀ ਹਾਲਾਤ ਵਿਚ ਗੋਲੀਆਂ ਭੀੜ ਵਾਲੇ ਲੋਕਾਂ ਦੇ ਸਿਰਾਂ ਅਤੇ ਮੱਥਿਆਂ ਦੇ ਨੇੜੇ ਮਾਰਨ ਦੀ ਵੀ ਇਜਾਜ਼ਤ ਨਹੀਂ ਹੋਵੇਗੀ। ਸ੍ਰੀ ਏ.ਕੇ. ਸ਼ਰਮਾ ਨੇ ਦੱਸਿਆ ਕਿ ਉਸ ਨੇ ਸਭ ਤੋਂ ਵੱਧ ਅਤੇ (ਇੰਤਹਾਈ) ਕਿਸਮ ਦੀ ਜ਼ਰੂਰਤ ਸਮੇਂ ਅਤੇ ਕੇਵਲ ਉਸ ਦੇ ਆਪਣੇ ਹੁਕਮਾਂ ਅਧੀਨ ਪ੍ਰਭਾਵਕਾਰੀ ਗੋਲੀਆਂ ਚਲਾਉਣ ਦਾ ਹੁਕਮ ਦਿੱਤਾ ਸੀ। ਗੋਲੀਆਂ ਚਲਾਉਣ ਦੇ ਨਤੀਜੇ ਵਜੋਂ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਡਾ. ਧਰਮਪਾਲ ਕਪੂਰ ਨੇ ਦੱਸਿਆ ਕਿ ਇਕ ਲਾਸ਼ ਦੇ ਪੋਸਟ ਮਾਰਟਮ 'ਚ ਕੇਵਲ ਇਕ ਹੀ ਜਖ਼ਮ ਦਾ ਨਿਸ਼ਾਨ ਸੀ ਜੋ ਕਿ ਮੌਤ ਦੇ ਕਾਰਨ ਲਈ ਕਾਫ਼ੀ ਸੀ ਅਤੇ ਇਹ ਮੌਤ ਗੋਲੀ ਲੱਗਣ ਨਾਲ ਹੋਈ ਸੀ। ਇਹ ਗੱਲ-ਪੱਠੇ (ਥਾਈਰਾਈਡ ਕਾਰਟੀਨੇਜ) ਤੋਂ 3 ਸੈਂ.ਮੀ. ਹੇਠਾਂ ਅਤੇ ਮੈਨਬ੍ਰੀਯਮ ਸਟੇਰਨੀ ਤੋਂ 2 ਸੈ.ਮੀ. ਉਪਰ ਧੌਣ (ਗਰਦਨ) ਦੇ ਹੇਠਲੇ ਹਿੱਸੇ ਦੀ ਸਾਹਮਣੇ ਵਾਲੀ ਥਾਂ ਉਪਰ ਪਾਈ ਜਾਂਦੀ ਹੈ। ਡਾ. ਪਾਲ ਸਿੰਘ ਨੇ ਬਲਬੀਰ ਸਿੰਘ ਦੀ ਲਾਸ਼ ਦਾ ਪੋਸਟਮਾਰਟਮ ਕੀਤਾ ਸੀ ਅਤੇ ਉਸ ਨੇ ਇਹ ਦੱਸਿਆ ਕਿ ਮੌਤ ਸੱਟ ਨੰਬਰ 1 ਦੇ ਕਾਰਨ ਹੋਈ ਸੀ ਅਤੇ ਜ਼ਖ਼ਮ ਸੱਜੇ ਐਟ੍ਰੀਅਮ ਦੇ ਜ਼ਰੀਏ ਲੰਘਿਆ ਅਤੇ ਫਿਰ ਖੱਬੇ ਐਟ੍ਰੀਅਮ ਤੱਕ ਗਿਆ। ਡਾ. ਪਾਲ ਸਿੰਘ ਨੇ ਹਰਵਿੰਦਰ ਸਿੰਘ ਦੀ ਲਾਸ਼ ਦਾ ਪੋਸਟ ਮਾਰਟਮ ਕੀਤਾ ਸੀ ਜਿਸ ਦੀ ਮੌਤ ਸੱਟ ਨੰ. 3 ਦੇ ਨਤੀਜੇ ਵਜੋਂ ਹੋਈ ਸੀ, ਜੋ ਕਿ ਗੋਲੀ ਲੱਗਣ ਕਰਕੇ ਹੋਈ ਸੀ ਅਤੇ ਇਹ ਸੱਟ ਜਬਾੜੇ 'ਤੇ ਸੀ। ਚੌਥਾ ਵਿਅਕਤੀ ਜਿਸ ਦਾ ਨਾਂ ਪੋਸਟ ਮਾਰਟਮ ਸਮੇਂ ਪਤਾ ਲੱਗਿਆ ਸੀ, ਨੂੰ ਵੀ ਖੱਬੀ ਪੱਸਲੀ ਦੇ ਵਿਚਕਾਰਲੇ ਪਾਸੇ ਤੇ ਇਕ ਗੋਲੀ ਲੱਗਣ ਦੀ ਸੱਟ ਸੀ।

**(ਬਾਕੀ ਅਗਲੇ ਅੰਕ 'ਚ)**

## ਸ਼ਹੀਦ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਿਆਂ ਦੇ ਮਾਤਾ ਸੁਰਜੀਤ ਕੌਰ ਦਾ ਅਕਾਲ ਚਲਾਣਾ

**ਸੰਗਰੂਰ/ਏਟੀ ਨਿਊਜ਼ :** ਸਿੱਖ ਸੰਘਰਸ਼ ਦੇ ਯੋਧੇ ਸ਼ਹੀਦ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਦੇ ਸਤਿਕਾਰਯੋਗ ਮਾਤਾ ਸੁਰਜੀਤ ਕੌਰ ਜੀ ਇਸ ਫਾਨੀ ਸੰਸਾਰ ਅਲਵਿਦਾ ਕਹਿ ਗਏ। ਮਾਤਾ ਜੀ ਦਾ ਇਸ ਸੰਸਾਰ ਤੋਂ ਜਾਣਾ ਜਿੱਥੇ ਪਰਿਵਾਰ ਲਈ



ਵੱਡਾ ਘਾਟਾ ਹੈ, ਉਥੇ ਪੂਰੀ ਦੁਨੀਆ ਵਿੱਚ ਵਸਦੇ ਸਿੱਖਾਂ ਨੂੰ ਵੀ ਇਸ ਖਬਰ ਨਾਲ ਬਹੁਤ ਦੁੱਖ ਪਹੁੰਚਿਆ ਹੈ। ਮਾਤਾ ਸੁਰਜੀਤ ਕੌਰ ਬੇਸ਼ੱਕ ਦੁਨਿਆਵੀ ਤੌਰ 'ਤੇ ਕੌਮ ਦੇ ਮਹਾਨ ਸੰਘਰਸ਼ੀ ਯੋਧੇ ਜਥੇਦਾਰ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਦੇ ਸਤਿਕਾਰਯੋਗ ਮਾਤਾ ਜੀ ਸਨ ਪਰ ਉਹ ਪੂਰੇ ਸੰਘਰਸ਼ੀ ਯੋਧਿਆਂ ਦੇ ਮਾਤਾ ਵੀ ਸਨ। ਇਨ੍ਹਾਂ ਸਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਯੂਨਿਟ ਦੇ ਕਨਵੀਨਰ ਸ. ਬੂਟਾ ਸਿੰਘ ਖੜੌਦ, ਸ. ਸੁਰਜੀਤ ਸਿੰਘ ਕੁਲਾਰ ਪ੍ਰਧਾਨ, ਸ. ਜੀਤ ਸਿੰਘ ਆਲੋਅਰਖ ਕੌਮੀ ਜਨਰਲ ਸਕੱਤਰ, ਸ. ਮੱਖਣ ਸਿੰਘ ਕਲੇਰ ਜਨਰਲ ਸਕੱਤਰ, ਸ. ਰੁਪਿੰਦਰ ਸਿੰਘ ਬਾਠ ਸਕੱਤਰ ਜਨਰਲ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਨੇ ਕੀਤਾ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਦੀ ਪੂਰੀ ਜਥੇਬੰਦੀ, ਜਿੱਥੇ ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਖੜ੍ਹੀ ਹੈ ਉਥੇ ਵਹਿਗੁਰੂ ਅੱਗੇ ਅਰਦਾਸ ਕਰਦੀ ਹੈ ਕਿ ਵਹਿਗੁਰੂ ਸੰਘਰਸ਼ੀ ਯੋਧੇ ਦੀ ਮਾਤਾ ਜੀ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ।

## ਸੈਲਮਾ ਵਿਖੇ ਖਾਲਸਈ ਰੰਗ ਬਿਖੇਰ ਗਿਆ ਸਲਾਨਾ ਨਗਰ ਕੀਰਤਨ

**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :**
ਕੈਲੀਫੋਰਨੀਆ ਦੇ ਸ਼ਹਿਰ ਸੈਲਮਾ ਦੇ ਗੁਰਦੁਆਰਾ "ਸਿੱਖ ਸੈਂਟਰ ਆਫ ਪੈਸ਼ੀਫਿਕ ਕੌਸਟ" ਸੈਂਟਰਲ ਵੈਲੀ ਵਿਖੇ ਵਿਸਾਖੀ ਨੂੰ ਸਮਰਪਿਤ 25ਵਾਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਸ ਵਿਚ ਵੱਡੀ ਗਿਣਤੀ ਸਿੱਖ ਸੰਗਤਾਂ ਅਤੇ ਰਾਗੀ-ਢਾਡੀ, ਕਥਾ ਵਾਚਕ, ਕੀਰਤਨੀ ਜਥਿਆਂ ਨੇ ਸ਼ਿਰਕਤ ਕੀਤੀ। ਸਵੇਰ ਸਮੇਂ ਗੁਰੂਘਰ ਵਿਖੇ ਕੀਰਤਨ ਅਤੇ ਗੁਰਮਤਿ ਵਿਚਾਰਾਂ ਹੋਈਆਂ, ਉਪਰੰਤ ਨਗਰ ਕੀਰਤਨ ਦੀ ਸ਼ੁਰੂਆਤ ਅਰਦਾਸ ਕਰ ਕੇ ਹੋਈ। ਅਮਰੀਕਾ ਦੇ ਰਾਸ਼ਟਰੀ ਝੰਡੇ ਅਤੇ ਕੈਲੀਫੋਰਨੀਆ ਸਟੇਟ ਦੇ ਝੰਡੇ ਸਮੇਤ ਪੰਜਾਂ ਪਿਆਰਿਆਂ ਦੀ ਅਗਵਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਜੇ ਫਲੌਟ ਮਗਰ ਅਨੇਕਾਂ ਸਿੱਖ ਧਰਮ ਨਾਲ ਸਬੰਧਿਤ ਝਾਕੀਆਂ ਇਥੇ ਨਵੇਂ ਵਸੇ ਅਮੈਰੀਕਨ ਪੰਜਾਬ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਇਥੇ ਪ੍ਰਫੁੱਲਿਤ ਹੋਈ ਸਿੱਖੀ ਦੀ ਮੂੰਹ ਬੋਲਦੀ ਤਸਵੀਰ ਵੀ ਨਗਰ ਕੀਰਤਨ ਦੌਰਾਨ ਚਾਰ ਚੁਫੇਰੇ ਲਿਸ਼ਕਦੀਆਂ ਕੇਸਰੀ ਅਤੇ ਰੰਗ-ਬਰੰਗੀਆਂ ਪੱਗਾਂ ਅਤੇ ਚੁੰਨੀਆਂ ਰਾਹੀਂ ਦਿਖ ਰਹੀ ਸੀ। ਇਸ ਸਮਾਗਮ ਵਿੱਚ ਬੱਚਿਆਂ, ਬਜ਼ੁਰਗਾਂ ਸਮੇਤ ਸਮੂਹ ਧਰਮਾਂ ਦੀਆਂ ਸੰਗਤਾਂ ਨੇ ਰਲ ਕੇ ਹਾਜ਼ਰੀ ਭਰੀ। ਹੈਲੀਕਪਟਰ ਰਾਹੀ ਫੁੱਲਾਂ ਦੀ ਵਰਖਾ ਹੋ ਰਹੀ ਸੀ। ਨਗਰ ਕੀਰਤਨ ਦਾ ਦ੍ਰਿਸ਼ ਬਹੁਤ ਹੀ ਅਲੌਕਿਕ ਅਤੇ ਰੂਹਾਨੀ ਭਰਿਆ ਸੀ। ਸੰਗਤਾਂ ਪਾਲਕੀ ਸਾਹਿਬ ਦੇ ਮਗਰ ਵਾਹਿਗੁਰੂ ਸਿਮਰਨ ਅਤੇ ਸ਼ਬਦ ਗਾਇਨ ਕਰਦੀਆਂ ਜਾ ਰਹੀਆਂ ਸਨ। ਇਸੇ ਦੌਰਾਨ ਸਥਾਨਕ ਪੰਜਾਬੀ ਸਕੂਲ ਅਤੇ ਹੋਰ ਇਲਾਕੇ ਦੇ ਪੰਜਾਬੀ ਸਕੂਲਾਂ ਦੇ ਬੱਚੇ ਆਪਣੇ ਫਲੋਟਾਂ ਰਾਹੀ ਅਮੈਰੀਕਨ ਲੋਕਾਂ ਨਾਲ ਨਾਲ ਇਤਿਹਾਸਕ ਜਾਣਕਾਰੀ ਸਾਂਝੀ ਕਰ ਰਹੇ ਸਨ। ਇਸ ਨਗਰ



ਕੀਰਤਨ ਸਮੇਂ ਵੱਖ ਵੱਖ ਸਵਾਦਲੇ ਖਾਣੇ ਦੇ ਸਟਾਲ ਲੱਗੇ ਹੋਏ ਸਨ, ਜਿਨ੍ਹਾਂ ਦਾ ਸੰਗਤਾਂ ਨੇ ਖੂਬ ਅਨੰਦ ਮਾਣਿਆ। ਗੁਰੂਘਰ ਅੰਦਰ ਦੁਨੀਆ ਭਰ ਵਿੱਚ ਸੇਵਾਵਾਂ ਕਰਕੇ ਪਹਿਚਾਣ ਬਣਾ ਚੁੱਕੇ 'ਖਾਲਸਾ ਏਡ' ਵਾਲਿਆਂ ਦਾ ਬੂਥ ਅਤੇ ਹੋਰ ਅਨੇਕਾਂ ਬੂਥ ਲੱਗੇ ਹੋਏ ਸਨ। ਇਸ ਤੋਂ ਇਲਾਵਾ ਕਈ ਤਰ੍ਹਾਂ ਦੀਆਂ ਦੁਕਾਨਾਂ ਵੀ ਭਾਰਤੀ ਮੇਲੇ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਨਗਰ ਕੀਰਤਨ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਦੇ ਭਾਰੀ ਇਕੱਠ ਨੇ ਆਪਣੇ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਹਾਜ਼ਰੀਆਂ ਭਰੀਆਂ। ਸੁਰੱਖਿਆ ਦੇ ਪ੍ਰਬੰਧ ਬਹੁਤ ਮਜ਼ਬੂਤ ਕੀਤੇ ਗਏ ਸਨ, ਜਿਸ ਲਈ ਇਲਾਕੇ ਭਰ ਦੇ ਗੁਰੂਘਰ ਅਤੇ ਸੰਗਤਾਂ ਵਧਾਈ ਦੇ ਪਾਤਰ ਹਨ, ਜਿਨ੍ਹਾਂ ਦੇ ਸਹਿਯੋਗ ਸਦਕਾ ਇਹ ਨਗਰ ਕੀਰਤਨ ਯਾਦਗਾਰੀ ਹੋ ਨਿੱਬੜਿਆ।

## ਸ਼ਿਕਾਗੋ ਦੇ ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ ਖਾਲਸਾ ਸਾਜਨਾ ਦਿਵਸ ਧੂਮਧਾਮ ਨਾਲ ਮਨਾਇਆ







**ਸ਼ਿਕਾਗੋ/ਮੱਖਣ ਸਿੰਘ ਕਲੇਰ :**
ਇਥੋਂ ਦੇ ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ ਖਾਲਸਾ ਸਿਰਜਨਾ ਦਿਵਸ ਮਨਾਇਆ ਗਿਆ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਟਰੱਕਾਂ ਵਾਲੇ ਵੀਰਾਂ ਵਲੋਂ ਤਿੰਨੋਂ ਦਿਨ ਸੇਵਾਵਾਂ ਨਿਭਾਈਆਂ ਗਈਆਂ। ਸ਼ੁੱਕਰਵਾਰ ਨੂੰ ਸਵੇਰੇ ਸ਼੍ਰੀ ਆਖੰਡਪਾਠ ਸਾਹਿਬ ਆਰੰਭ ਕਰਵਾਏ ਗਏ ਸਨ, ਜਿਨਾਂ ਦੇ ਭੋਗ ੧੪ ਅਪਰੈਲ ਐਤਵਾਰ ਨੂੰ ਪਾਏ ਗਏ। ਉਪਰੰਤ ਗੁਰਦੁਆਰਾ ਸਾਹਿਬ ਦੇ ਕੀਰਤਨੀ ਜਥੇ ਭਾਈ ਰਾਜਿੰਦਰ ਸਿੰਘ ਜਲੰਧਰ ਵਾਲਿਆਂ ਦੇ ਜਥੇ ਵਲੋਂ ਸ਼ਬਦ ਗਾਇਨ ਕੀਤੇ ਗਏ ਤੇ ਹੈਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਵਲੋਂ ਕਥਾ ਰਾਹੀਂ ਸਾਜਨਾ ਦਿਵਸ ਦਾ ਇਤਿਹਾਸ ਸਰਵਣ ਕਰਵਾਇਆ ਗਿਆ। ਇਸ ਵਿਸ਼ੇਸ਼ ਦਿਹਾੜੇ 'ਤੇ ਕੁਲਜੀਤ ਸਿੰਘ ਦਿਲਵਰ ਦੇ ਢਾਡੀ ਜਥੇ ਨੇ ਤਿੰਨ ਦਿਨ ਲਗਾਤਾਰ ਸੰਗਤਾਂ ਨੂੰ ਗੁਰਇਤਿਹਾਸ ਤੇ ਸਿੱਖ ਇਤਿਹਾਸ ਢਾਡੀ ਵਾਰਾਂ ਰਾਹੀਂ ਸਰਵਣ ਕਰਵਾਇਆ। ਸ਼੍ਰੀ ਆਖੰਡਪਾਠ ਸਾਹਿਬ ਦੀ ਸੇਵਾ ਹਰਜੀਤ ਸਿੰਘ ਗਿੱਲ ਤੇ ਯੋਧ ਸਿੰਘ ਸਿੱਧੂ ਪਰਿਵਾਰ ਵਲੋਂ ਕਰਵਾਈ ਗਈ ਤੇ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਮੰਗੀ ਸਿੰਘ ਤੇ ਕਾਬਲ ਸਿੰਘ ਦੇ ਪਰਿਵਾਰਾਂ ਵਲੋਂ ਕਰਵਾਈ ਗਈ। ਹਰ ਸਾਲ ਇਹ ਸੇਵਾਵਾਂ ਟਰੱਕਾਂ ਵਾਲੇ ਵੀਰਾਂ ਵਲੋਂ ਕਰਵਾਈਆਂ ਜਾਦੀਆਂ ਹਨ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਪੁਸਤਕ ਸਮੀਖਿਆ- ਅੰਕਲ ਟੌਮ ਦੀ ਝੌਂਪੜੀ

**ਬਿੱਟੂ ਖੰਗੂੜਾ**

'ਅੰਕਲ ਟੌਮ ਦੀ ਝੌਂਪੜੀ' ਸੰਸਾਰ ਪ੍ਰਸਿੱਧ ਕਲਾਸਿਕ ਨਾਵਲ 'ਅੰਕਲ ਟੌਮਜ਼ ਕੈਬਿਨ' ਦਾ ਪੰਜਾਬੀ ਉੱਲਥਾ, ਵਲਾਇਤ ਵੱਸਦੇ ਪੰਜਾਬੀ ਨਾਵਲਕਾਰ ਮਹਿੰਦਰਪਾਲ ਸਿੰਘ ਧਾਲੀਵਾਲ ਦਾ ਬਹੁਤ ਹੀ ਪ੍ਰਸ਼ੰਸ਼ਾਯੋਗ ਯਤਨ ਹੈ। ਉਸਨੇ ਪਹਿਲਾਂ ਵੀ ਬਹੁਤ ਹੀ ਅਲੱਗ ਅਲੱਗ ਵਿਸ਼ਿਆਂ ਉੱਤੇ ਕਾਫੀ ਖੋਜ ਭਰਪੂਰ ਨਾਵਲ ਲਿਖੇ ਹਨ। ਉਹ 'ਮਿੱਟੀ ਦਾ ਮੋਹ' ਤੋਂ ਸ਼ੁਰੂ ਹੋ ਕੇ ਪਿਛਲੇ ਪੰਦਰਾਂ ਵਰਿਆਂ ਤੋਂ ਸਾਹਿਤ ਰਚਨਾ ਤੇ ਹੱਥ ਅਜ਼ਮਾ ਰਿਹਾ ਹੈ। ਹੱਥਲਾ ਉਪਰਾਲਾ ਨਿਵੇਕਲਾ ਹੈ, ਇੱਕ ਉਲੱਥੇ 'ਤੇ ਇੰਨੀ ਮਿਹਨਤ ਕਰਨੀ ਹਾਰੀ ਸਾਰੀ ਦੇ ਵੱਸ ਦਾ ਰੋਗ ਨਹੀਂ। ਅੱਧ ਉਨੀਵੀਂ ਸਦੀ ਦੀ ਅਮਰੀਕੀ ਅੰਗਰੇਜੀ ਨੂੰ ਅੱਜਕੱਲ ਦੇ ਪੰਜਾਬੀ ਪਾਠਕਾਂ ਦੇ ਹਾਣ ਦੀ ਕਰਨਾ ਖਾਲਾ ਜੀ ਦਾ ਵਾੜਾ ਨਹੀਂ। ਭਾਂਵੇ ਕਈ ਜਗ੍ਹਾ ਉਤੇ ਵਾਕ ਬਣਤਰ ਕੁਝ ਅੱਖਰਦੀ ਹੈ ਤੇ ਇਹ ਪੰਜਾਬੀ ਪਾਠਕ ਨੂੰ ਕੁਝ ਅਜੀਬ ਜਿਹੀ ਲਗਦੀ ਹੈ ਪਰ ਜਿਨ੍ਹਾਂ ਨੇ ਅੰਗਰੇਜੀ ਵਾਲਾ ਪੜ੍ਹਿਆ, ਉਹ ਲੇਖਕ ਦੀ ਮਿਹਨਤ ਨੂੰ ਜ਼ਰੂਰ ਸਲਾਮ ਕਰਨਗੇ।



ਲੇਖਕ ਨਾਵਲ ਦੇ ਨਾਮ ਦੇ ਪੰਜਾਬੀਕਰਨ ਵੇਲੇ ਪਤਾ ਨਹੀਂ ਕਿਉਂ ਕੰਜੂਸੀ ਵਰਤ ਗਿਆ। ਉਹ ਅੰਕਲ ਟੌਮ ਦੀ ਝੌਂਪੜੀ ਦੀ ਜਗ੍ਹਾ 'ਤੇ ਚਾਚੇ ਟੌਮ ਦੀ ਝੌਂਪੜੀ ਜਾਂ ਤਾਏ ਟੌਮ ਦੀ ਝੌਂਪੜੀ ਰੱਖਦਾ ਤਾਂ ਵਧੇਰੇ ਚੰਗੇਰਾ ਜਚਦਾ। ਝੌਂਪੜੀ ਦੀ ਜਗ੍ਹਾ ਖੋਖਾ ਲਫਜ਼ ਵੀ ਵਰਤਿਆ ਜਾ ਸਕਦਾ ਸੀ।

'ਅੰਕਲ ਟੌਮਜ਼ ਕੈਬਿਨ', ਹੈਰੀਅਟ ਬੀਚਰ ਸਟੋਅ ਵੱਲੋ ਸੰਨ 1850 ਦੇ ਫਿਊਜੀਟਵ ਸਲੇਵ ਐਕਟ ਦੀ ਹਨੇਰਗਰਦੀ ਵਿੱਚ ਇਲਿਜਾ ਨਾਂ ਦੀ ਗੁਲਾਮ ਕੁੜੀ ਦੇ ਬਚ ਕੇ ਭੱਜਣ ਦੇ ਸਾਹਸੀ ਯਤਨ, ਈਵਾ ਵਰਗੀ ਪਵਿੱਤਰ ਈਸਾਈ ਵਿਚਾਰਾਂ ਵਾਲੀ ਬਾਲੜੀ ਦੀ ਨੇਕਨੀਅਤੀ, ਇੱਕ ਦਿਆਲੂ ਮਾਲਕ ਵੱਲੋਂ ਕਰਜ਼ੇ ਦੀ ਮਜਬੂਰੀ ਕਰਕੇ ਟੌਮ ਵਰਗੇ ਚੰਗੇ ਗੁਲਾਮ ਨੂੰ ਜ਼ਾਲਮ ਮਾਲਕ ਦੇ ਹੱਥ ਵੇਚਣਾ, ਟੌਮ ਵੱਲੋਂ ਕੈਸੀ ਅਤੇ ਏਮੀਲੀਨ ਨੂੰ ਬਚ ਕੇ ਭੱਜਣ ਵਿੱਚ ਮੱਦਦ ਅਤੇ ਉਤਸ਼ਾਹਿਤ ਕਰਨਾ ਪਰ ਖੁਦ ਬੁਰੇ ਹਾਲਾਤ ਵਿੱਚ ਵੀ ਚੰਗਾ ਧਰਮੀ ਬਣੇ ਰਹਿਣਾ, ਮਰ ਕੇ ਵੀ ਬੁਰਾਈ ਉੱਤੇ ਜਿੱਤ ਪ੍ਰਾਪਤ ਕਰਨਾ, ਕੁਝ ਕਿਰਦਾਰਾਂ ਦਾ ਨਿੱਜੀ ਤੌਰ 'ਤੇ ਗੁਲਾਮ ਪ੍ਰਥਾ ਦੇ ਵਿਰੁੱਧ ਹੋਣਾ ਪਰ ਸਮਾਜਿਕ ਤੇ ਰਾਜਨੀਤਕ ਤੌਰ 'ਤੇ ਪ੍ਰਬੰਧ ਦਾ ਹਿੱਸਾ ਬਣੇ ਰਹਿਣਾ, ਉੱਤਰ ਤੇ ਦੱਖਣ, ਕੈਨੇਡਾ ਤੇ ਅਮਰੀਕਾ ਦੇ ਵਿਪਰੀਤ ਰਾਜਨੀਤਕ ਪ੍ਰਬੰਧਾਂ ਵਿਚਲੇ ਇਖਲਾਕੀ ਤੇ ਕਾਨੂੰਨੀ ਵਖਰੇਵਿਆਂ ਅਤੇ ਮਨੁੱਖਤਾ ਉਤੇ ਉਨ੍ਹਾਂ ਦੇ ਚੰਗੇ ਮਾੜੇ ਪ੍ਰਭਾਵਾਂ ਦੀ ਕਹਾਣੀ ਹੈ।

ਇਤਿਹਾਸ ਦੇ ਕਾਲੇ ਪੰਨਿਆਂ ਦੀ ਇਹ ਗਾਥਾ, ਜਿਸ ਵਿੱਚ ਵਿਵਸਥਾ ਵੱਲੋਂ ਰਚੇ ਸਵਾਰਥੀ ਢਾਂਚੇ 'ਤੇ ਕਾਬਜ਼ ਸ਼੍ਰੇਣੀ ਵੱਲੋ ਸੱਤਾਹੀਣ ਲੋਕਾਈ 'ਤੇ ਢਾਹੇ ਅਣਮਨੁੱਖੀ ਜ਼ੁਲਮ ਦੀ ਕਹਾਣੀ, ਸਾਬਤ ਕਰਦੀ ਹੈ ਕਿ ਕਾਨੂੰਨ ਸਿਰਫ ਇੱਕ ਸੰਦ ਹੁੰਦਾ ਹੈ ਜੋ ਸਮਕਾਲੀਨ ਵਿਵਸਥਾਵਾਂ ਵੱਲੋ ਆਪਣੇ ਸਵਾਰਥੀ ਹਿੱਤਾਂ ਦੀ ਖਾਤਿਰ ਆਪਣੇ ਆਪ ਨੂੰ ਸਹੀ ਸਾਬਤ ਕਰਨ ਲਈ ਬਣਾਇਆ ਜਾਂਦਾ ਹੈ। ਜਿਸ ਦਾ ਨਿਆਂ ਨਾਲ ਬਹੁਤਾ ਸਬੰਧ ਨਹੀਂ ਹੁੰਦਾ। ਜਦੋਂ ਤੁਸੀ ਅਖੌਤੀ ਚਿੱਟੇ ਇਸਾਈਆਂ ਵੱਲੋਂ ਕਾਲਿਆਂ 'ਤੇ ਯੋਜਨਾਬੱਧ ਪ੍ਰਣਾਲੀ ਹੇਠ ਹੁੰਦੇ ਗੈਰਮਨੁੱਖੀ ਵਤੀਰੇ ਨੂੰ ਇੱਕ ਰੱਬੀ ਵਰਤਾਰੇ ਵਜੋਂ ਰੂਪਮਾਨ ਹੁੰਦਾ ਦੇਖਦੇ ਹੋ ਤੇ ਕਾਲਿਆਂ ਦੇ ਸਾਹਮਣੇ ਰੱਬ ਦਾ ਭਾਣਾ ਮੰਨਣ ਤੋਂ ਬਿਨਾ ਕੋਈ ਬਦਲ ਨਾ ਹੋਣਾ, ਬੇਵਸੀ ਦੀ ਪਰਿਭਾਸ਼ਾ ਨੂੰ ਇੱਕ ਵੱਖਰੇ ਹੀ ਸਿਖਰ 'ਤੇ ਪਹੁੰਚਾ ਦਿੰਦਾ ਹੈ। ਟੌਮ ਦਾ ਆਪਣੇ ਅਸੂਲਾਂ ਤੋਂ ਨਾ ਹਿੱਲਣਾ ਸਿਰੜ ਦਾ ਸਿਖਰ ਹੈ ਤੇ ਕੁਝ ਗੁਲਾਮਾਂ ਦਾ ਸੰਗਲਾਂ ਨੂੰ ਤੋੜਣ ਦੀ ਸੋਚ ਨਾਲ ਜੂਝਣਾ ਸੰਘਰਸ਼ ਦਾ ਅਜਿਹਾ ਰੂਪਕ ਹੈ ਜੋ ਮਨੁੱਖਤਾਵਾਦੀ ਸੰਭਾਵਨਾਵਾਂ ਨੂੰ ਲਗਾਤਾਰ ਵਿਪਰੀਤ ਸਥਿਤੀਆਂ ਵਿੱਚ ਵੀ ਜੀਵਤ ਰੱਖਦਾ ਹੈ।

ਸਾਡੀ ਕੌਮ ਨੇ ਵੀ ਬਹੁਤ ਜ਼ੁਲਮ ਹੰਢਾਇਆ ਪਰ ਜਦੋਂ ਅਸੀ ਅਫਰੀਕਨਾਂ, ਯਹੂਦੀਆਂ, ਅਰਮੀਨੀਅਨਾਂ 'ਤੇ ਹੋਏ ਅੱਤਿਆਚਾਰਾਂ ਦੀਆਂ ਕਹਾਣੀਆ ਪੜ੍ਹਦੇ ਹਾਂ ਤਾਂ ਰੂਹ ਕੰਬ ਜਾਂਦੀ ਹੈ। ਧਰਮ ਜਿਸ ਦੀ ਹੋਂਦ ਹੀ ਇਨਸਾਨੀਅਤ ਦਾ ਧੁਰਾ ਹੈ, ਪਤਾ ਨਹੀਂ ਕਿੰਨੀਆਂ ਜ਼ਾਲਮ ਹੋਣੀਆਂ ਨੂੰ ਜਨਮ ਦਿੰਦਾ ਹੈ ਤੇ ਜੋ ਉਸ ਦੀ ਹੋਂਦ ਨੂੰ ਨਹੀਂ ਮੰਨਦੇ ਘੱਟ ਉਹ ਵੀ ਨਹੀਂ ਕਰਦੇ। ਜੇ ਇਤਿਹਾਸ 'ਤੇ ਨਿਗ੍ਹਾ ਮਾਰੀਏ ਤਾਂ ਹਰ ਤਰ੍ਹਾਂ ਦੇ ਰਾਜ ਪ੍ਰਬੰਧ ਨੇ ਚਾਹੇ ਉਹ ਧਰਮਤੰਤਰ, ਰਾਜਾਸ਼ਾਹੀ, ਤਾਨਾਸ਼ਾਹੀ, ਸਮਾਜਵਾਦ, ਸਾਮੰਤਵਾਦ, ਬਸਤੀਵਾਦ ਕੁਝ ਵੀ ਹੋਵੇ, ਵਿਰੋਧੀਆਂ ਨੂੰ ਕੋਹ ਕੋਹ ਕੇ ਮਾਰਿਆ।

ਭਾਵੇਂ ਕਾਨੂੰਨਨ ਤੌਰ 'ਤੇ ਗੁਲਾਮੀ ਮੁੱਕ ਗਈ ਹੈ, ਪਰ ਜਦੋਂ ਤੱਕ ਸਵਾਰਥੀ ਤੇ ਲਾਲਚੀ ਸ਼ੈਤਾਨੀਅਤ ਜਿਉਂਦੀ ਹੈ, ਕਿਸੇ ਨਾ ਕਿਸੇ ਰੂਪ ਵਿਚ ਇਹ ਕੋਹੜ ਸਮਾਜ ਨੂੰ ਚਿੰਬੜਿਆ ਰਹੇਗਾ। ਇਕੱਲੇ ਭਾਰਤ ਵਿੱਚ ਹੀ 2 ਕਰੋੜ ਦੇ ਲੱਗਭੱਗ ਇਨਸਾਨ ਬੰਧੂਆਂ ਮਜਦੂਰੀ, ਬਾਲ ਮਜਦੂਰੀ, ਜਬਰੀ ਵਿਆਹ, ਮਨੁੱਖੀ ਤਸਕਰੀ, ਜਬਰੀ ਮੰਗਤੇ ਦੇ ਰੂਪ ਵਿੱਚ ਗੁਲਾਮੀ ਵਾਲਾ ਜੀਵਨ ਜਿਉ ਰਹੇ ਹਨ, ਇਹ ਮਨੁੱਖੀ ਨਸਲ ਲਈ ਇੱਕ ਕਲੰਕ ਹੈ। ਸ਼ਾਇਦ ਸਰਦਾਰ ਮਹਿੰਦਰਪਾਲ ਜੀ ਦਾ ਇਹ ਉੱਲਥਾ ਲੋਕਾਈ ਵਿੱਚ ਇਨ੍ਹਾਂ ਸਮੱਸਿਆਵਾਂ ਪ੍ਰਤੀ ਚੇਤਨਤਾ ਪੈਦਾ ਕਰਨ ਲਈ ਇੱਕ ਚਾਨਣ ਮੁਨਾਰਾ ਬਣੇਗਾ।

# ਮਲਕੀਅਤ ਮੀਤ ਦੀ ਪੁਸਤਕ ਲੋਕ ਅਰਪਣ



ਪੁਸਤਕ ਲੋਕ ਅਰਪਣ ਸਮੇਂ ਯਾਦਗਾਰੀ ਤਸਵੀਰ।

**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :** ਬੌਲੀਵੁੱਡ ਤੋਂ ਹੌਲੀਵੁੱਡ ਤਕ ਫਿਲਮ ਜਗਤ ਵਿਚ ਬਤੌਰ ਅਦਾਕਾਰ, ਡਾਇਰੈਕਟਰ ਅਤੇ ਗੀਤਕਾਰ ਆਪਣੀ ਪਹਿਚਾਣ ਬਣਾ ਚੁੱਕੇ ਮਲਕੀਅਤ ਮੀਤ ਦੀ ਵਾਰਤਕ ਪੁਸਤਕ "ਕੀ ਰੱਬ ਮਰ ਗਿਐ ?" ਫਰਿਜ਼ਨੋ ਵਿਖੇ ਲੋਕ ਅਰਪਣ ਕੀਤੀ ਗਈ। ਇਸ ਪੁਸਤਕ ਵਿਚਲੇ ਲੇਖ ਮਲਕੀਤ ਮੀਤ ਦੀ ਜ਼ਿੰਦਗੀ ਦੇ ਅਚਨਚੇਤ ਮੌਤ ਵਿੱਚ ਬੀਤੇ ਪਲਾਂ ਦੀ ਅਸਲੀਅਤ ਅਤੇ ਦੁਬਾਰਾ ਤੋਂ ਪਰਮਾਤਮਾ ਵੱਲੋਂ ਬਖਸ਼ੀ ਜਿੰਦਗੀ ਦੇ ਤਜਰਬਿਆਂ ਦੇ ਅਧਾਰਤ ਹਨ। ਇਸ ਤੋਂ ਇਲਾਵਾ ਸਮਾਜਿਕ ਅਸੰਤੁਲਨ ਅਤੇ ਰੱਬ ਦੀ ਹੋਂਦ ਮੰਨਦੇ ਹੋਏ ਵੀ ਇਨਸਾਨੀ ਜ਼ੁਲਮ ਦੀ ਤ੍ਰਾਸਦੀ ਦਾ ਜ਼ਿਕਰ ਹੈ। ਪੁਸਤਕ ਪੜ੍ਹਨਯੋਗ ਹੈ ਅਤੇ ਜ਼ਿੰਦਗੀ ਦੀ ਛੁਪੀ ਹਕੀਕਤ ਦੇ ਪਰਦੇ ਖੋਲ੍ਹਦੀ ਹੈ। ਫਰਿਜ਼ਨੋ ਡਰੀਮਜ਼ ਦੇ ਸਟੂਡੀਉ ਵਿੱਚ ਹੋਏ ਰਸਮੀ ਪ੍ਰੋਗਰਾਮ ਦੇ ਪਹਿਲੇ ਪੜਾਅ ਵਿਚ ਪੰਜਾਬੀ ਸਾਹਿਤ ਸਭਾ, ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਨੁਮਾਇੰਦੇ ਅਤੇ ਗਾਇਕ ਅਤੇ ਗੀਤਕਾਰ ਸ਼ਾਮਲ ਸਨ। ਪ੍ਰਮੁੱਖ ਬੁਲਾਰਿਆਂ ਵਿੱਚ ਡਾ. ਗੁਰੂਮੇਲ ਸਿੰਘ ਸਿੱਧੂ, ਸੰਤੋਖ ਸਿੰਘ ਮਿਨਹਾਸ, ਹਰਜਿੰਦਰ ਕੰਗ, ਡਾ. ਅਰਜੁਨ ਸਿੰਘ ਜ਼ੋਸਨ, ਅਵਤਾਰ ਗੋਦਾਰਾ, ਪੱਤਰਕਾਰ ਨੀਟਾ ਮਾਛੀਕੇ, ਤਰਨ ਸਿੰਘ, ਵਕੀਲ ਵਿਵੇਕ ਮਲਕ, ਜਸਵੰਤ ਮਹਿਮੀ, ਬਲਵੀਰ ਢਿੱਲੋ, ਮਾਤਾ ਸਤਵੰਤ ਕੌਰ ਗਰੇਵਾਲ, ਰਵਿੰਦਰਜੀਤ ਸਿੰਘ ਗਿੱਲ, ਦਵਿੰਦਰ ਕੌਰ ਸੰਘਾ ਆਦਿਕ ਨੇ ਹਾਜ਼ਰੀ ਭਰੀ। ਦੂਜੇ ਪੜਾਅ ਦੌਰਾਨ ਗਾਇਕਾਂ ਵਿੱਚ ਧਰਮਵੀਰ ਥਾਂਦੀ, ਜੋਤ ਰਣਜੀਤ ਕੌਰ, ਬੱਲੂ ਸਿੰਘ, ਅਵਤਾਰ ਗਰੇਵਾਲ, ਰਾਜੇਸ਼ ਰਾਜੂ, ਤੇਜ਼ੀ ਪੱਡਾ, ਜਗਦੇਵ ਸਿੰਘ ਧੰਜਲ ਨੇ ਖ਼ੂਬ ਰੰਗ ਬੰਨੇ। ਸਟੇਜ ਸੰਚਾਲਨ ਕੁਲਵੰਤ ਉੱਭੀ ਨੇ ਬਾਖ਼ੂਬੀ ਕੀਤਾ। ਵਰਨਣਯੋਗ ਹੈ ਕਿ ਬਤੌਰ ਗੀਤਕਾਰ ਮਲਕੀਅਤ ਮੀਤ ਦੇ ਗੀਤ ਬਹੁਤ ਸਾਰੇ ਨਾਮਵਰ ਗਾਇਕ ਗਾ ਚੁੱਕੇ ਹਨ। ਇਸ ਤੋਂ ਇਲਾਵਾ ਉਹ ਬਹੁਤ ਸਾਰੇ ਨਾਟਕਾਂ ਅਤੇ ਫਿਲਮਾਂ ਵਿੱਚ ਵੀ ਬਤੌਰ ਅਦਾਕਾਰ ਅਤੇ ਡਾਇਰੈਕਟਰ ਕੰਮ ਕਰ ਚੁੱਕੇ ਹਨ। ਰਿਲੀਜ਼ ਹੋਣ ਜਾ ਰਹੀ ਸ਼ਹੀਦ ਕਰਤਾਰ ਸਿੰਘ ਸਰਾਭਾਦੀ ਜ਼ਿੰਦਗੀ 'ਤੇ ਅਧਾਰਤ ਪੰਜਾਬੀ ਫਿਲਮ ਵਿਚ ਵੀ ਉਨ੍ਹਾਂ ਦੀ ਅਦਾਕਾਰੀ ਦੇਖਣ ਨੂੰ ਮਿਲੇਗੀ। ਇਸ ਤਰ੍ਹਾਂ ਸਾਹਿਤਕ ਬਾਤਾਂ ਪਾਉਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।







Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਪੰਥ ਖਾਲਸੇ ਨੇ ਵਿਸ਼ਵ ਭਰ ਵਿਚ ਧੂਮ-ਧਾਮ ਨਾਲ ਮਨਾਈ ਵਿਸਾਖੀ

**✪ ਖ਼ਾਲਸਾ ਸਾਜਨਾ ਦਿਵਸ ਮੌਕੇ ਵੈਨਕੂਵਰ ਵਿਚ ਅਲੌਕਿਕ ਨਗਰ ਕੀਰਤਨ ✪ ਅਪ੍ਰੈਲ ਮਹੀਨਾ ਸਿੱਖ ਹੈਰੀਟੇਜ ਵਜੋਂ ਮਨਾਇਆ ਜਾਵੇਗਾ : ਟਰੂਡੋ**

**ਵੈਨਕੂਵਰ/ਏਟੀ ਨਿਊਜ਼ :**
ਕੈਨੇਡਾ ਵਿਚ ਸਿੱਖਾਂ ਦੀ 113 ਸਾਲ ਪੁਰਾਤਨ ਸੰਸਥਾ 'ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ' ਵਲੋਂ ਖ਼ਾਲਸੇ ਦੇ ਸਾਜਨਾ ਦਿਵਸ 'ਤੇ ਇਥੇ ਸਾਲਾਨਾ ਨਗਰ ਕੀਰਤਨ ਬੜੇ ਉਤਸ਼ਾਹ ਨਾਲ ਸਜਾਇਆ ਗਿਆ, ਜਿਸ ਵਿਚ ਦੂਰੋਂ-ਨੇੜਿਓਂ ਸੰਗਤਾਂ ਨੇ ਹਾਜ਼ਰੀ ਲੁਆਈ। ਬੇਸ਼ੱਕ ਮੌਸਮ ਖ਼ੁਸ਼ਗਵਾਰ ਨਹੀਂ ਸੀ ਪਰ ਫਿਰ ਵੀ ਵੱਡੀ ਗਿਣਤੀ ਵਿਚ ਸੰਗਤ ਨੇ ਹਾਜ਼ਰੀ ਭਰੀ। ਹੋਰਾਂ ਧਰਮਾਂ ਅਤੇ ਕੌਮਾਂ ਦੇ ਲੋਕ ਵੀ ਵੱਡੀ ਗਿਣਤੀ ਵਿਚ ਪੁੱਜੇ ਹੋਏ ਸਨ। ਰਵਾਨਗੀ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਰੌਸ ਸਟਰੀਟ ਵਿਖੇ ਸਜੇ ਦੀਵਾਨ ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ, ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਦੇ ਮੁਖੀ ਐਂਡਰਿਊ ਸ਼ੀਰ ਸਮੇਤ ਕੈਨੇਡਾ ਦੇ ਵੱਖ-ਵੱਖ ਕੇਂਦਰੀ ਅਤੇ ਸੂਬਾਈ ਸਿਆਸੀ ਆਗੂਆਂ ਨੇ ਗੁਰੂ ਗ੍ਰੰਥ ਸਾਹਿਬ ਅੱਗੇ ਸੀਸ ਝੁਕਾਇਆ ਤੇ ਸੰਗਤ ਨੂੰ ਖ਼ਾਲਸਾ ਸਿਰਜਣਾ ਦਿਵਸ ਦੀ ਵਧਾਈ ਦਿੱਤੀ। ਕੈਨੇਡਾ ਦੀ ਜਨਤਕ ਸੁਰੱਖਿਆ ਰਿਪੋਰਟ-2018 ਵਿਚੋਂ ਸਰਕਾਰ ਵਲੋਂ ਇਤਰਾਜ਼ਯੋਗ ਸਿੱਖ/ਖ਼ਾਲਿਸਤਾਨੀ ਸ਼ਬਦ ਹਟਾਉਣ ਤੋਂ ਦੂਸਰੇ ਹੀ ਦਿਨ ਨਗਰ ਕੀਰਤਨ ਵਿਚ ਹਾਜ਼ਰੀ ਲਵਾਉਂਦਿਆਂ ਪ੍ਰਧਾਨ ਮੰਤਰੀ ਟਰੂਡੋ ਨੇ ਕੈਨੇਡਾ ਦੀ ਤਰੱਕੀ ਵਿਚ ਸਿੱਖਾਂ ਵਲੋਂ ਪਾਏ ਗਏ ਯੋਗਦਾਨ ਦੀ ਰੱਜਵੀਂ ਸ਼ਲਾਘਾ ਕੀਤੀ ਤੇ ਬਾਅਦ ਵਿਚ ਉਹ ਨਗਰ ਕੀਰਤਨ ਵਿਚ ਪੈਦਲ ਤੁਰ ਕੇ ਸੰਗਤ ਨਾਲ ਮਿਲਦੇ ਵੀ ਦਿਖਾਈ ਦਿੱਤੇ।

ਉਨ੍ਹਾਂ ਗੁਰੂ ਘਰ ਵਿਖੇ ਮੱਥਾ ਟੇਕਣ ਉਪਰੰਤ ਸੰਗਤਾਂ ਨੂੰ ਸੰਬੋਧਨ ਕਰਦਿਆਂ ਖਾਲਸਾ ਸਾਜਣਾ ਦਿਵਸ ਦੀ ਵਧਾਈ ਦਿੱਤੀ। ਕੈਨੇਡਾ ਦੀ ਤਰੱਕੀ ਤੇ ਵਿਕਾਸ ਵਿਚ ਸਿੱਖਾਂ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਸਰਕਾਰ ਵਲੋਂ ਅਪ੍ਰੈਲ ਮਹੀਨੇ ਨੂੰ ਸਿੱਖ ਹੈਰੀਟੇਜ ਵਜੋਂ ਮਾਨਤਾ ਦਿੱਤੇ ਜਾਣ ਦੀ ਖੁਸ਼ੀ ਸਾਂਝੀ ਕੀਤੀ। ਮੋਟਰਸਾਈਕਲ ਕਲੱਬਾਂ ਤੋਂ ਇਲਾਵਾ ਸਿੱਖ ਮਾਰਸ਼ਲ ਆਰਟਸ ਗੱਤਕਾ ਤੇ ਦਰਜਨਾਂ ਹੋਰ ਝਾਕੀਆਂ ਨੇ ਨਗਰ ਕੀਰਤਨ ਨੂੰ ਪ੍ਰਭਾਵਸ਼ਾਲੀ ਬਣਾਇਆ। ਸਨਿਚਰਵਾਰ ਨੂੰ ਸਰੀ ਵਿਚ 'ਖ਼ਾਲਸਾ ਡੇਅ ਪਰੇਡ' ਉਲੀਕੀ ਜਾ ਰਹੀ ਹੈ। ਪੰਜਾਬ ਤੋਂ ਬਾਹਰ ਪੰਜਾਬੀਆਂ ਦੇ ਹੋਣ ਵਾਲੇ ਇਸ ਸਭ ਤੋਂ ਵੱਡੇ ਇਕੱਠ ਵਿਚ 5 ਲੱਖ ਸੰਗਤਾਂ ਦੇ ਸ਼ਾਮਿਲ ਹੋਣ ਦੀ ਆਸ ਹੈ।



## ਵਿਸਾਖੀ ਦੇ ਰੰਗ 'ਚ ਰੰਗਿਆ ਨਿਊਯਾਰਕ ਦਾ 'ਟਾਈਮਜ਼ ਸਕੁਏਅਰ'

ਸਿੱਖ ਸੱਭਿਆਚਾਰ ਦੇ ਰੰਗਾਂ ਅਤੇ ਪਰਪੰਰਾ ਨਾਲ ਟਾਇਮਜ਼ ਸਕੁਏਅਰ ਉਸ ਸਮੇਂ ਵਿਲੱਖਣ ਦਿੱਖ ਵਿਚ ਬਦਲ ਗਿਆ ਜਦੋਂ ਸਿੱਖ ਭਾਈਚਾਰੇ ਦੇ ਲੋਕਾਂ ਵਲੋਂ ਦਸਤਾਰ ਦਿਵਸ ਮੌਕੇ ਨਿਊਯਾਰਕ ਵਾਸੀਆਂ ਅਤੇ ਸੈਲਾਨੀਆਂ ਨੂੰ ਦਸਤਾਰਾਂ ਬੰਨ੍ਹੀਆਂ। ਇਸ ਦਾ ਮਕਸਦ ਸਿੱਖਾਂ ਦੀ ਪਹਿਚਾਣ ਸਬੰਧੀ ਜ਼ਿਆਦਾ ਤੋਂ ਜ਼ਿਆਦਾ ਜਾਗਰੂਕਤਾ ਫੈਲਾਉਣਾ ਹੈ। ਸਿੱਖ ਸੰਗਠਨ 'ਦ ਸਿੱਖਜ਼ ਆਫ ਨਿਊਯਾਰਕ' ਵਲੋਂ ਨਿਊਯਾਰਕ ਵਿਚ ਭਾਰਤ ਦੇ ਕੌਂਸਲੇਟ ਜਨਰਲ ਦੀ ਮਦਦ ਨਾਲ ਇਹ ਸਾਲਾਨਾ ਦਸਤਾਰ ਦਿਵਸ ਮਨਾਇਆ ਗਿਆ। ਇਸ ਸਾਲ ਦਸਤਾਰ ਦਿਵਸ ਨੂੰ ਵਿਸਾਖੀ ਅਤੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਵਸ ਵਜੋਂ ਮਨਾਇਆ ਗਿਆ। ਨਿਊਯਾਰਕ ਵਿਚ ਭਾਰਤ ਦੇ ਡਿਪਟੀ ਕੌਂਸਲ ਜਨਰਲ ਸ਼ਤਰੂਘਨ ਸਿਨਹਾ ਨੇ ਕਿਹਾ ਕਿ ਦੂਤਘਰ ਗੁਰਬਾਣੀ ਸਬੰਧੀ ਸਮਾਗਮਾਂ ਨਾਲ ਗੁਰੂ ਨਾਨਕ ਦੇਵ ਜੀ ਦਾ 550ਵੇਂ ਪ੍ਰਕਾਸ਼ ਪੁਰਬ ਮਨਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਨਾਲ-ਨਾਲ ਵਿਸਾਖੀ ਮਨਾਉਣ ਲਈ ਵੀ ਦੂਤਘਰ ਨੇ ਦਸਤਾਰ ਦਿਵਸ 'ਤੇ 'ਦਿ ਸਿੱਖ ਆਫ ਨਿਊਯਾਰਕ' ਨਾਲ ਕੰਮ ਕੀਤਾ ਹੈ।

**ਇਟਲੀ ਵਿਚ ਵੀ ਮਨਾਈ ਵਿਸਾਖੀ :** ਇਟਲੀ ਦੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਸਨਬੋਨੀਫਾਚੋ (ਵਿਰੋਨਾ) ਵਿਖੇ ਖ਼ਾਲਸਾ ਸਾਜਨਾ ਦਿਵਸ ਤੇ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਸਮਾਗਮ ਸ਼ਰਧਾ ਤੇ ਪ੍ਰੇਮ ਭਾਵਨਾ ਸਾਹਿਤ ਕਰਵਾਇਆ ਗਿਆ। ਭੋਗ ਉਪਰੰਤ ਦੀਵਾਨ ਸਜਾਏ ਗਏ। ਉੱਘੇ ਢਾਡੀ ਭਾਈ ਹਰਜਿੰਦਰ ਸਿੰਘ ਪਰਵਾਨਾ ਦੇ ਢਾਡੀ ਜਥੇ ਦੁਆਰਾ ਪ੍ਰਭਾਵਸ਼ਾਲੀ ਢਾਡੀ ਵਾਰਾਂ ਦਾ ਗਾਇਨ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਸ਼ਖ਼ਸੀਅਤਾਂ ਨੇ ਸਿੱਖ ਇਤਿਹਾਸ ਬਾਰੇ ਆਪਣੇ ਵਿਚਾਰ ਸੰਗਤ ਨਾਲ ਸਾਂਝੇ ਕੀਤੇ।

## ਆਸਟ੍ਰੇਲੀਆ 'ਚ ਵਿਸਾਖੀ ਮੌਕੇ ਸੈਂਕੜੇ ਪੰਜਾਬੀਆਂ ਨੇ ਕੀਤਾ ਖ਼ੂਨ ਦਾਨ

ਖ਼ੂਨ ਦਾਨ-ਮਹਾਂ ਦਾਨ ਨੂੰ ਲੈ ਕੇ ਪੰਜਾਬੀਆਂ ਵਲੋਂ ਆਸਟ੍ਰੇਲੀਆ ਭਰ ਵਿਚ ਇਕ ਵਿਸ਼ੇਸ਼ ਅਪੀਲ ਨੂੰ ਆਰੰਭਿਆ ਹੈ। ਸਿਡਨੀ ਤੋਂ ਦੇਵ ਸਿੱਧੂ ਨੇ ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪਿਛਲੇ ਸਾਲ ਵਿਚ ਉਨ੍ਹਾਂ ਰਾਹੀਂ ਸੈਂਕੜੇ ਪੰਜਾਬੀ ਆਸਟ੍ਰੇਲੀਆ ਭਰ ਵਿਚ ਆਪਣਾ ਖ਼ੂਨ ਦਾਨ ਕਰ ਚੁੱਕੇ ਹਨ।

## ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਚ ਖ਼ਾਲਸਾ ਸਾਜਨਾ ਦਿਵਸ ਮਨਾਇਆ

ਪਾਕਿਸਤਾਨ ਦੇ ਸ਼ਹਿਰ ਹਸਨ ਅਬਦਾਲ ਵਿਚਲੇ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਖ਼ਾਲਸਾ ਸਾਜਨਾ ਦਿਵਸ ਭਾਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਦੌਰਾਨ ਸਮਾਗਮ ਵਿਚ ਹਾਜ਼ਰੀ ਭਰਨ ਪੁੱਜੇ ਧਾਰਮਿਕ ਮਾਮਲਿਆਂ ਦੇ ਸੰਸਦੀ ਸਕੱਤਰ ਚੌਧਰੀ ਆਫ਼ਤਾਬ ਅਹਿਮਦ, ਐਮ.ਪੀ.ਏ. ਸਯੱਦ ਜਾਫ਼ਰ ਬੁਖ਼ਾਰੀ, ਪਾਕਿਸਤਾਨ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਚੇਅਰਮੈਨ ਤਾਹਿਰ ਅਹਿਸਾਨ, ਸਕੱਤਰ ਮੁਹੰਮਦ ਤਾਰਿਕ ਵਜ਼ੀਰ, ਡਿਪਟੀ ਸਕੱਤਰ ਇਮਰਾਨ ਗਾਦਲ, ਐਮ.ਪੀ.ਏ. ਮਹਿੰਦਰਪਾਲ ਸਿੰਘ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤਾਰਾ ਸਿੰਘ, ਬਿਸ਼ਨ ਸਿੰਘ, ਗੋਪਾਲ ਸਿੰਘ ਚਾਵਲਾ, ਮਨਿੰਦਰ ਸਿੰਘ, ਸ਼੍ਰੋਮਣੀ ਕਮੇਟੀ ਦੇ ਮੈਂਬਰ ਰਵਿੰਦਰ ਸਿੰਘ ਖ਼ਾਲਸਾ, ਦਿੱਲੀ ਕਮੇਟੀ ਦੇ ਦਲਜੀਤ ਸਿੰਘ, ਅਵਤਾਰ ਸਿੰਘ ਸੰਘੇੜਾ ਆਦਿ ਆਗੂ ਹਾਜ਼ਰ ਸਨ। ਚੌਧਰੀ ਆਫ਼ਤਾਬ ਅਹਿਮਦ ਨੇ ਭਾਰਤ ਸਮੇਤ ਹੋਰਨਾਂ ਦੇਸ਼ਾਂ ਤੋਂ ਪਹੁੰਚੀ ਸੰਗਤ ਨੂੰ ਖ਼ਾਲਸੇ ਦੇ ਸਾਜਨਾ ਦਿਵਸ ਦੀ ਵਧਾਈ ਦਿੰਦਿਆਂ ਸੰਬੋਧਨ ਦੌਰਾਨ ਕਿਹਾ ਕਿ ਪਾਕਿਸਤਾਨ ਸਰਕਾਰ ਪਾਕਿ ਵਿਚ ਰਹਿੰਦੇ ਘੱਟ-ਗਿਣਤੀ ਭਾਈਚਾਰੇ ਦੇ ਲੋਕਾਂ ਦੀ ਅਤੇ ਉਨ੍ਹਾਂ ਦੇ ਧਾਰਮਿਕ ਅਸਥਾਨਾਂ ਦੀ ਸੁਰੱਖਿਆ ਲਈ ਵਚਨਬੱਧ ਹੈ। ਬਿਸ਼ਨ ਸਿੰਘ ਨੇ ਕਿਹਾ ਕਿ ਪਾਕਿ ਸਰਕਾਰ ਵਲੋਂ ਗੁਰੂ ਨਾਨਕ ਦੇਵ ਜੀ ਦੇ 550 ਸਾਲਾਂ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਚ ਨਵੇਂ ਨਮੂਨੇ ਦੀ 100 ਕਮਰਿਆਂ ਵਾਲੀ ਸਰਾਂ ਉਸਾਰੀ ਜਾ ਰਹੀ ਹੈ। ਇਸ ਦੇ ਇਲਾਵਾ ਫਾਰੂਖਾਬਾਦ ਸਥਿਤ ਗੁਰਦੁਆਰਾ ਸੱਚਾ ਸੌਦਾ, ਜਿੱਥੇ ਗੁਰੂ ਨਾਨਕ ਦੇਵ ਜੀ ਨੇ ਲੰਗਰ ਪ੍ਰਥਾ ਦੀ ਸ਼ੁਰੂਆਤ ਕੀਤੀ ਸੀ, ਵਿਚ 8 ਕਰੋੜ ਰੁਪਏ ਦੀ ਲਾਗਤ ਨਾਲ ਨਵੇਂ ਲੰਗਰ-ਘਰ ਦੀ ਇਮਾਰਤ ਉਸਾਰੀ ਜਾਵੇਗੀ। ਮਹਿੰਦਰਪਾਲ ਸਿੰਘ ਨੇ ਦੱਸਿਆ ਕਿ ਪਾਕਿ ਸਰਕਾਰ ਵਲੋਂ ਗੁਰਪੁਰਬ ਮੌਕੇ 550 ਰੁਪਏ ਦਾ ਸਿੱਕਾ ਅਤੇ 20 ਰੁਪਏ ਦੀ ਡਾਕ ਟਿਕਟ ਵੀ ਜਾਰੀ ਕੀਤੀ ਜਾ ਰਹੀ ਹੈ ਅਤੇ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਨਿਸ਼ਾਨ-ਏ-ਖ਼ਾਲਸਾ ਸਥਾਪਿਤ ਕਰਨ ਦੀ ਵੀ ਯੋਜਨਾ ਹੈ।


DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ 209.487.3699

ਹਰਨੇਕ ਸਿੰਘ ਅਟਵਾਲ 209.351.5965

2850 Loomis Rd, Stockton, CA 95205

# ਕੈਨੇਡਾ ਸਰਕਾਰ ਨੇ ਰਿਪੋਰਟ ਵਿਚੋਂ ਸਿੱਖ ਅਤਿਵਾਦ ਸ਼ਬਦ ਹਟਾਇਆ

- **ਵਿਸਾਖੀ 'ਤੇ ਟਰੂਡੋ ਨੇ ਸਿੱਖ ਪੰਥ ਨੂੰ ਦਿੱਤਾ ਤੋਹਫਾ**
- **ਕੈਪਟਨ ਕੈਨੇਡਾ ਸਰਕਾਰ 'ਤੇ ਹੋਏ ਲੋਹੇ ਲਾਖੇ ਤੇ ਕਿਹਾ ਟਰੂਡੋ ਸਰਕਾਰ ਅੱਤਵਾਦ ਨੂੰ ਹਵਾ ਦੇ ਰਹੀ ਏ**





**ਟੋਰਾਂਟੋ/ਏਟੀ ਨਿਊਜ਼ :**
ਕੈਨੇਡਾ ਦੀ ਜਸਟਿਨ ਟਰੂਡੋ ਸਰਕਾਰ ਨੇ ਸਾਲ 2018 ਦੀ ਸਾਲਾਨਾ ਰਿਪੋਰਟ ਵਿੱਚੋਂ ਸਿੱਖ ਅਤਿਵਾਦ ਸਬੰਧੀ ਹਵਾਲਾ ਹਟਾ ਦਿੱਤਾ ਹੈ। ਪਹਿਲਾਂ ਇਸ ਰਿਪੋਰਟ ਵਿੱਚ ਸਿੱਖ ਅਤਿਵਾਦ ਉਨ੍ਹਾਂ ਸਿਖ਼ਰਲੇ ਪੰਜ ਖ਼ਤਰਿਆਂ ਵਿੱਚ ਸ਼ਾਮਲ ਸੀ ਜਿਨ੍ਹਾਂ ਤੋਂ ਕੈਨੇਡਾ ਨੂੰ ਸਭ ਤੋਂ ਵੱਧ ਖਤਰਾ ਹੈ। ਕੈਨੇਡਾ ਨੂੰ ਅਤਿਵਾਦ ਤੋਂ ਖ਼ਤਰੇ ਸਬੰਧੀ 2018 ਦੀ ਪਬਲਿਕ ਰਿਪੋਰਟ ਦਾ ਸੋਧਿਆ ਹੋਇਆ ਸਰੂਪ ਜੋ ਬੀਤੇ ਸ਼ੁੱਕਰਵਾਰ ਨੂੰ ਜਾਰੀ ਕੀਤਾ ਗਿਆ ਹੈ, ਦੇ ਹਵਾਲੇ ਨਾਲ ਟੋਰਾਂਟੋ ਆਧਾਰਿਤ ਸੀਬੀਸੀ ਨਿਊਜ਼ ਨੇ ਇਹ ਖ਼ਬਰ ਕੈਨੇਡੀਅਨ ਪ੍ਰੈੱਸ ਨਿਊਜ਼ ਏਜੰਸੀ ਦੇ ਹਵਾਲੇ ਨਾਲ ਦਿੱਤੀ ਹੈ। ਇਸ ਖ਼ਬਰ ਅਨੁਸਾਰ ਰਿਪੋਰਟ ਵਿੱਚੋਂ ਭਾਰਤ ਵਿੱਚ ਹਿੰਸਕ ਢੰਗਾਂ ਨਾਲ ਆਜ਼ਾਦ ਦੇਸ਼ ਸਥਾਪਿਤ ਕਰਨ ਸਬੰਧੀ ਵੇਰਵਿਆਂ ਵਿੱਚੋਂ ਧਰਮ ਸਬੰਧੀ ਵੇਰਵੇ ਕੱਢ ਕੇ ਇਸ ਦੀ ਭਾਸ਼ਾ ਬਦਲ ਦਿੱਤੀ ਗਈ ਹੈ। ਇਸ ਵਿੱਚ ਦਰਜ ਵੇਰਵਿਆਂ ਅਨੁਸਾਰ, ਅਤਿਵਾਦੀ ਜੋ ਹਿੰਸਕ ਢੰਗ ਤਰੀਕਿਆਂ ਨਾਲ ਭਾਰਤ ਵਿਚ ਵੱਖਰਾ ਦੇਸ਼ ਸਥਾਪਿਤ ਕਰਨਾ ਚਾਹੁੰਦੇ ਹਨ, ਦਰਜ ਕਰ ਦਿੱਤਾ ਹੈ। ਅਤਿਵਾਦ ਸਬੰਧੀ ਸਾਲ 2018 ਦੀ ਰਿਪੋਰਟ ਜੋ ਪਹਿਲੀ ਵਾਰ ਦਸੰਬਰ 2018 ਵਿੱਚ ਰਿਲੀਜ਼ ਕੀਤੀ ਸੀ, ਵਿੱਚ ਕੈਨੇਡਾ ਨੂੰ ਸਭ ਤੋਂ ਵੱਧ ਪੰਜ ਖਤਰਿਆਂ ਵਿੱਚ ਸਿੱਖ ਅਤਿਵਾਦ ਦਾ ਜ਼ਿਕਰ ਆਉਣ ਕਾਰਨ ਸਿੱਖ ਭਾਈਚਾਰੇ ਵਿੱਚ ਰੋਸ ਦੀ ਲਹਿਰ ਪੈਦਾ ਹੋ ਗਈ ਸੀ। ਸੀਬੀਸੀ ਨਿਊਜ਼ ਦੀ ਰਿਪੋਰਟ ਅਨੁਸਾਰ ਪਬਲਿਕ ਸੁਰੱਖਿਆ ਮੰਤਰੀ ਰਾਲਫ ਗੁੱਡਾਲੇ ਨੇ ਦਾਅਵਾ ਕੀਤਾ ਸੀ ਕਿ ਉਹ ਘੱਟ ਤੋਂ ਘੱਟ ਇਸ ਰਿਪੋਰਟ ਦੀ ਸ਼ਬਦਾਵਲੀ ਬਾਰੇ ਪੁਨਰਵਿਚਾਰ ਕਰਨ ਲਈ ਤਾਂ ਕਹਿ ਹੀ ਸਕਦੇ ਹਨ। ਉਨ੍ਹਾਂ ਕਿਹਾ ਕਿ ਸਮੁੱਚੇ ਧਰਮ ਨੂੰ ਕਦੇ ਵੀ ਅਤਿਵਾਦ ਦੇ ਨਾਲ ਨਹੀਂ ਜੋੜਿਆ ਜਾ ਸਕਦਾ। ਇੱਥੇ ਜ਼ਿਕਰਯੋਗ ਹੈ ਕਿ ਸ਼ਨਿਚਰਵਾਰ ਨੂੰ ਵਿਸਾਖੀ ਮੌਕੇ ਪ੍ਰਧਾਨ ਮੰਤਰੀ ਟਰੂਡੋ ਜਦੋਂ ਵੈਨਕੂਵਰ ਦੇ ਰੌਸ ਸਟਰੀਟ ਗੁਰਦੁਆਰੇ ਵਿੱਚ ਗਏ ਸਨ ਤਾਂ ਉਨ੍ਹਾਂ ਨੇ ਨੇ ਘੱਟ ਗਿਣਤੀ ਸਿੱਖ ਭਾਈਚਾਰੇ ਦੀ ਵਿਸ਼ੇਸ਼ ਤੌਰ ਉੱਤੇ ਪ੍ਰਸੰਸਾ ਕੀਤੀ ਸੀ। ਉਨ੍ਹਾਂ ਦੇ ਨਾਲ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੇ ਵੀ ਸਮਾਗਮ ਵਿੱਚ ਸ਼ਿਰਕਤ ਕੀਤੀ ਸੀ।

### ਜਗਮੀਤ ਸਿੰਘ ਨੇ ਚੁੱਕਿਆ ਸੀ ਮੁੱਦਾ

ਕੈਨੇਡਾ ਦੀ ਸਿੱਖ ਵਿਰੋਧੀ ਰਿਪੋਰਟ ਵਿਰੁੱਧ ਸਿੱਖ ਸੰਸਦ ਜਗਮੀਤ ਸਿੰਘ ਨੇ ਉਠਾਇਆ ਸੀ ਤੇ ਲੋਕ ਮੁਹਿਮ ਖੜੀ ਕੀਤੀ ਸੀ। ਸਰਕਾਰ ਦੇ ਇਸ ਫੈਸਲੇ ਨਾਲ ਸੰਸਦ ਮੈਂਬਰ ਜਗਮੀਤ ਸਿੰਘ ਦਾ ਉੱਥੋਂ ਦੇ ਸਿੱਖ ਭਾਈਚਾਰੇ ਅੰਦਰ ਸਤਿਕਾਰ ਹੋਰ ਵਧਿਆ ਹੈ। ਕੈਨੇਡੀਅਨ ਸਿੱਖ ਸੰਗਤਾਂ ਵਿਚ ਇਸ ਗੱਲ ਦਾ ਰੋਸ ਸੀ ਕਿ ਜਿਸ ਸਰਕਾਰ ਵਿੱਚ 18 ਸਿੱਖ ਸੰਸਦ ਮੈਂਬਰ ਮੌਜੂਦ ਹੋਣ, ਉਸ ਸਰਕਾਰ ਵੱਲੋਂ ਸਿੱਖ ਸ਼ਬਦ ਨੂੰ ਦੇਸ਼ ਲਈ ਖ਼ਤਰੇ ਦੀ ਸੂਚੀ ਵਿਚ ਕਿਵੇਂ ਸ਼ਾਮਲ ਕੀਤਾ ਜਾ ਸਕਦਾ ਹੈ? ਇਸੇ ਲਈ ਉੱਥੇ ਵਸਦੇ ਸਿੱਖ ਉਕਤ ਅੱਖਰਾਂ ਨੂੰ ਦੇਸ਼ ਲਈ ਖ਼ਤਰੇ ਵਾਲੀ ਸੂਚੀ ਵਿਚੋਂ ਹਟਾਉਣ ਦੀ ਮੰਗ ਕਰ ਰਹੇ ਸਨ। ਇਹ ਰੋਸ ਹੁਣ ਇੱਥੋਂ ਤੱਕ ਵਧ ਗਿਆ ਸੀ, ਕਿ ਕੈਨੇਡਾ ਦੇ ਸਰੀ ਸ਼ਹਿਰ ਅੰਦਰ ਆਉਂਦੀ 20 ਅਪ੍ਰੈਲ ਨੂੰ ਕੱਢੇ ਜਾਣ ਵਾਲੇ ਨਗਰ ਕੀਰਤਨ ਵਿੱਚ ਲਿਬਰਲ ਮੈਂਬਰ ਪਾਰਲੀਮੈਂਟਾਂ ਦੇ ਦਾਖ਼ਲੇ 'ਤੇ ਰੋਕ ਲਾ ਦਿੱਤੀ ਸੀ। ਜਿਸ ਤੋਂ ਬਾਅਦ ਸਰਕਾਰ ਨੇ ਭਾਵੇਂ ਸਿੱਖਾਂ ਦੀ ਮੰਗ ਮੰਨ ਲਈ ਹੈ, ਪਰ ਨਾਲ ਹੀ ਇਹ ਵੀ ਕਿਹਾ ਹੈ, ਕਿ ਭਾਰਤ ਅੰਦਰ ਅਜ਼ਾਦ ਦੇਸ਼ ਦੀ ਮੰਗ ਕਰਨ ਲਈ ਹੋਣ ਵਾਲੀ ਹਿੰਸਾ ਨੂੰ ਜਿਹੜਾ ਸਮਰਥਨ ਦੇਵੇਗਾ ਉਹ ਕੈਨੇਡਾ ਲਈ ਵੀ ਖ਼ਤਰਾ ਮੰਨਿਆ ਜਾਵੇਗਾ। ਇੱਥੇ ਇਹ ਵੀ ਦੱਸਣਯੋਗ ਹੈ, ਕਿ ਭਾਰਤ ਅਤੇ ਕੈਪਟਨ ਸਰਕਾਰ ਵੀ ਪਿਛਲੇ ਲੰਮੇ ਸਮੇਂ ਤੋਂ ਕੈਨੇਡਾ ਦੇ ਖਾਲਿਸਤਾਨੀਆਂ ਦੇ ਖਿਲਾਫ ਪਾਬੰਦੀ ਦੀ ਮੰਗ ਕਰਦੀ ਆਈ ਹੈ। ਇਸ ਦੇ ਨਾਲ ਹੀ ਕੈਨੇਡਾ ਦੇ ਪ੍ਰਧਾਨ ਮੰਤਰੀ ਅਤੇ ਉੱਥੋਂ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ 'ਤੇ ਵੀ ਖਾਲਿਸਤਾਨੀ ਸਮਰਥਕਾਂ ਪ੍ਰਤੀ ਨਰਮ ਰਵੱਈਆ ਅਪਣਾਉਣ 'ਤੇ ਉਨ੍ਹਾਂ ਨਾਲ ਸਹਿਯੋਗ ਕਰਨ ਦੇ ਭਾਰਤ ਸਰਕਾਰ ਤੇ ਕੈਪਟਨ ਸਰਕਾਰ ਵੱਲੋਂ ਦੋਸ਼ ਲਗਦੇ ਰਹੇ ਹਨ। ਇਸੇ ਕਰਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਤਾਂ ਹਰਜੀਤ ਸਿੰਘ ਸੱਜਣ ਨਾਲ ਇਹ ਕਹਿ ਕੇ ਮੁਲਾਕਾਤ ਕਰਨ ਤੋਂ ਵੀ ਇਨਕਾਰ ਕਰ ਦਿੱਤਾ ਸੀ ਇਸ ਦਾ ਸਿੱਖ ਜਗਤ ਵਿਚ ਗੁੱਸਾ ਮਨਾਇਆ ਗਿਆ ਸੀ।

ਜਿਸ ਵੇਲੇ ਇਹ ਰਿਪੋਰਟ ਕੈਨੇਡਾ ਦੀ ਜਨਤਕ ਸੁਰੱਖਿਆ ਮੰਤਰੀ ਰਾਲਫ ਗੁਡਾਲੇ ਨੇ ਪੇਸ਼ ਕੀਤੀ ਸੀ, ਉਸ ਵੇਲੇ ਇਹ ਕਿਹਾ ਗਿਆ ਸੀ ਕਿ ਕੈਨੇਡਾ ਵਿਚ ਕੁਝ ਲੋਕ ਲਗਾਤਾਰ ਸਿੱਖ ਖਾਲਿਸਤਾਨੀ ਵੱਖਵਾਦੀ ਵਿਚਾਰਧਾਰਾ ਅਤੇ ਲਹਿਰ ਨੂੰ ਸਮਰਥਨ ਦੇ ਰਹੇ ਹਨ। ਭਾਵੇਂ ਕਿ ਉਸ ਰਿਪੋਰਟ ਵਿੱਚ ਖਾਲਿਸਤਾਨ ਨਾਲ ਸਬੰਧਿਤ ਕੋਈ ਮੌਜੂਦਾ ਹਿੰਸਕ ਜਾਂ ਅੱਤਵਾਦੀ ਘਟਨਾ ਦਾ ਜਿਕਰ ਨਹੀਂ ਕੀਤਾ ਗਿਆ ਸੀ ਤੇ ਸਿਰਫ 1985 ਦੌਰਾਨ ਹੋਏ ਕਨਿਸ਼ਕ ਬੰਬ ਕਾਂਡ ਦਾ ਹੀ ਹਵਾਲਾ ਦਿੱਤਾ ਗਿਆ ਸੀ, ਪਰ ਇਸ ਦੇ ਬਾਵਜੂਦ ਜਿਸ ਤਰ੍ਹਾਂ ਸਿੱਖ ਵੱਖਵਾਦ ਨੂੰ ਉਕਤ ਰਿਪੋਰਟ ਵਿੱਚ ਸ਼ਾਮਲ ਕੀਤਾ ਗਿਆ, ਉਸ ਤੋਂ ਬਾਅਦ ਦੁਨੀਆਂ ਭਰ ਦੇ ਸਿੱਖਾਂ ਵਿੱਚ ਰੋਸ ਲਹਿਰ ਪ੍ਰਗਟ ਹੋਈ ਸੀ।

### ਪੰਜਾਬ ਦਾ ਮੁੱਖ ਮੰਤਰੀ ਕੈਪਟਨ ਟਰੂਡੋ ਤੋਂ ਨਰਾਜ਼

ਟਰੂਡੋ ਦੇ ਇਸ ਕਦਮ ਨਾਲ ਭਾਰਤ ਹੈਰਾਨ ਹੈ ਤੇ ਭਾਰਤੀ ਅਧਿਕਾਰੀਆਂ ਨੇ ਇਸ ਨੂੰ ਕੈਨੇਡਾ ਦੇ ਕੁਝ ਗੁੱਟਾਂ ਵੱਲੋਂ ਪਾਏ ਦਬਾਅ ਦਾ ਨਤੀਜਾ ਦੱਸਿਆ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਨੇ ਕੈਨੇਡਾ ਸਰਕਾਰ ਵਲੋਂ ਮੁਲਕ ਨੂੰ ਅਤਿਵਾਦ ਤੋਂ ਖ਼ਤਰਿਆਂ ਬਾਰੇ ਜਾਰੀ ਕੀਤੀ ਗਈ ਰਿਪੋਰਟ ਵਿਚੋਂ ਗਰਮਖਿਆਲੀ ਸਿੱਖਾਂ ਸਬੰਧੀ ਸਾਰੇ ਵੇਰਵੇ ਹਟਾਏ ਜਾਣ ਦਾ ਵਿਰੋਧ ਕੀਤਾ ਹੈ। ਕੈਪਟਨ ਨੇ ਟਰੂਡੋ ਸਰਕਾਰ ਦੇ ਇਸ ਫ਼ੈਸਲੇ ਦਾ ਵਿਰੋਧ ਕਰਦਿਆਂ ਕਿਹਾ ਕਿ ਸਰਕਾਰ ਨੇ ਘਰੇਲੂ ਸਿਆਸੀ ਦਬਾਅ ਅੱਗੇ ਗੋਡੇ ਟੇਕ ਦਿੱਤੇ ਹਨ। ਇਹ ਕਦਮ ਭਾਰਤੀ ਤੇ ਆਲਮੀ ਸੁਰੱਖਿਆ ਲਈ ਖ਼ਤਰਾ ਹੈ। ਕੈਪਟਨ ਨੇ ਕਿਹਾ ਕਿ ਕੈਨੇਡਾ ਦੀ ਲਿਬਰਲ ਪਾਰਟੀ ਦੀ ਸਰਕਾਰ ਵਲੋਂ 'ਗੋਡੇ ਟੇਕਣ ਦਾ ਲਿਆ ਫ਼ੈਸਲਾ' ਇਸ ਚੋਣ ਵਰ੍ਹੇ ਦੌਰਾਨ ਸਿਆਸੀ ਹਿੱਤਾਂ ਦੀ ਰੱਖਿਆ ਕਰਨ ਲਈ ਲਿਆ ਗਿਆ ਹੈ। ਇਸ ਫ਼ੈਸਲੇ ਨਾਲ ਭਾਰਤ ਅਤੇ ਕੈਨੇਡਾ ਦੇ ਰਿਸ਼ਤਿਆਂ 'ਤੇ ਲੰਬੇ ਸਮੇਂ ਦੌਰਾਨ ਗੰਭੀਰ ਪ੍ਰਭਾਵ ਪੈ ਸਕਦੇ ਹਨ।" ਉਨ੍ਹਾਂ ਕਿਹਾ ਕਿ ਟਰੂਡੋ ਸਰਕਾਰ ਆਪਣੇ ਇਸ ਬਿਨਾਂ ਸੋਚੇ-ਸਮਝੇ ਕਦਮ ਰਾਹੀਂ ਅਤਿਵਾਦ ਨੂੰ ਹਵਾ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਖ਼ੁਦ ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਉਨ੍ਹਾਂ ਦੀ ਭਾਰਤ ਫੇਰੀ ਮੌਕੇ ਸਬੂਤ ਦੇ ਚੁੱਕੇ ਹਨ ਕਿ ਉਨ੍ਹਾਂ ਦੇ ਮੁਲਕ (ਕੈਨੇਡਾ) ਦੀ ਧਰਤੀ ਤੋਂ ਮਿੱਤਰ ਦੇਸ਼ ਭਾਰਤ ਖ਼ਿਲਾਫ਼ ਖਾਲਿਸਤਾਨੀ ਵਿਚਾਰਧਾਰਾ ਫੈਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਟਰੂਡੋ ਨੂੰ ਦੱਸਿਆ ਜਾ ਚੁੱਕਿਆ ਹੈ ਕਿ ਕੈਨੇਡਾ ਰਹਿੰਦੇ ਖਾਲਿਸਤਾਨੀਆਂ ਵਲੋਂ ਭਾਰਤ ਵਿੱਚ ਖਾੜਕੂ ਗਤੀਵਿਧੀਆਂ ਲਈ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

# ਭਾਰਤ 'ਚ ਸਿੱਖਾਂ ਨੂੰ ਖਾਲਿਸਤਾਨ ਤੇ ਮੁਸਲਮਾਨਾਂ ਨੂੰ ਜਿਹਾਦੀ ਅੱਤਵਾਦ ਦੇ ਨਾਂ 'ਤੇ ਕੀਤਾ ਜਾ ਰਿਹਾ ਬਦਨਾਮ

- **ਕੈਨੇਡਾ ਸਰਕਾਰ ਵੱਲੋਂ ਸਿੱਖ ਅੱਤਵਾਦ ਸ਼ਬਦ ਵਾਪਸ ਲਏ ਜਾਣ 'ਤੇ ਕੈਪਟਨ ਹੋਏ ਤੰਗ**
- **ਕਰਕਰੇ ਬਾਰੇ ਲਿਖੀ ਲੇਖਕ ਮੁਸ਼ੱਰਫ ਦੀ ਪੁਸਤਕ "Who Killed Karkae? : The Real face of terrorism in india" ਭਗਵੇਂ ਅੱਤਵਾਦ ਦਾ ਕਰਦੀ ਹੈ ਪਰਦਾਫਾਸ਼**

**ਪ੍ਰੋ. ਬਲਵਿੰਦਰਪਾਲ ਸਿੰਘ**
ਮੋਬ. 9815700916

ਡਾਕਟਰ ਅੰਬੇਦਕਰ ਜਾਣਦੇ ਸਨ ਕਿ ਰਾਸ਼ਟਰਵਾਦ ਬਹੁਜਨ ਤੇ ਘਟਗਿਣਤੀ ਕੌਮਾਂ ਨੂੰ ਦਬਾਉਣ ਦਾ ਮਨੂਵਾਦੀ ਹਥਿਆਰ ਹੈ। ਬਾਬਾ ਸਾਹਿਬ ਅੰਬੇਦਕਰ ਦੀ ਕਿਤਾਬ The Riddles of Hindustan' ਵਿਚ ਹਿੰਦੂਤਵ ਬਾਰੇ ਬਹੁਤ ਸਾਰੀਆਂ ਗੱਲਾਂ ਕਹੀਆਂ ਤੇ ਹਿੰਦੂਤਵੀ ਖਤਰਿਆਂ ਬਾਰੇ ਸਮਾਜ ਨੂੰ ਚੇਤਨ ਕੀਤਾ। ਪਰ ਭਗਵੇਂ ਅੱਤਵਾਦ ਬਾਰੇ ਪੰਜਾਬ ਤੇ ਭਾਰਤ ਦੇ ਸਿਆਸਤਦਾਨਾਂ ਨੂੰ ਸਮਝ ਨਹੀਂ ਆਈ। ਇਹ ਲੋਕ ਸਿੱਖ ਅੱਤਵਾਦ ਤੇ ਮੁਸਲਮ ਅੱਤਵਾਦ ਕਹਿ ਕੇ ਘੱਟ ਗਿਣਤੀ ਕੌਮਾਂ ਨੂੰ ਬਦਨਾਮ ਕਰ ਰਹੇ ਹਨ ਤੇ ਗੁਲਾਮੀ ਦਾ ਅਹਿਸਾਸ ਕਰਵਾ ਰਹੇ ਹਨ। ਵਿਸਾਖੀ ਦੇ ਸਮਾਗਮਾਂ ਦੌਰਾਨ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖ਼ਰ ਆਪਣੀ ਸਾਲ 2018 ਦੀ ਰਿਪੋਰਟ ਵਿੱਚੋਂ ਸ਼ਬਦ 'ਸਿੱਖ ਅੱਤਵਾਦ' ਹਟਾ ਦਿੱਤਾ ਹੈ। ਇਸ ਸਰਕਾਰੀ ਸਿੱਖ ਵਿਰੋਧੀ ਸ਼ਬਦਾਵਲੀ ਨੂੰ ਲੈ ਕੇ ਸਿੱਖਾਂ ਵਿਚ ਕਾਫ਼ੀ ਵਿਵਾਦ ਖੜ੍ਹਾ ਹੋਇਆ ਸੀ।

ਹੁਣ ਇਹ ਗੱਲ ਭਾਰਤ ਦੇ ਭਗਵੇ ਰਾਸ਼ਟਰਵਾਦੀਆਂ ਤੇ ਉਹਨਾਂ ਦੇ ਪਿਛਲੱਗਾਂ ਨੂੰ ਚੁਭ ਰਹੀ ਹੈ ਕਿ ਕੈਨੇਡਾ ਸਰਕਾਰ ਨੇ ਅਜਿਹਾ ਕਰਕੇ ਗਲਤ ਕੀਤਾ ਹੈ। ਪਰ ਭਗਵੇਂ ਅੱਤਵਾਦ ਨੂੰ ਲੈ ਕੇ ਇਹਨਾਂ ਦੇ ਬੁੱਲ੍ਹ ਤੇ ਦਿਮਾਗ ਸੀਤੇ ਹੋਏ ਹਨ, ਕਿਉਂਕਿ ਸੱਤਾ ਪੱਖ ਤੇ ਭਗਵੀਆਂ ਬਦਰੂਹਾਂ ਗੁਰੂ ਗੋਲਵਰਕਰ ਦਾ ਭਗਵਾਂ ਏਜੰਡਾ ਸੰਵਿਧਾਨ ਵਾਂਗ ਲਾਗੂ ਕਰ ਰਹੀਆਂ ਹਨ। ਕਾਂਗਰਸ, ਕਾਮਰੇਡ ਸਭ ਇਹਨਾਂ ਦੇ ਮੀਆਂ ਮਿੱਠੂ ਬਣੇ ਹੋਏ ਹਨ।

ਚੋਣਾਂ ਦੇ ਮੱਦੇਨਜ਼ਰ ਫਾਸ਼ੀਵਾਦੀ ਸੰਘ ਪਰਿਵਾਰ ਨੇ ਆਪਣੀਆਂ ਨਫ਼ਰਤੀ ਮੁਹਿੰਮਾਂ ਵਿਚ ਤੇਜ਼ੀ ਲਿਆਂਦੀ ਹੋਈ ਹੈ। ਮਜ਼ਦੂਰ, ਦਲਿਤ ਅਤੇ ਘੱਟ ਗਿਣਤੀਆਂ (ਖਾਸ ਕਰਕੇ ਮੁਸਲਿਮ ਤੇ ਸਿੱਖ) ਸੰਘ ਦੇ ਦੁਸ਼ਮਣਾਂ ਦੀ ਸੂਚੀ ਵਿਚ ਸਭ ਤੋਂ ਉੱਪਰ ਹਨ। ਰਜਿੰਦਰ ਸੱਚਰ ਸਾਬਕਾ ਜੱਜ ਨੇ ਕਿਹਾ ਸੀ ਕਿ ਭਾਜਪਾ ਦਾ ਹਿੰਦੂ ਰਾਜ ਦਾ ਏਜੰਡਾ ਅਤਿਅੰਤ ਖਤਰਨਾਕ ਹੈ। ਹਿੰਦੂ ਰਾਸ਼ਟਰਵਾਦ ਉਹ ਭਗਵਾਂ ਮਿਸ਼ਨ ਹੈ ਜਿਸ ਲਈ ਸੰਘ 1925 ਤੋਂ ਕੰਮ ਕਰ ਰਿਹਾ ਹੈ। ਮੋਦੀ ਸਰਕਾਰ ਸੰਘੀ ਲਾਣਾ ਹਿੰਦੂ ਰਾਸ਼ਟਰ ਤਹਿਤ ਦੇ ਆਧਾਰ 'ਤੇ ਧਰੁੱਵੀਕਰਨ ਕਰਨ ਲਈ ਰਾਮ ਮੰਦਿਰ ਬਣਾਉਣ ਦੀ ਫ਼ਿਰਕੂ ਖੇਡ ਖੇਡ ਕੇ ਦੰਗੇ ਕਰਵਾ ਸਕਦਾ ਹੈ। ਆਰ.ਐੱਸ.ਐੱਸ. ਮੁਖੀ ਮੋਹਨ ਭਗਵਤ ਦੇ ਇਹ ਬਿਆਨ ਇਸ ਖਤਰੇ ਵੱਲ ਸਪੱਸ਼ਟ ਇਸ਼ਾਰਾ ਕਰਦੇ ਹਨ ਕਿ ਜੋ ਕੰਮ ਸਰਕਾਰ ਨਹੀਂ ਕਰ ਸਕਦੀ ਉਹ ਸਾਧੂ ਸੰਤਾਂ ਨੂੰ ਕਰਨਾ ਚਾਹੀਦਾ ਹੈ।

1925 ਵਿਚ ਅੰਗਰੇਜ਼ੀ ਸਾਮਰਾਜ ਦੀ ਸੇਵਾ ਹਿੱਤ ਜਨਮੀ ਆਰ.ਐਸ.ਐਸ. ਦੀ ਫੌਜ ਕੋਲ ਐਨੇ ਮਾਰੂ ਹਥਿਆਰ ਹੋਣ ਦੇ ਬਾਵਜੂਦ ਮੋਦੀ ਸਰਕਾਰ ਅਤੇ ਮੋਦੀ ਵਿਰੋਧੀ ਸਿਆਸਤਦਾਨ ਇਸ ਨੂੰ ਭਗਵਾਂ ਅੱਤਵਾਦ ਮੰਨਣ ਨੂੰ ਤਿਆਰ ਨਹੀ। ਪਰ ਸਿੱਖਾਂ ਤੇ ਮੁਸਲਮਾਨਾਂ ਨੂੰ ਅੱਤਵਾਦੀ ਕਹਿਣ ਲਈ ਸੰਘ ਪਾੜਕੇ ਬਿਆਨਬਾਜੀ ਕਰਦੇ ਹਨ। ਇਹ ਸਿੱਧਾ ਸੰਵਿਧਾਨ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਮੋਦੀ ਰਾਜ ਅੰਦਰ ਭਾਜਪਾ ਸ਼ਾਸਿਤ ਪ੍ਰਾਂਤਾਂ ਅੰਦਰ ਪ੍ਰਸਤੀ ਤੇ ਜਾਤੀ-ਪਾਤੀ ਆਧਾਰ 'ਤੇ ਭਗਵੇਂ ਅੱਤਵਾਦ ਨਾਲ ਰਚੀਆਂ ਭੀੜਾਂ ਰਾਹੀਂ ਬੇਗੁਨਾਹ ਲੋਕਾਂ ਦੀਆਂ ਹੱਤਿਆਵਾਂ ਆਮ ਵਰਤਾਰਾ ਬਣ ਗਿਆ ਹੈ। ਮੋਹਨ ਭਾਗਵਤ ਵੱਲੋਂ ਆਰ.ਐਸ.ਐਸ ਨੂੰ ਫੌਜ ਵਰਗਾ ਸ਼ਕਤੀਸ਼ਾਲੀ ਦੱਸਣ ਤੇ ਮੋਦੀਕਿਆ ਦੇ ਬੁੱਲ ਸੀਤੇ ਜਾਣੇ ਇਸ ਗਲ ਦਾ ਸਬੂਤ ਹੈ ਕਿ ਭਾਰਤੀ ਸੰਵਿਧਾਨ ਨਾਲੋਂ ਭਗਵਾਂ ਤੰਤਰ ਮਜ਼ਬੂਤ ਹੈ।




ਮਹਾਂਰਾਸ਼ਟਰ ਪੁਲਿਸ ਦੇ ਇਕ ਰਿਟਾਇਡ ਆਈ. ਜੀ ਐਸ.ਐਮ. ਮੁਸ਼ਰਿਫ ਵਲੋਂ ਲਿਖੀ ਕਿਤਾਬ "Who Killed Karkae? : The Real face of terrorism in india" ਦਾ ਵਿਸ਼ਲੇਸ਼ਣ ਹੈ ਜਿਸ ਵਿਚ ਮੁਸ਼ਰਿਫ ਨੇ ਭਾਰਤ ਨੂੰ ਅਸਲ ਖ਼ਤਰਾ ਬ੍ਰਾਹਮਣਵਾਦੀਆਂ ਤੋਂ ਦੱਸਿਆ ਹੈ। ਮੁਸ਼ਰਿਫ ਨੇ ਇਹ ਸਾਰੇ ਤੱਥ ਆਪਣੇ ਪੁਲਿਸ ਜੀਵਨ ਦੇ ਤਜਰਬੇ, ਅਖ਼ਬਾਰੀ ਰਿਪੋਰਟਾਂ 'ਤੇ ਆਧਾਰਿਤ ਦਰਸਾਏ ਹਨ ਤੇ ਭਾਰਤ ਵਿਚ ਇਕ ਤਰ੍ਹਾਂ ਪਹਿਲੀ ਵਾਰ 'ਇਸਲਾਮਿਕ ਅੱਤਵਾਦ' ਦੇ ਪਿੱਛੇ ਅਸਲ ਦੋਸ਼ੀਆਂ ਦਾ ਪਰਦਾ ਫਾਸ਼ ਕੀਤਾ ਹੈ।

ਹਥਲੀ ਪੁਸਤਕ ਲੇਖਕ ਨੇ 2016 ਵਿੱਚ ਪਾਠਕਾਂ ਦੇ ਸਾਹਮਣੇ ਰੱਖੀ ਸੀ ਜੋ ਆਰ.ਐਸ.ਐਸ ਅਤੇ ਇਸਦੇ ਸਹਿਯੋਗੀ ਸੰਗਠਨਾਂ ਦੇ ਧਾਰਮਿਕ ਅਤੇ ਰਾਸ਼ਟਰਵਾਦ ਦੇ ਮੁਖੌਟੇ ਨੂੰ ਉਤਾਰ ਕੇ ਪਰਦਾਫਾਸ਼ ਕਰਦੀ ਹੈ। ਇਸ ਕਿਤਾਬ ਦੇ ਅਧਿਆਏ 1ਦੇ ਸਫ਼ਾ ਨੰ.5 'ਤੇ ਲੇਖਕ ਲਿਖਦਾ ਹੈ "ਹਿੰਦੂ ਮੁਸਲਿਮ ਦੰਗੇ ਕਰਵਾਉਣ ਤੋਂ ਇਲਾਵਾ ਮੁਸਲਿਮ ਅੱਤਵਾਦ ਦਾ ਡਰ ਲੋਕਾਂ ਦੇ ਦਿਲੋ ਦਿਮਾਗ ਵਿੱਚ ਭਰ ਦੇਣ ਦਾ ਕੰਮ ਆਰ.ਐਸ.ਐਸ ਤੇ ਹੋਰ ਮਨੂਵਾਦੀ ਸੰਗਠਨ ਕਰ ਰਹੇ ਹਨ।" ਸੰਨ 2002 ਤੋਂ ਲੈ ਕੇ 2009 ਤੱਕ ਹੋਏ ਅੱਤਵਾਦੀ ਹਮਲੇ ਅਤੇ ਬੰਬ ਧਮਾਕਿਆਂ ਬਾਰੇ ਲੇਖਕ ਸਫ਼ਾ-6 'ਤੇ ਲਿਖਦਾ ਹੈ ਕਿ "ਸੰਘ ਪਰਿਵਾਰ ਦੇਸ਼ ਵਿੱਚ ਅੱਤਵਾਦ ਫੈਲਾਉਣ ਵਾਲਾ ਇੱਕ ਸੰਗਠਨ ਹੈ।" ਪਰ ਇਹ ਹਕੀਕਤ ਕਿਵੇਂ ਸਾਹਮਣੇ ਆਈ ਹੈ "29 ਸਤੰਬਰ 2009 ਮਾਲੇਗਾਉਂ ਦੇ ਭਿੱਖੂ ਚੌਂਕ ਵਿੱਚ ਹੋਏ ਬੰਬ ਧਮਾਕੇ ਵਿਚ ਛੇ ਲੋਕ ਮਾਰੇ ਗਏ ਅਤੇ 100 ਤੋਂ ਵੱਧ ਜਖ਼ਮੀ ਹੋਏ ਸਨ ਜੋ ਕਿ ਇਸਦੀ ਜਾਂਚ ਮਹਾਰਾਸ਼ਟਰ ਏ.ਟੀ.ਐਸ ਦੇ ਮੁਖੀ ਹੇਮੰਤ ਕਰਕਰੇ ਵਲੋਂ ਕੀਤੀ ਗਈ ਅਤੇ ਜਾਂਚ ਦੌਰਾਨ ਹੇਮੰਤ ਕਰਕਰੇ ਨੇ ਲੈਫਟੀਨੈਂਟ ਕਰਨਲ ਪ੍ਰਸਾਦ ਪ੍ਰੋਹਿਤ ਤੋਂ ਇੱਕ ਅਤੇ ਜੰਮੂ ਦੇ ਸ਼ਾਰਧਾ ਪੀਠ ਦੇ ਮਹੰਤ ਦਿਆਨੰਦ ਪਾਂਡੇ ਤੋਂ ਦੋ ਲੈਪਟਾਪ ਬਰਾਮਦ ਕੀਤੇ। ਲੇਖਕ ਅਨੁਸਾਰ "ਇਹਨਾਂ ਲੈਪਟਾਪਾਂ ਵਿੱਚ ਇਹਨਾਂ ਸੰਗਠਨਾਂ ਦੀਆਂ ਮੀਟਿੰਗਾਂ ਦੇ ਆਡੀਓ ਵੀਡੀਓ ਕਲਿਪ, ਹਿੰਦੂ ਰਾਸ਼ਟਰ ਬਨਾਉਣ ਦੀ ਯੋਜਨਾ ਦੇ ਬਲਿਊ ਪ੍ਰਿੰਟ ਹੀ ਸਨ।" ਜਾਂਚ ਅਨੁਸਾਰ ਇਹਨ੍ਹਾਂ ਘਟਨਾਵਾਂ ਪਿੱਛੇ ਸਾਧਵੀ ਪ੍ਰੀਗਿਆ ਠਾਕੁਰ, ਸ਼ਾਮਲਾਲ ਸ਼ਾਹੂ, ਸ਼ਿਵ ਨਰਾਇਨ ਕਾਲ ਸੰਗਰਾ, ਲੈਫਟੀਨੈਂਟ ਪ੍ਰਸਾਦ ਪ੍ਰੋਹਿਤ, ਸਾਬਕਾ ਮੇਜਰ ਰਮੇਸ਼ ਉਪਾਧਿਆ, ਮਹੰਤ ਦਿਆਨੰਦ ਪਾਂਡੇ, ਸਮੀਰ ਕੁਲਕਰਨੀ, ਜਗਦੀਸ਼ ਮਹਾਤਰੇ, ਸੁਦਾਖਰ ਚਤਰਵੇਦੀ, ਰਾਮ ਜੀ ਕਾਲਸੰਗਰਾ, ਸੰਦੀਪ ਡਾਂਗੇ ਤੇ ਪ੍ਰਵੀਨ ਮੁਤਲਕ ਸਮੇਤ ਅਨੇਕਾਂ ਨਾਮ ਸਾਹਮਣੇ ਆਏ। ਅਧਿਆਏ ਤਿੰਨ ਦੇ ਸਫ਼ਾ 13 'ਤੇ ਲੇਖਕ ਦੇਸ਼ ਵਿੱਚ ਵਾਪਰ ਰਹੀਆਂ ਬੰਬ ਧਮਾਕਿਆਂ ਅਤੇ ਅੱਤਵਾਦੀ ਘਟਨਾਵਾਂ ਪਿੱਛੇ "ਸੰਘ ਪਰਿਵਾਰ ਦਾ ਦੇਸ਼ ਦੀ ਗੁਪਤਚਰ ਏਜੰਸੀ ਨਾਲ ਮਿਲੇ ਹੋਣ ਦਾ ਸ਼ੱਕ ਵੀ ਜ਼ਾਹਿਰ ਕਰਦਾ ਹੈ।

ਇਸ ਪੁਸਤਕ ਵਿੱਚ ਲੇਖਕ ਇਨ੍ਹਾਂ ਭਗਵੇਂ ਸੰਗਠਨਾਂ ਵਲੋਂ ਅੱਤਵਾਦੀ ਸਿਖਲਾਈ ਕੇਂਦਰ, ਉਨ੍ਹਾਂ ਵਿੱਚ ਦਿੱਤੀ ਜਾ ਰਹੀ ਸਿਖਲਾਈ ਅਤੇ ਸਿਖਲਾਈ ਕਰਤਾਵਾਂ ਬਾਰੇ ਵੀ ਖੁਲਾਸੇ ਕਰਦਾ ਹੈ। ਲੇਖਕ ਅਨੁਸਾਰ "ਪੂਣੇ, ਨਾਗਪੁਰ, ਭੁਪਾਲ, ਬੰਬਈ, ਬਗਲੀ ਤੇ ਪੰਚਮੜੀ ਸਮੇਤ ਹੋਰ 71 ਥਾਵਾਂ 'ਤੇ ਭਾਰਤ ਵਿੱਚ "ਸੰਘ ਪਰਿਵਾਰ" ਵਲੋਂ ਬੰਬ ਆਦਿਕ, ਹਥਿਆਰ ਬਨਾਉਣ ਅਤੇ ਇਨ੍ਹਾਂ ਨੂੰ ਚਲਾਉਣ ਦੇ ਸਿਖਲਾਈ ਕੇਂਦਰ ਚਲਾਏ ਜਾ ਰਹੇ ਹਨ।"

ਅਮਰੀਕਾ ਦੀ ਅੱਤਵਾਦ ਬਾਰੇ ਖੋਜ ਏਜੰਸੀ ਨੇ ਆਪਣੀ ਵੈਬਸਾਈਟ "ਟੈਰਾਰਿਜ਼ਮ ਡਾਟ ਕਾਮ" ਉਤੇ 24 ਅਪ੍ਰੈਲ 2014 ਨੂੰ ਦੁਨੀਆ ਵਿੱਚ ਅੱਤਵਾਦ ਫੈਲਾਉਣ ਵਾਲੇ ਅੱਤਵਾਦੀ ਸੰਗਠਨਾਂ ਦੀ ਸੂਚੀ ਵਿਚ ਆਰ.ਐਸ.ਐਸ ਨੂੰ ਸ਼ਾਮਲ ਕਰ ਲਿਆ ਹੈ। ਇਸ ਸੱਚ ਉਪਰ ਕਾਲੀ ਧੁੰਦ ਭਗਵੇਂ ਰਾਸ਼ਟਰਵਾਦੀ ਤੇ ਪਿਛਲੱਗ ਕਿਉਂ ਜਮਾ ਰਹੇ ਹਨ। ਕੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਸ ਸਮੁੱਚੇ ਭਗਵੇਂ ਵਰਤਾਰੇ ਬਾਰੇ ਜਾਣਕਾਰੀ ਹੈ?

# ਭਾਜਪਾ ਦੀ ਆੜੀ ਕਾਰਨ ਅਕਾਲੀ ਦਲ ਨੇ ਪੰਜਾਬ ਦੇ ਮੁੱਦੇ ਛੱਡੇ

**✪ ਅਕਾਲੀ ਦਲ ਕਾਲੇ ਕਾਨੂੰਨਾਂ ਤੇ ਸੁਰੱਖਿਆ ਫੋਰਸਾਂ ਨੂੰ ਵਾਧੂ ਅਧਿਕਾਰ ਦੇਣ ਦੇ ਹੱਕ 'ਚ ✪ ਭਾਜਪਾ ਦਾ ਚੋਣ ਮਨੋਰਥ ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰਨ ਵਾਲਾ**

- **ਭਗਵੀਂ ਗਤੀਵਿਧੀਆਂ ਅੱਗੇ ਭਾਰਤੀ ਚੋਣ ਕਮਿਸ਼ਨ ਬੇਵੱਸ**
- **ਕਾਲੇ ਕਾਨੂੰਨਾਂ ਦੀ ਵਕਾਲਤ ਅਤੇ ਰਾਸ਼ਟਰਵਾਦ ਬਣਿਆ ਭਾਜਪਾ ਦਾ ਚੋਣ ਏਜੰਡਾ**
- **ਵਿਰੋਧੀ ਪਾਰਟੀਆਂ ਨੂੰ ਈਵੀਐਮ 'ਤੇ ਨਹੀਂ ਭਰੋਸਾ, ਜਾਣਗੀਆਂ ਸੁਪਰੀਮ ਕੋਰਟ**



**ਜਲੰਧਰ/ਬਿਊਰੋ ਨਿਊਜ਼ :** ਬਾਦਲ ਦਲ ਇਹਨਾਂ ਲੋਕ ਸਭਾ ਚੋਣਾਂ ਦੌਰਾਨ ਆਪਣਾ ਪੰਥਕ ਤੇ ਪੰਜਾਬ ਪੱਖੀ ਪ੍ਰੋਗਰਾਮ ਤਿਆਗ ਕੇ ਭਾਜਪਾ ਦੀਆਂ ਕੇਂਦਰੀ ਨੀਤੀਆਂ ਨੂੰ ਅਪਨਾ ਰਿਹਾ ਹੈ। ਇਹੀ ਕਾਰਨ ਹੈ ਕਿ ਉਸ ਨੇ ਭਾਜਪਾ ਦੇ ਚੋਣ ਏਜੰਡੇ ਦੀ ਸ਼ਲਾਘਾ ਕੀਤੀ ਹੈ।

ਦੇਸ਼ ਦੇ ਕੌਮੀ ਸਿਆਸੀ ਦ੍ਰਿਸ਼ 'ਤੇ ਭਿੜ ਰਹੀਆਂ ਦੋ ਪ੍ਰਮੁੱਖ ਰਾਜਸੀ ਪਾਰਟੀਆਂ ਕਾਂਗਰਸ ਅਤੇ ਭਾਜਪਾ ਵੱਲੋਂ ਆਪੋ ਆਪਣੇ ਚੋਣ ਮਨੋਰਥ ਪੱਤਰ ਜਾਰੀ ਕੀਤੇ ਜਾ ਚੁੱਕੇ ਹਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਰਵਾਇਤ ਨੂੰ ਜਾਰੀ ਰੱਖਦਿਆਂ ਕਾਂਗਰਸ ਦੇ ਚੋਣ ਮਨੋਰਥ ਪੱਤਰ ਨੂੰ ਭੰਡਿਆ ਹੈ ਪਰ ਕੇਂਦਰੀ ਤੇ ਰਾਸ਼ਟਰਵਾਦ ਪੱਖੀ ਆਪਣੇ ਭਾਈਵਾਲ ਭਾਜਪਾ ਦੇ ਮੈਨੀਫੈਸਟੋ ਦੀ ਹਮਾਇਤ ਕੀਤੀ ਜਾ ਰਹੀ ਹੈ। ਬਾਦਲ ਅਕਾਲੀ ਦਲ ਵੱਲੋਂ ਫੌਜ ਨੂੰ ਮਿਲੇ ਵਾਧੂ ਅਧਿਕਾਰਾਂ ਅਤੇ ਜੰਮੂ ਕਸ਼ਮੀਰ ਵਿੱਚ ਭਾਜਪਾ ਵੱਲੋਂ ਧਾਰਾ 370 ਖ਼ਤਮ ਕਰਨ ਦੇ ਏਜੰਡੇ ਦੀ ਹਮਾਇਤ ਵੀ ਕੀਤੀ ਗਈ ਹੈ। ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਜੋ ਪਾਰਟੀ ਵੱਲੋਂ ਗਠਿਤ ਕੀਤੀ ਚੋਣ ਮੈਨੀਫੈਸਟੋ ਕਮੇਟੀ ਦੇ ਮੈਂਬਰ ਵੀ ਹਨ, ਨੇ ਦਲੀਲ ਦਿੱਤੀ ਹੈ ਕਿ ਕਾਂਗਰਸ ਵੱਲੋਂ ਭਾਰਤੀ ਸੈਨਾ ਨੂੰ ਦਿੱਤੇ ਗਏ ਵਾਧੂ ਅਧਿਕਾਰ ਵਾਪਸ ਲੈਣ ਜਾਂ ਘੱਟ ਕਰਨ ਦਾ ਕੀਤਾ ਐਲਾਨ ਸੈਨਾਵਾਂ ਦੇ ਮਨੋਬਲ ਨੂੰ ਘਟਾਵੇਗਾ। ਅਫਸਪਾ ਬਾਰੇ ਡਾ. ਚੀਮਾ ਨੇ ਜੰਮੂ ਕਸ਼ਮੀਰ ਜਾਂ ਉਤਰ ਪੂਰਬੀ ਰਾਜਾਂ ਵਿਚ ਸੈਨਾਂ ਦੇ ਜਵਾਨਾਂ ਵੱਲੋਂ ਇਨ੍ਹਾਂ ਅਧਿਕਾਰਾਂ ਦੀ ਆੜ ਹੇਠ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ਾਂ ਨੂੰ ਰੱਦ ਕਰ ਦਿੱਤਾ।

ਦੂਜੇ ਪਾਸੇ ਵਿੱਤ ਮੰਤਰੀ ਅਰੁਣ ਜੇਤਲੀ ਨੇ ਵਿਰੋਧੀ ਧਿਰ ਦੇ ਇਸ ਤਰਕ ਨੂੰ ਖ਼ਾਰਜ ਕਰ ਦਿੱਤਾ ਕਿ ਰਾਸ਼ਟਰੀ ਸੁਰੱਖਿਆ ਦੇ ਮੁੱਦਿਆਂ 'ਤੇ ਚੋਣ ਨਹੀਂ ਲੜੀ ਜਾਣੀ ਚਾਹੀਦੀ। ਉਨ੍ਹਾਂ ਕਿਹਾ ਕਿ ਸੁਰੱਖਿਆ ਤੇ ਅੱਤਵਾਦ ਲੰਬੇ ਸਮੇਂ ਦੇ ਸਭ ਤੋਂ ਮਹੱਤਵਪੂਰਨ ਮੁੱਦੇ ਹਨ ਜਦੋਂ ਕਿ ਹੋਰ ਸਾਰੀਆਂ ਚੁਣੌਤੀਆਂ ਦਾ ਜਲਦ ਹੱਲ ਹੋ ਸਕਦਾ ਹੈ।

ਡਾ. ਦਲਜੀਤ ਸਿੰਘ ਚੀਮਾ ਨੇ ਕਾਂਗਰਸ ਵੱਲੋਂ ਕਿਸਾਨਾਂ ਲਈ ਕੀਤੇ ਵਾਅਦਿਆਂ ਨੂੰ ਭੰਡਦਿਆਂ ਕਿਹਾ ਕਿ ਅਕਾਲੀ ਦਲ ਲੰਮੇ ਸਮੇਂ ਤੋਂ ਮੰਗ ਕਰਦਾ ਆ ਰਿਹਾ ਹੈ ਕਿ ਖੇਤੀ ਲਈ ਵੱਖਰਾ ਬਜਟ ਹੋਣਾ ਚਾਹੀਦਾ ਹੈ। ਕਾਂਗਰਸ ਵੱਲੋਂ ਆਪਣੇ ਚੋਣ ਮਨੋਰਥ ਪੱਤਰ ਰਾਹੀਂ ਖੇਤੀ ਲਈ ਵੱਖਰਾ ਬਜਟ ਲਿਆਉਣ ਦਾ ਵਾਅਦਾ ਵੀ ਕੀਤਾ ਗਿਆ ਹੈ। ਅਕਾਲੀ ਦਲ ਦੇ ਆਗੂ ਦਾ ਕਹਿਣਾ ਹੈ ਕਿ ਕਾਂਗਰਸ ਸਾਫ਼ ਨੀਅਤ ਨਾਲ ਨਾ ਤਾਂ ਵਾਅਦੇ ਕਰਦੀ ਹੈ ਤੇ ਨਾ ਹੀ ਨਿਭਾਉਂਦੀ ਹੈ। ਡਾ. ਚੀਮਾ ਨੇ ਕਿਹਾ ਕਿ ਕਾਂਗਰਸ ਨੇ ਕਰਜ਼ਾ ਮੁਆਫ਼ੀ ਲਈ ਪੰਜਾਬ ਵਿਚ ਪਾਇਲਟ ਪ੍ਰਾਜੈਕਟ ਬਣਾਇਆ ਤੇ ਕਿਸਾਨਾਂ ਸਿਰ ਚੜ੍ਹਿਆ ਸਾਰਾ ਕਰਜ਼ਾ ਮੁਆਫ਼ ਕਰਨ ਦਾ ਵਾਅਦਾ ਕਰਕੇ ਮੁੱਕਰ ਗਏ।

ਭਾਜਪਾ ਦਾ ਚੋਣ ਮੈਨੀਫੈਸਟੋ ਪੰਜਾਬ ਵਿਰੋਧੀ

ਭਾਜਪਾ ਦਾ ਚੋਣ ਮੈਨੀਫ਼ੈਸਟੋ ਪੰਜਾਬ ਲਈ ਇਕ ਵੱਡਾ ਸੰਕਟ ਖੜ੍ਹਾ ਕਰ ਸਕਦਾ ਹੈ। ਭਾਜਪਾ ਨੇ ਪਾਣੀ ਦੀ ਸਮੱਸਿਆ ਵਾਸਤੇ ਇਕ ਵਖਰਾ ਮੰਤਰਾਲਾ ਬਣਾਉਣ ਦਾ ਵਾਅਦਾ ਕੀਤਾ ਹੈ। ਇਕ ਵੱਖ ਮੰਤਰਾਲਾ ਬਣਾਉਣ ਨਾਲ ਪਾਣੀਆਂ ਦੀ ਸਮੱਸਿਆ ਨੂੰ ਤੇਜ਼ੀ ਨਾਲ ਸੋਧਿਆ ਜਾ ਸਕਦਾ ਹੈ। ਭਾਜਪਾ ਨੇ ਸਾਰੀਆਂ ਵੱਡੀਆਂ ਨਦੀਆਂ ਨੂੰ ਆਪਸ ਵਿਚ ਜੋੜਨ ਦੀ ਯੋਜਨਾ ਬਣਾਈ ਹੈ ਜਿਸ ਵਿਚ ਉਹ ਵਾਧੂ ਪਾਣੀ ਨੂੰ ਬੰਨ੍ਹਾਂ ਵਿਚ ਸੰਭਾਲ ਲੈਣਗੇ ਤੇ ਲੋੜ ਪੈਣ ਤੇ ਘੱਟ ਪਾਣੀ ਵਾਲੇ ਸੂਬਿਆਂ ਵਲ ਵਹਾ ਦੇਣਗੇ। ਇਹ ਯੋਜਨਾ ਪੰਜਾਬ ਦੇ ਪਾਣੀਆਂ ਦੇ ਹੱਕਾਂ 'ਤੇ ਡਾਕਾ ਮਾਰਨ ਵਾਲੀ ਹੈ। ਪੰਜਾਬ ਰਿਪੇਰੀਅਨ ਸੂਬਾ ਹੈ, ਜਿਸ ਉੱਪਰ ਕੇਂਦਰ ਦਾ ਪਾਣੀਆਂ 'ਤੇ ਅਧਿਕਾਰ ਨਹੀਂ ਬਣਦਾ, ਪਰ ਫਿਰ ਵੀ ਭਾਜਪਾ ਸਟੇਟਾਂ ਨੂੰ ਕੇਂਦਰ ਦੀ ਬਸਤੀ ਬਣਾਉਣ ਵਿਚ ਜੁਟੀ ਹੋਈ ਹੈ। ਜਦ ਰਾਜਸਥਾਨ ਆਪਣੀ ਧਰਤੀ ਵਿਚੋਂ ਨਿਕਲਦੇ ਸੰਗਮਰਮਰ ਨੂੰ ਦੇਸ਼ ਨਾਲ ਨਹੀਂ ਵੰਡਦਾ ਤਾਂ ਫਿਰ ਪੰਜਾਬ ਤੋਂ ਪਾਣੀ ਕਿਵੇਂ ਖਿੱਚ ਸਕਦਾ ਹੈ ? ਪੰਜਾਬ ਵਾਸਤੇ ਇਹ ਸਕੀਮ ਬਹੁਤ ਖ਼ਤਰਨਾਕ ਸਾਬਤ ਹੋ ਸਕਦੀ ਹੈ ਕਿਉਂਕਿ ਇਸ ਨੈੱਟਵਰਕ ਵਿਚ ਪੰਜਾਬ ਨੂੰ ਸ਼ਾਮਲ ਨਹੀਂ ਕੀਤਾ ਗਿਆ। ਪਰ ਹਿਮਾਲਿਆ ਦੀਆਂ ਬਰਫ਼ੀਲੀਆਂ ਪਹਾੜੀਆਂ ਦਾ ਪਾਣੀ ਗੰਗਾ ਰਾਹੀਂ ਇਸ ਨੈੱਟਵਰਕ ਦਾ ਹਿੱਸਾ ਬਣਾਇਆ ਜਾਵੇਗਾ। ਜਦੋਂ ਬਰਫ਼ਾਂ ਦਾ ਪਾਣੀ ਗੰਗਾ ਵਿਚੋਂ ਲੈ ਕੇ ਇਸ ਨੈੱਟਵਰਕ ਦਾ ਹਿੱਸਾ ਬਣਾਇਆ ਜਾਵੇਗਾ ਤਾਂ ਪੰਜਾਬ ਦੀਆਂ ਨਦੀਆਂ ਦਾ ਪਾਣੀ ਘੱਟ ਜਾਵੇਗਾ। ਪੰਜਾਬ ਵਿਚ ਪਹਿਲਾਂ ਹੀ ਜ਼ਮੀਨ ਦੇ ਪਾਣੀ ਦਾ ਪੱਧਰ ਖ਼ਤਰਨਾਕ ਪੱਧਰ ਤਕ ਡਿੱਗ ਚੁੱਕਾ ਹੈ। ਹੁਣ ਜੇ ਕੇਂਦਰ ਸਰਕਾਰ ਦੀ ਯੋਜਨਾ ਪੰਜਾਬ ਦਾ ਖ਼ਿਆਲ ਨਹੀਂ ਰਖੇਗੀ ਤਾਂ ਪੰਜਾਬ ਦੀ ਤਬਾਹੀ ਸੰਭਵ ਹੈ। ਅਕਾਲੀ ਦਲ ਨੇ ਆਪਣੇ ਭਾਈਵਾਲ ਭਾਜਪਾ ਤੋਂ ਇਸ ਮੁੱਦੇ ਤੇ ਪੰਜਾਬ ਦੇ ਹਿਤਾਂ ਬਾਰੇ ਸਪੱਸ਼ਟੀਕਰਨ ਨਹੀਂ ਮੰਗਿਆ।

### ਡਰੇ ਹੋਏ ਭਗਵੇਂ ਸਿਆਸਤਦਾਨ

ਆਪਣੀ ਵਿਰੋਧੀ ਆਵਾਜ਼ ਤੋਂ ਭਗਵੇਂ ਸਿਆਸਤਦਾਨ ਘਬਰਾਏ ਹੋਏ ਹਨ ਤੇ ਉਹ ਰਾਸ਼ਟਰਵਾਦ ਦੇ ਨਾਮ 'ਤੇ ਇਸ ਨੂੰ ਦਬਾਉਣ ਦੀ ਕੋਸ਼ਿਸ ਕਰ ਰਹੇ ਹਨ। ਸ਼ਿਵ ਸੈਨਾ ਦੇ ਆਗੂ ਸੰਜੇ ਰਾਊਤ ਨੇ ਸ਼ਿਵ ਸੈਨਾ ਦੇ ਅਖ਼ਬਾਰ ਸਾਮਨਾ ਵਿਚ ਲਿਖਿਆ ਹੈ ਕਿ ਘਨਈਆ ਕੁਮਾਰ ਨੂੰ ਹਰਾਉਣ ਵਾਸਤੇ ਭਾਜਪਾ ਕੁੱਝ ਵੀ ਕਰੇ ਤੇ ਜੇ ਲੋੜ ਪਵੇ ਤਾਂ ਈ.ਵੀ.ਐਮ. ਨਾਲ ਛੇੜਛਾੜ ਵੀ ਕਰੇ। ਘਨਈਆ ਕੁਮਾਰ, ਜੋ ਕਿ ਨਹਿਰੂ 'ਵਰਸਟੀ ਦਾ ਵਿਦਿਆਰਥੀ ਸੀ, ਉਹ ਬੇਗੂਸਰਾਏ ਤੋਂ ਗਿਰੀਰਾਜ ਸਿੰਘ ਵਿਰੁਧ ਚੋਣ ਲੜ ਰਿਹਾ ਹੈ। ਭਾਜਪਾ ਆਪਣੇ ਵਿਰੋਧੀਆਂ ਤੋਂ ਏਨੀ ਘਬਰਾਈ ਹੋਈ ਹੈ ਕਿ ਉਹ ਹਰ ਕਾਨੂੰਨ ਨੂੰ ਤੋੜ ਕੇ ਜਿੱਤਣ ਦੀ ਕੋਸ਼ਿਸ਼ ਕਰ ਰਹੀ ਹੈ।

ਵਿਰੋਧੀ ਪਾਰਟੀਆਂ ਸੁਪਰੀਮ ਕੋਰਟ ਜਾਣਗੀਆਂ

ਵਿਰੋਧੀ ਪਾਰਟੀਆਂ ਨੇ ਈਵੀਐੱਮਜ਼ ਦੀ ਭਰੋਸੇਯੋਗਤਾ ਉੱਤੇ ਸ਼ੱਕ ਦਾ ਪ੍ਰਗਟਾਵਾ ਕਰਦਿਆਂ ਐਲਾਨ ਕੀਤਾ ਹੈ ਕਿ ਉਹ ਪੇਪਰ ਟਰਾਇਲ ਰਾਹੀਂ 50 ਫੀਸਦੀ ਵੋਟਾਂ ਦੀ ਪੜਤਾਲ ਦੀ ਮੰਗ ਲਈ ਮੁੜ ਸੁਪਰੀਮ ਕੋਰਟ ਵਿੱਚ ਜਾਣਗੀਆਂ। ਵਿਰੋਧੀ ਪਾਰਟੀਆਂ ਜਿਨ੍ਹਾਂ ਵਿੱਚ ਕਾਂਗਰਸ, ਤੇਲਗੂ ਦੇਸਮ ਪਾਰਟੀ, ਸਮਾਜਵਾਦੀ ਪਾਰਟੀ, ਸੀਪੀਆਈ (ਐੱਮ) ਤੇ ਆਪ ਸ਼ਾਮਲ ਸਨ, ਨੇ ਇੱਥੇ 'ਜਮਹੂਰੀਅਤ ਬਚਾਓ' ਦੇ ਸੱਦੇ ਤਹਿਤ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਚੋਣ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਅਤੇ ਮਤਦਾਤਾ ਦੇ ਅਧਿਕਾਰਾਂ ਦੀ ਰੱਖਿਆ ਦਾ ਮੁੱਦਾ ਉਠਾਇਆ।

ਇਸ ਮੌਕੇ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੇ ਭਾਜਪਾ ਉੱਤੇ ਲੋਕ ਸਭਾ ਚੋਣਾਂ ਜਿੱਤਣ ਲਈ ਈਵੀਐਮਜ਼ ਦੀ 'ਪ੍ਰੋਗਰਾਮਿੰਗ' ਕਰਨ ਦਾ ਦੋਸ਼ ਲਾਇਆ। ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਨੇ ਦੱਸਿਆ ਕਿ 21 ਰਾਜਸੀ ਪਾਰਟੀਆਂ ਨੇ 50 ਫੀਸਦੀ ਈਵੀਐੱਮਜ਼ ਦੀ ਵੀਵੀ ਪੈਟ ਰਾਹੀਂ ਵੋਟ ਪਰਚੀਆਂ ਦੀ ਪੜਤਾਲ ਦੀ ਮੰਗ ਕੀਤੀ ਹੈ। ਨਾਇਡੂ ਨੇ ਬੀਤੇ ਦਿਨੀਂ ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੂੰ ਮਿਲ ਕੇ ਈਵੀਐਮਜ਼ ਦੀ ਮਾੜੀ ਕਾਰਗੁਜ਼ਾਰੀ ਦਾ ਮੁੱਦਾ ਉਠਾਇਆ ਸੀ। ਕਾਂਗਰਸ ਵੱਲੋਂ ਸੀਨੀਅਰ ਨੇਤਾ ਅਭਿਸ਼ੇਕ ਸਿੰਘਵੀ ਨੇ ਕਿਹਾ ਕਿ ਉਹ ਸੁਪਰੀਮ ਕੋਰਟ ਵਿੱਚ ਮੰਗ ਕਰਨਗੇ ਕਿ ਹਰ ਵਿਧਾਨ ਸਭਾ ਹਲਕੇ ਵਿੱਚ ਘੱਟੋ ਘੱਟ 50 ਫੀਸਦੀ ਵੀਵੀਪੈਟ ਪਰਚੀਆਂ ਦਾ ਈਵੀਐੱਮਜ਼ ਦੇ ਨਾਲ ਮਿਲਾਨ ਯਕੀਨੀ ਬਣਾਇਆ ਜਾਵੇ।

### ਜਨਤਾ ਦੇ ਅਸਲ ਮੁੱਦੇ ਗਾਇਬ

ਭਾਰਤ ਵਿੱਚ ਪਹਿਲੇ ਗੇੜ ਦੀਆਂ ਚੋਣਾਂ ਹੋ ਗਈਆਂ ਹਨ, ਛੇ ਗੇੜ ਬਾਕੀ ਨੇ। ਪਹਿਲੇ ਗੇੜ ਵਿੱਚ 3 ਲੋਕਾਂ ਦੀ ਮੌਤ ਦੀਆਂ ਖ਼ਬਰਾਂ ਆਈਆਂ, ਜਿਸ ਨੇ ਇਹ ਦੱਸ ਦਿੱਤਾ ਕਿ ਲੋਕਤੰਤਰ ਭਗਵੇਂ ਤੇ ਹਿੰਸਕ ਤੰਤਰ ਵਿਚ ਬਦਲ ਰਿਹਾ ਹੈ। ਚੋਣਾਂ ਸਿਰਫ਼ ਰਾਸ਼ਟਰਵਾਦ ਤੇ ਭਗਵੇਂ ਰਾਸ਼ਟਰਵਾਦ ਬਾਲਾਕੋਟ ਵਿੱਚ ਹਵਾਈ ਹਮਲਾ, ਪੁਲਵਾਮਾ ਦੇ ਸ਼ਹੀਦਾਂ ਦਾ ਬਦਲਾ, ਹਿੰਦੂਵਾਦ, ਰਾਮ ਮੰਦਰ ਦੇ ਨਾਂਅ 'ਤੇ ਲੜੀਆਂ ਜਾਣਗੀਆਂ। ਇਹ ਭਾਜਪਾ ਦੇ ਚੋਣ ਮੈਨੀਫੈਸਟੋ ਤੋਂ ਸਾਫ ਹੋ ਗਿਆ ਹੈ। ਵਿਰੋਧੀ ਪਾਰਟੀਆਂ ਲੋਕਾਂ ਨੂੰ ਇਹ ਸਮਝਾਉਣ ਵਿੱਚ ਕਾਮਯਾਬ ਨਹੀਂ ਹੋਈਆਂ ਕਿ ਤੁਹਾਡੇ ਅਸਲ ਮੁੱਦਿਆਂ 'ਤੇ ਭਾਜਪਾ ਸਰਕਾਰ ਨੇ ਕੁਝ ਕੀਤਾ ਜਾਂ ਨਹੀਂ ? ਹੁਣ ਤਾਂ ਇਉਂ ਜਾਪਣ ਲੱਗਾ ਕਿ ਭਾਰਤ ਵਿੱਚ ਵੋਟਾਂ ਹੀ 'ਚੌਕੀਦਾਰ' ਦੇ ਨਾਂਅ 'ਤੇ ਮੰਗੀਆਂ ਜਾ ਰਹੀਆਂ। ਪੰਜਾਬ ਵਿਚ ਵੀ ਪੰਜਾਬ ਪੱਖੀ ਮੁੱਦੇ ਗਾਇਬ ਹਨ। ਪੰਜਾਬ ਵਿੱਚ ਵੋਟਾਂ ਤਿੰਨ-ਚਾਰ ਮੁੱਦਿਆਂ ਦੇ ਆਧਾਰ 'ਤੇ ਮੰਗੀਆਂ ਜਾ ਰਹੀਆਂ। ਕਾਂਗਰਸ ਨੂੰ ਬੇਅਦਬੀ, ਗੋਲੀਕਾਂਡ, ਡੇਰਾ ਮੁਖੀ ਨੂੰ ਮਾਫ਼ੀ ਤੇ ਕੁੰਵਰ ਵਿਜੈ ਪ੍ਰਤਾਪ ਸਿੰਘ ਦੇ ਤਬਾਦਲੇ ਦਾ ਮੁੱਦਾ ਮਾਫ਼ਕ ਹੈ। ਅਕਾਲੀ-ਭਾਜਪਾ ਗੱਠਜੋੜ ਕੁੰਵਰ ਦੇ ਤਬਾਦਲੇ ਨੂੰ ਸਹੀ ਠਹਿਰਾਉਣ ਦੇ ਨਾਲ-ਨਾਲ ਕਾਂਗਰਸ ਵੱਲੋਂ ਦੋ ਵਰ੍ਹਿਆਂ ਵਿੱਚ ਕੱਖ ਨਾ ਕਰਨ, ਆਪਣੇ ਦਸ ਸਾਲ ਦੇ ਸੋਹਣੇ ਸ਼ਾਸਨ ਨੂੰ ਉਭਾਰ ਰਿਹਾ ਹੈ। 'ਆਪ' ਵਾਲੇ ਦੋਹਾਂ ਨੂੰ ਨਿੰਦਣ 'ਅਤੇ ਦਿੱਲੀ ਵਿੱਚ ਆਪਣੀਆਂ ਪ੍ਰਾਪਤੀਆਂ ਗਿਣਾਉਣ ਦਾ ਕੰਮ ਕਰ ਰਹੇ ਹਨ। 'ਪੰਜਾਬ ਡੈਮੋਕਰੈਟਿਕ ਅਲਾਇੰਸ' ਵਾਲੇ ਤਿੰਨਾਂ ਨੂੰ ਰਗੜਾ ਫੇਰ ਕੇ ਆਖ ਰਹੇ ਕਿ ਹਰ ਮਸਲੇ ਦਾ ਰਾਮਬਾਣ ਇਲਾਜ ਸਾਡੇ ਕੋਲ ਹੈ। ਪਰ ਸੁਆਲ ਹੈ ਪੰਜਾਬ ਦੇ ਲੋਕਾਂ ਦੇ ਮੁੱਦੇ ਰੁਜ਼ਗਾਰ, ਗ਼ਰੀਬਾਂ ਨੂੰ ਸਸਤੇ ਭਾਅ ਸਿੱਖਿਆ ਤੇ ਬਿਮਾਰਾਂ ਨੂੰ ਮੁਫ਼ਤ ਵਿੱਚ ਚੰਗਾ ਇਲਾਜ, ਕਿਸਾਨਾਂ ਦੀਆਂ ਜਿਣਸਾਂ ਦੇ ਠੀਕ-ਠਾਕ ਭਾਅ, ਵਾਤਾਵਰਣ ਸੁਰੱਖਿਅਤ ਮਾਹੌਲ ਕਿੱਥੇ ਗਾਇਬ ਹਨ।

## ਦੇਸ਼ਧ੍ਰੋਹ ਕਾਨੂੰਨ ਹੋਰ ਸਖ਼ਤ ਹੋਵੇਗਾ : ਰਾਜਨਾਥ



**ਅਹਿਮਦਾਬਾਦ :** ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਸੱਤਾ ਵਿਚ ਆਉਣ 'ਤੇ ਦੇਸ਼ਧ੍ਰੋਹ ਕਾਨੂੰਨ ਖ਼ਤਮ ਕਰਨ ਦਾ ਵਾਅਦਾ ਕਰਨ ਲਈ ਕਾਂਗਰਸ ਨੂੰ ਲੰਮੇ ਹੱਥੀਂ ਲਿਆ ਹੈ। ਰਾਜਨਾਥ ਨੇ ਕਿਹਾ ਕਿ ਭਾਜਪਾ ਦਾ ਵੱਸ ਚੱਲਿਆ ਤਾਂ ਦੇਸ਼ਧ੍ਰੋਹ ਕਾਨੂੰਨ ਨੂੰ ਹੋਰ ਸਖ਼ਤ ਬਣਾਇਆ ਜਾਵੇਗਾ। ਕਸ਼ਮੀਰ ਸਮੱਸਿਆ ਲਈ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਜ਼ਿੰਮੇਵਾਰ ਦੱਸਦੇ ਹੋਏ ਉਨ੍ਹਾਂ ਕਿਹਾ ਕਿ ਸਰਦਾਰ ਪਟੇਲ ਨੂੰ ਇਹ ਕੰਮ ਸੌਂਪਿਆ ਗਿਆ ਹੁੰਦਾ ਤਾਂ ਇਸ ਦਾ ਹੱਲ ਹੋ ਗਿਆ ਹੁੰਦਾ।

## ਭਗਵਾਂਵਾਦ ਦੇਸ਼ ਲਈ ਖਤਰਨਾਕ : ਰਾਹੁਲ ਗਾਂਧੀ

### *ਪਰਵਾਸੀ ਭਾਰਤੀਆਂ ਲਈ ਵੱਡਾ ਐਲਾਨ*



**ਨਵੀਂ ਦਿੱਲੀ/ਏਟੀ ਨਿਊਜ਼ :** ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕੇਰਲ ਵਿਚ ਸੰਘ ਉਤੇ ਹਮਲਾ ਬੋਲਦੇ ਹੋਏ ਦੋਸ਼ ਲਗਾਇਆ ਕਿ ਦੇਸ਼ ਭਾਜਪਾ-ਆਰਐਸਐਸ ਦੇ ਹਮਲਿਆਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਕਾਂਗਰਸ ਅਤੇ ਭਾਜਪਾ ਵਿਚ ਵਿਚਾਰਧਾਰਾ ਦੀ ਲੜਾਈ ਜਾਰੀ ਹੈ। ਪਰਵਾਸੀ ਭਾਰਤੀਆਂ ਦੇ ਹਿੱਤ ਵਿਚ ਵੱਡਾ ਐਲਾਨ ਕਰਦੇ ਰਾਹੁਲ ਨੇ ਕਿਹਾ ਕਿ ਜੇ ਕਾਂਗਰਸ ਸੱਤਾ ਵਿੱਚ ਆਈ ਤਾਂ ਪਰਵਾਸੀ ਭਾਰਤੀ ਮੰਤਰਾਲਾ ਬਣਾਇਆ ਜਾਏਗਾ। ਇਸ ਦੇ ਨਾਲ ਹੀ ਰਾਹੁਲ ਨੇ ਕਿਹਾ ਹੈ ਕਿ ਭਾਰਤੀ ਚਾਹੇ ਕਿਸੇ ਵੀ ਦੇਸ਼ ਵਿੱਚ ਕੰਮ ਕਰਨ, ਉਹ ਹਮੇਸ਼ਾ ਭਾਰਤ ਦਾ ਅਨਿੱਖੜਵਾਂ ਅੰਗ ਰਹਿਣਗੇ।

---

# ਸੰਗਰੂਰ ਸੰਸਦੀ ਸੀਟ 'ਤੇ ਹੋਵੇਗਾ ਛੇ-ਕੋਨਾ ਮੁਕਾਬਲਾ

**'ਆਪ' ਵਲੋਂ ਭਗਵੰਤ ਮਾਨ, ਬਾਦਲ ਦਲ ਵਲੋਂ ਪਰਮਿੰਦਰ ਸਿੰਘ ਢੀਂਡਸਾ, ਅਕਾਲੀ ਦਲ ਅੰਮ੍ਰਿਤਸਰ ਵਲੋਂ ਸਿਮਰਨਜੀਤ ਸਿੰਘ ਮਾਨ, ਪੰਜਾਬ ਡੈਮੋਕ੍ਰੈਟਿਕ ਅਲਾਇੰਸ ਵਲੋਂ ਜੱਸੀ ਜਸਰਾਜ, ਅਕਾਲੀ ਦਲ ਟਕਸਾਲੀ ਵਲੋਂ ਰਾਜਦੇਵ ਸਿੰਘ ਖਾਲਸਾ ਤੇ ਕਾਂਗਰਸ ਵਲੋਂ ਕੇਵਲ ਸਿੰਘ ਢਿੱਲੋਂ ਚੋਣ ਮੈਦਾਨ ਵਿਚ**

**ਸੰਗਰੂਰ/ਏਟੀ ਨਿਊਜ਼ :** ਕਾਂਗਰਸ ਹਾਈਕਮਾਨ ਵਲੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੀਤ ਪ੍ਰਧਾਨ ਕੇਵਲ ਸਿੰਘ ਢਿੱਲੋਂ ਦੀ ਉਮੀਦਵਾਰੀ ਦਾ ਐਲਾਨ ਹੋਣ ਨਾਲ ਸੰਗਰੂਰ ਲੋਕ ਸਭਾ ਸੀਟ ਤੋਂ ਕਾਫ਼ੀ ਦਿਲਚਸਪ ਮੁਕਾਬਲਾ ਹੋਣ ਦੀ ਸੰਭਾਵਨਾ ਹੈ। 'ਆਪ' ਵਲੋਂ ਭਗਵੰਤ ਮਾਨ, ਬਾਦਲ ਅਕਾਲੀ ਦਲ ਵਲੋਂ ਪਰਮਿੰਦਰ ਸਿੰਘ ਢੀਂਡਸਾ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਲੋਂ ਸਿਮਰਨਜੀਤ ਸਿੰਘ ਮਾਨ, ਪੰਜਾਬ ਡੈਮੋਕ੍ਰੈਟਿਕ ਅਲਾਇੰਸ ਵਲੋਂ ਜੱਸੀ ਜਸਰਾਜ ਅਤੇ ਅਕਾਲੀ ਦਲ ਟਕਸਾਲੀ ਵਲੋਂ ਰਾਜਦੇਵ ਸਿੰਘ ਖਾਲਸਾ ਚੋਣ ਮੈਦਾਨ ਵਿਚ ਆ ਗਏ ਹਨ। ਕਾਂਗਰਸ ਪਾਰਟੀ ਵਲੋਂ ਕੇਵਲ ਸਿੰਘ ਢਿੱਲੋਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ। ਢਿੱਲੋਂ ਨੇ 2007 ਅਤੇ 2012 ਵਿਚ ਅਸੈਂਬਲੀ ਚੋਣ ਜਿੱਤੀ ਸੀ ਤੇ 2017 ਵਿਚ 'ਆਪ' ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਤੋਂ ਚੋਣ ਹਾਰ ਗਏ ਸਨ। 'ਆਪ' ਉਮੀਦਵਾਰ ਭਗਵੰਤ ਮਾਨ ਮੁੜ ਦੂਜੀ ਵਾਰ ਚੋਣ ਮੈਦਾਨ ਵਿਚ ਹਨ ਜੋ 'ਆਪ' ਦੇ ਸੂਬਾ ਪ੍ਰਧਾਨ ਹਨ। ਮਾਨ ਪਿਛਲੇ ਪੰਜ ਸਾਲ ਦੀ ਆਪਣੀ ਕਾਰਗੁਜ਼ਾਰੀ ਲੈ ਕੇ ਲੋਕਾਂ ਵਿਚ ਜਾ ਰਹੇ ਹਨ ਜਿਨ੍ਹਾਂ ਨੇ ਪਿਛਲੇ ਕਰੀਬ ਇੱਕ ਮਹੀਨੇ ਤੋਂ ਆਪਣੀ ਚੋਣ ਮੁਹਿੰਮ




ਭਖਾ ਰੱਖੀ ਹੈ ਪਰ ਪੀਡੀਏ ਉਮੀਦਵਾਰ ਜੱਸੀ ਜਸਰਾਜ ਸਿਆਸੀ ਦਾਤੀ ਨਾਲ ਕਣਕ ਦੀ ਫਸਲ ਵਾਂਗ ਮਾਨ ਦੀਆਂ ਪੱਕੀਆਂ ਵੋਟਾਂ ਦੀ ਕਟਾਈ ਕਰਨ ਵਿਚ ਜੁਟ ਗਿਆ ਹੈ ਜੋ 'ਆਪ' ਦੇ ਖਿੱਲਰੇ ਝਾੜੂ ਵਿਚੋਂ ਸ਼ਰੀਕ ਬਣ ਕੇ ਨਿਕਲਿਆ ਹੈ। ਅਕਾਲੀ ਦਲ ਅੰਮ੍ਰਿਤਸਰ ਵਲੋਂ ਸਿਮਰਨਜੀਤ ਸਿੰਘ ਮਾਨ ਉਮੀਦਵਾਰ ਹਨ ਜੋ ਖੁਦ ਪਾਰਟੀ ਪ੍ਰਧਾਨ ਹਨ। ਮਾਨ 1996 ਅਤੇ 1998 ਵਿਚ ਅਕਾਲੀ ਦਲ ਦੇ ਉਮੀਦਵਾਰ ਸੁਰਜੀਤ ਸਿੰਘ ਬਰਨਾਲਾ ਤੋਂ ਚੋਣ ਹਾਰ ਗਏ ਸਨ ਅਤੇ 1999 ਵਿਚ ਆਪਣੀ ਹਾਰ ਦਾ ਬਦਲਾ ਲੈਣ ਵਿਚ ਸਫ਼ਲ ਹੋਏ ਸਨ। ਬਾਦਲ ਦਲ ਦੇ ਉਮੀਦਵਾਰ ਪਰਮਿੰਦਰ ਸਿੰਘ ਢੀਂਡਸਾ ਨੂੰ ਚੋਣ ਪਿੜ ਵਿਚ ਭਾਵੇਂ ਪਿਤਾ ਸੁਖਦੇਵ ਸਿੰਘ ਢੀਂਡਸਾ ਦਾ ਸਾਥ ਨਹੀਂ ਮਿਲ ਰਿਹਾ, ਪਰ ਅਕਾਲੀ ਲੀਡਰਸ਼ਿਪ ਪਰਮਿੰਦਰ ਦੀ ਡਟਵੀਂ ਹਮਾਇਤ 'ਤੇ ਹੈ। ਲਗਾਤਾਰ ਚਾਰ ਵਾਰ ਸੁਨਾਮ ਹਲਕੇ ਤੋਂ ਵਿਧਾਇਕ ਚੁਣੇ ਪਰਮਿੰਦਰ ਸਿੰਘ ਢੀਂਡਸਾ ਹੁਣ ਹਲਕਾ ਲਹਿਰਾਗਾਗਾ ਤੋਂ ਵਿਧਾਇਕ ਹਨ।

ਅੰਮ੍ਰਿਤਸਰ ਟਾਈਮਜ਼ AMRITSAR TIMES

17 ਅਪ੍ਰੈਲ 2019 ਤੋਂ 23 ਅਪ੍ਰੈਲ 2019

### *ਭਾਰਤੀ ਲੋਕ ਸਭਾ ਚੋਣਾਂ*

## ਬੜੀ ਧੂਮ ਸੇ ਨਿਕਲੇਗਾ ਜਨਾਜ਼ਾ ਤੇਰਾ...

ਭਾਰਤੀ ਲੋਕਤੰਤਰ ਦੇ ਇਕ ਵੱਡੇ ਦੰਭ ਵਿਚ ਆਜ਼ਾਦ ਤੇ ਨਿਰਪੱਖ ਚੋਣਾਂ ਦਾ ਜੁਮਲਾ ਵੀ ਪਿਛਲੇ 70 ਸਾਲ ਤੋਂ ਹਾਜ਼ਰ ਹੈ। 17ਵੀਂਆਂ ਲੋਕ ਸਭਾ ਚੋਣਾਂ 'ਚ ਬਹੁਰਾਸ਼ਟਰੀ ਕੰਪਨੀਆਂ, ਕਾਰਪੋਰੇਟ ਘਰਾਣਿਆਂ ਦੇ ਪੈਸਿਆਂ ਨਾਲ ਖੇਡੀ ਜਾਣ ਵਾਲੀ ਸੱਤਾ ਦੀ ਇਸ ਖੇਡ ਵਿਚ ਤਮਾਮ ਝੂਠੇ ਵਾਅਦਿਆਂ ਤੇ ਦਾਅਵਿਆਂ ਦੀ ਬਾਜ਼ੀ ਪੈ ਰਹੀ ਹੈ। ਇਸ ਵਾਰ ਭਾਜਪਾ ਖਾਸਕਰ ਸੰਘ ਪਰਿਵਾਰ ਦਾ ਹਕੂਮਤੀ ਦਾਬਾ ਪੂਰੇ ਜਲੌਅ ਵਿਚ ਹੈ। ਪ੍ਰਧਾਨ ਮੰਤਰੀ ਦੀ ਰੈਲੀ ਚੋਣ ਕਮਿਸ਼ਨ ਦੀਆਂ ਪ੍ਰੈਸ ਕਾਨਫਰੰਸਾਂ ਦਾ ਸਮਾਂ ਤਬਦੀਲ ਕਰਵਾ ਦਿੰਦੀ ਹੈ। ਅਲੀ ਤੇ ਹਨੂਮਾਨ ਚੋਣ ਲੜ ਰਹੇ ਹਨ, ਸਾਧਾਂ ਦੇ 'ਪ੍ਰਵਚਨ' ਗਾਲਾਂ ਨੂੰ ਸ਼ਰਮਸ਼ਾਰ ਕਰ ਰਹੇ ਹਨ। ਇਸ ਸਭ ਦੇ ਬਾਵਜੂਦ ਆਲਮੀ ਬਰਾਦਰੀ, ਯੂਐਨਓ ਤੇ ਲੋਕਾਂ ਵਿਚ ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਗੁਰਜ ਦੀ ਸਲਾਮਤੀ ਲਈ ਕਥਿਤ ਸਖਤੀ, ਚੇਤਾਵਨੀਆਂ ਤੇ ਪਾਬੰਦੀਆਂ ਦਾ ਢੌਂਗ ਵੀ ਜਾਰੀ ਹੈ। ਅਜਿਹੇ ਹਾਲਾਤ ਵਿਚ ਇਹ ਸ਼ੇਅਰ ਢੁਕਵਾਂ ਜਾਪਦਾ ਹੈ ਕਿ-

"ਬੜੀ ਧੂਮ ਸੇ ਨਿਕਲੇਗਾ ਜਨਾਜ਼ਾ ਤੇਰਾ
ਜਿਸੇ ਦੇਖਕਰ ਮੌਤ ਭੀ ਇਤਰਾਏਗੀ
ਸਫੇਦ ਕਫਨ ਮੇਂ ਲਿਪਟਾ ਤਿਰਾ ਬਦਨ
ਭੀ ਜ਼ਮੀਰ ਯਹ ਦੇਖ ਕਰ ਸ਼ਰਮਾਏਗੀ।"

ਜਿਹੜੀਆਂ ਅਦਾਲਤਾਂ ਨੂੰ ਰਾਜਧਾਨੀਆਂ ਵਿਚ ਦਿਨ-ਦਿਹਾੜੇ ਗਲਾਂ ਵਿਚ ਟਾਇਰ ਪਾ ਕੇ ਜਿਉਂਦੇ ਫੂਕ ਦਿੱਤੇ ਗਏ ਸਿੱਖ ਹਾਲਾਂ ਤਕ ਨਹੀਂ ਦਿਖੇ, ਜਿਸ ਪੁਲਿਸ ਤੇ ਪ੍ਰਸ਼ਾਸਨ ਦੇ ਹੱਥ ਖੁਦ ਹੀ ਬੇਦੋਸ਼ਿਆਂ ਦੇ ਖੂਨ ਨਾਲ ਲਿੱਬੜੇ ਹੋਣ ਅਤੇ ਜਿਸ ਚੋਣ ਕਮਿਸ਼ਨ ਦੀ ਸਿਮਰਤੀ ਵਿਚੋਂ ਪੰਜ ਸਾਲ ਪਹਿਲਾਂ ਦਿੱਤੇ ਹਲਫੀਆਂ ਬਿਆਨਾਂ ਦੇ ਵੇਰਵੇ ਹੀ ਮਿਟ ਗਏ ਹੋਣ, ਉਨ੍ਹਾਂ ਸੰਸਥਾਵਾਂ ਤੋਂ ਭਾਰਤ ਦੇ ਭੋਲੇ ਲੋਕ ਆਜ਼ਾਦ ਤੇ ਨਿਰਪੱਖ ਚੋਣਾਂ ਦੀ ਆਸ ਕਰਦੇ ਹਨ।

ਹੁਣ ਭਾਰਤੀ ਲੋਕਤੰਤਰ ਦੇ ਜਨਾਜ਼ੇ ਵਿਚ ਯੂਰਪੀ ਫਾਸ਼ੀਵਾਦ-ਨਾਜੀਵਾਦ ਦੇ ਨਮੂਨੇ ਦਾ ਮੇਡ ਇਨ ਇੰਡੀਆ-ਫਾਸ਼ੀਵਾਦ ਵੀ ਪੂਰੀ ਵਿਉਂਤਬੰਦੀ ਤੇ ਧੂਮ-ਧੜੱਕੇ ਨਾਲ ਸ਼ਾਮਿਲ ਹੈ। ਪੂਰੇ ਦੇਸ਼ ਵਿਚ ਯੂਨੀਫਾਰਮ ਸਿਵਲ ਕੋਡ ਲਾਗੂ ਕਰਨ, ਅਯੁੱਧਿਆ ਵਿਚ ਰਾਮ ਮੰਦਿਰ ਬਣਾਉਣ, ਜੰਮੂ-ਕਸ਼ਮੀਰ ਵਿਚ ਧਾਰਾ 370 ਖਤਮ ਕਰਨ, ਵਿੱਦਿਆ, ਸਾਹਿਤ, ਕਲਾ ਤੇ ਸੱਭਿਆਚਾਰ ਦਾ ਭਗਵਾਂਕਰਨ ਕਰਨ ਆਦਿ ਦੇ ਮੁੱਦੇ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਖਤਮ ਕਰਨ ਦੇ ਰਵਾਇਤੀ ਮੁੱਦਿਆਂ ਦਾ ਮੂੰਹ ਚਿੜਾ ਰਹੇ ਹਨ। ਇਹ ਵੀ ਸੰਤਾਪ ਹੀ ਹੈ ਕਿ ਗਰੀਬੀ, ਬੇਰੁਜ਼ਗਾਰੀ ਤੇ ਮਹਿੰਗਾਈ ਦੇ ਮੁੱਦੇ ਸਤਹੀਣ ਕਰ ਦਿੱਤੇ ਗਏ ਹਨ ਪਰ ਇਹ ਸਮੱਸਿਆਵਾਂ ਪਹਿਲਾਂ ਨਾਲੋਂ ਵੀ ਵਿਕਰਾਲ ਹੋ ਗਈਆਂ ਹਨ। ਹਿੰਦੂ ਫਾਸ਼ੀਵਾਦ ਦਾ ਖਤਰਨਾਕ ਚਿਹਰਾ ਲਗਾਤਾਰ ਤੇਜ਼ੀ ਨਾਲ ਉਘੜਕੇ ਸਾਹਮਣੇ ਆ ਰਿਹਾ ਹੈ। ਸੰਘ ਦੇ ਲੁਕਵੇਂ ਤੇ ਪ੍ਰਤੱਖ ਦੋਵੇਂ ਤਰ੍ਹਾਂ ਦੇ ਏਜੰਡਿਆਂ ਵਿਚ ਫਿਰਕੂ, ਗੈਰ-ਜਮਹੂਰੀ, ਘੱਟ ਗਿਣਤੀਆਂ, ਦਲਿਤਾਂ, ਅਤੇ ਔਰਤਾਂ ਦੀ ਆਜ਼ਾਦੀ ਪ੍ਰਤੀ ਰੂੜੀਵਾਦੀ ਨੀਚਤਾ ਦਾ ਪੈਂਤੜਾ ਮੂਹਰੇ ਹੈ। ਆਪਣੇ ਇਸ ਖਬਤ ਦੀ ਪੂਰਤੀ ਲਈ ਉਹ ਕਿਸੇ ਵੀ ਹੱਦ ਨੂੰ ਪਾਰ ਕਰਨ ਲਈ ਤਿਆਰ ਹਨ। ਪਿਛਲੇ ਪੰਜ ਸਾਲ ਦਾ ਮੋਦੀ ਦਾ ਸ਼ਾਸਨ ਇਸ ਦੀ ਪ੍ਰਤੱਖ ਮਿਸਾਲ ਹੈ। ਅਜਿਹੇ ਮੋੜ ਉਤੇ ਸਿੱਖ ਭਾਈਚਾਰੇ ਦੇ ਸਾਹਮਣੇ ਇਕ ਵੱਡਾ ਸਵਾਲ ਜਿਥੇ ਆਪਣੀ ਰਾਜਨੀਤਕ ਪੁਜ਼ੀਸ਼ਨ ਦਾ ਹੈ, ਉਥੇ ਨਾਲ ਹੀ ਇਸ ਦੇਸ਼ ਵਿਚ ਆਪਣੀ ਨਿਆਰੀ ਤੇ ਵਿਲੱਖਣ ਹੋਂਦ ਦਾ ਵੀ ਹੈ। ਇਹ ਇਕ ਇਤਿਹਾਸਕ ਤੱਥ ਹੈ ਕਿ ਸੈਂਕੜੇ ਸਾਲਾਂ ਤੋਂ ਹਿੰਦੂ ਅਤੇ ਮੁਸਲਮਾਨ ਵਿਚਕਾਰ ਸੱਭਿਆਚਾਰਕ, ਧਾਰਮਿਕ ਅਤੇ ਕੌਮੀ ਦੁਸ਼ਮਣੀ ਬਰਕਰਾਰ ਹੈ। ਇਸ ਦੇ ਬੀਜ ਇਨ੍ਹਾਂ ਦੋਵਾਂ ਧਰਮਾਂ ਦੇ ਵਿਚਾਰਧਾਰਾਈ ਵਿਰੋਧ ਵਿਚ ਪਏ ਹਨ। ਸਾਡੇ ਬਾਨੀ ਗੁਰੂ ਨਾਨਕ ਸਾਹਿਬ ਦਾ ਸਪੱਸ਼ਟ ਐਲਾਨ ਹੈ ਕਿ ਸਿੱਖ ਨਾ ਹਿੰਦੂ ਹੈ ਅਤੇ ਨਾ ਮੁਸਲਮਾਨ ਹੈ। ਇਸ ਕਰ ਕੇ ਗੁਰਬਾਣੀ ਦੀ ਰੌਸ਼ਨੀ ਵਿਚ ਅਸੀਂ ਇਨ੍ਹਾਂ ਨਾਖੁਸ਼ਗਵਾਰ ਵਰਤਮਾਨ ਤੱਥਾਂ ਦਾ ਹਿੰਮਤ ਨਾਲ ਸਾਹਮਣਾ ਤਾਂ ਕਰਨਾ ਹੀ ਹੈ, ਨਾਲ ਹੀ ਹਿੰਦੂ-ਮੁਸਲਮਾਨ ਦੇ ਵਿਚਾਰਧਾਰਾਈ ਵਿਰੋਧ ਦੇ ਇਤਿਹਾਸਕ ਸੱਚ ਨੂੰ ਵੀ ਚੇਤੇ ਰੱਖਣਾ ਹੈ। ਅੱਜ ਇਹ ਬਿਲਕੁਲ ਨਹੀਂ ਮੰਨਿਆ ਜਾ ਸਕਦਾ ਕਿ ਹਿੰਦੁਸਤਾਨ ਏਕਤਾ 'ਚ ਪਰੋਇਆ ਹੋਇਆ ਇਕ ਰਾਸ਼ਟਰ ਹੈ। ਅੱਜ ਦੇ ਹਿੰਦੁਸਤਾਨ ਵਿਚ ਪ੍ਰਤੱਖ ਤੇ ਅਪ੍ਰਤੱਖ ਦੋ ਰਾਸ਼ਟਰ ਹਨ, ਇਕ ਹਿੰਦੂਤਵ ਨੂੰ ਪ੍ਰਨਾਇਆ ਹੈ, ਦੂਜਾ ਇਸਲਾਮ ਦੀ ਤਰਜ਼-ਏ-ਜ਼ਿੰਦਗੀ ਵਾਲਾ ਰਾਸ਼ਟਰ ਹੈ। ਸਿੱਖ ਆਪਣੀ ਆਜ਼ਾਦ ਹਸਤੀ ਤੇ ਵੱਖਰੀ ਪਹਿਚਾਣ ਲਈ ਜੂਝ ਰਹੇ ਹਨ।

ਆਰਐਸਐਸ ਹੁਣ ਭਾਰਤ ਵਿਚ ਇਕ ਵੱਡੀ ਸ਼ਕਤੀ ਬਣ ਗਿਆ ਹੈ ਜੋ ਡਾ.ਕੇਸ਼ਵ ਬਲਰਾਮ ਹੇਡਗਵਾਰ, ਵੀਰ ਸਾਵਰਕਰ ਤੇ ਗੋਲਵਰਕਰ ਦੇ ਵਿਚਾਰ ਨੂੰ ਮਾਨਤਾ ਦਿੰਦਾ ਹੈ। ਉਹ ਇਸ ਵਿਚਾਰ ਨੂੰ ਖਾਰਜ ਕਰਦਾ ਹੈ ਕਿ ਹਿੰਦੂ, ਮੁਸਲਿਮ, ਸਿੱਖ ਅਤੇ ਈਸਾਈਆਂ ਨੇ ਮਿਲ ਕੇ ਭਾਰਤ ਦੇ ਰੂਪ ਵਿਚ ਇਕ ਰਾਸ਼ਟਰ ਦਾ ਗਠਨ ਕੀਤਾ ਹੈ। ਅਜ਼ਾਦੀ ਤੋਂ ਪਹਿਲੀ ਸਵੇਰ (14 ਅਗਸਤ 1947) ਨੂੰ ਪ੍ਰਕਾਸ਼ਿਤ ਆਰਐਸਐਸ. ਦੇ ਮੁੱਖ ਪੱਤਰ 'ਆਰਗੇਨਾਇਜ਼ਰ' ਵਿਚ ਪ੍ਰਕਾਸ਼ਿਤ ਸੰਪਾਦਕੀ ਵਿਚ ਹੀ ਇਸ ਦਾ ਐਲਾਨ ਠੋਕ ਵਜਾ ਕੇ ਕਰ ਦਿੱਤਾ ਗਿਆ ਸੀ ਕਿ "ਹਿੰਦੂਸਤਾਨ ਵਿਚ ਸਿਰਫ ਹਿੰਦੂ ਹੀ ਰਾਸ਼ਟਰ ਦਾ ਨਿਰਮਾਣ ਕਰਦਾ ਹੈ ਅਤੇ ਰਾਸ਼ਟਰ ਦਾ ਢਾਂਚਾ ਉਸੇ ਸੁਰੱਖਿਅਤ ਅਤੇ ਸਹੀ ਬੁਨਿਆਦ 'ਤੇ ਖੜ੍ਹਾ ਕੀਤਾ ਜਾਣਾ ਚਾਹੀਦਾ ਹੈ।" ਉਦੋਂ ਉਹ ਆਪਣੇ ਵਿਚਾਰਾਂ ਨੂੰ ਲਾਗੂ ਕਰਨ ਦੀ ਸਥਿਤੀ ਵਿਚ ਨਹੀਂ ਸੀ, ਹੁਣ ਹਾਲਾਤ ਬਦਲ ਗਏ ਹਨ। ਇਸ ਕਰ ਕੇ ਪੰਜਾਬ ਤੇ ਪੰਥ ਦਰਦੀਆਂ ਨੂੰ ਸੂਬੇ ਵਿਚ ਇਕ ਅਜਿਹੀ ਲੀਡਰਸ਼ਿਪ ਨੂੰ ਉਭਾਰਨਾ ਪ੍ਰਮੁੱਖ ਏਜੰਡਾ ਹੋਣਾ ਚਾਹੀਦਾ ਹੈ ਜੋ ਸਾਡੀਆਂ ਵਰਤਮਾਨ ਸਮੱਸਿਆਵਾਂ ਨੂੰ ਮੁਖਾਤਿਬ ਤਾਂ ਹੋਵੇ ਹੀ, ਨਾਲ ਹੀ ਉਪਰੋਕਤ ਇਤਿਹਾਸਕ ਤੱਥਾਂ ਨੂੰ ਵੀ ਧਿਆਨ ਵਿਚ ਰੱਖਦੀ ਹੋਵੇ। ਆਪਾਂ ਸਾਰੇ ਜਾਣਦੇ ਹਨ ਕਿ ਭਾਰਤ ਦੇ ਕਰੋੜਾਂ ਆਮ ਲੋਕ ਜਿਸ ਤਰ੍ਹਾਂ ਦਾ ਜੀਵਨ ਜੀਣ ਲਈ ਮਜਬੂਰ ਹਨ, ਉਹ ਵਿਸ਼ਵ ਦੇ ਦੂਜੇ ਭਾਰਤ ਵਰਗੇ ਹੀ ਕੁਦਰਤੀ ਅਸਾਸਿਆਂ ਨਾਲ ਭਰਪੂਰ ਦੇਸ਼ਾਂ ਦੇ ਮੁਕਾਬਲੇ ਸ਼ਰਮਸਾਰ ਹੋਣ ਵਾਲੀ ਗੱਲ ਹੈ। ਉਪਰੋਂ ਹੁਣ ਨਫਰਤ ਤੇ ਫਿਰਕੂ ਰਾਜਨੀਤੀ ਦਾ ਬੋਲਬਾਲਾ ਨਿਰੰਤਰ ਵਧਦਾ ਜਾ ਰਿਹਾ ਹੈ। ਤੱਥ ਗਵਾਹ ਹਨ ਕਿ ਦੇਸ਼ ਦੀ ਅਜਿਹੀ ਹਾਲਤ ਲਈ ਉਹ ਫਲਸਫਾ ਤੇ ਉਸ ਦੇ ਪੈਰੋਕਾਰ ਹੀ ਜ਼ਿੰਮੇਵਾਰ ਹਨ, ਜਿਸ ਨੂੰ ਗੁਰੂ ਸਾਹਿਬਾਨ ਨੇ "ਬਿਪਰਨ ਕੀ ਰੀਤ" ਦਾ ਨਾਮ ਦੇ ਕੇ ਸਾਨੂੰ ਸੁਚੇਤ ਕੀਤਾ ਹੋਇਆ ਹੈ। ਇਸ ਕਰ ਕੇ ਇਹ ਸਵਾਲ ਸੁੱਟ ਪਾਉਣ ਵਾਲਾ ਨਹੀਂ ਹੈ ਕਿ ਜੇ ਕੋਈ ਆਪਣੇ ਆਪ ਨੂੰ 'ਹਿੰਦੂ ਰਾਸ਼ਟਰਵਾਦੀ' ਮੰਨਦਾ ਹੈ ਤਾਂ ਫਿਰ ਹੋਰ ਕੋਈ 'ਮੁਸਲਿਮ ਰਾਸ਼ਟਰਵਾਦੀ', 'ਸਿੱਖ ਰਾਸ਼ਟਰਵਾਦੀ', 'ਇਸਾਈ ਰਾਸ਼ਟਰਵਾਦੀ' ਅਤੇ ਹੋਰ 'ਰਾਸ਼ਟਰਵਾਦੀ' ਕਿਉਂ ਨਹੀਂ ਹੋ ਸਕਦਾ? ਇਸ ਤਰ੍ਹਾਂ ਆਪਣੇ ਆਪ ਹੀ ਭਾਰਤ ਦੀ ਇਕ ਹੋਰ ਵੰਡ ਲਈ ਜ਼ਮੀਨ ਤਿਆਰ ਹੋ ਰਹੀ ਜਾਪਦੀ ਹੈ। ਲਾਜ਼ਮੀ ਤੌਰ ਉਤੇ ਸਿੱਖ ਕੌਮ ਨੂੰ ਆਪਣੀ ਤਿਆਰੀ ਰੱਖਣੀ ਪਵੇਗੀ, ਤਾਂ ਕਿ ਬਾਅਦ ਵਿਚ ਸਮਰੱਥ ਲੀਡਰਸ਼ਿਪ ਦੀ ਅਣਹੋਂਦ ਕਾਰਨ ਸੰਨ ਸੰਤਾਲੀ ਦੀ ਭੁੱਲ ਵਾਂਗ ਮੁੜ ਪਛਤਾਉਣਾ ਨਾ ਪਵੇ।

# ਕੀ ਭਾਰਤ ਵਿਚ ਚੋਣਾਂ ਤੋਂ ਬਾਅਦ ਲੋਕਤੰਤਰ ਬਚੇਗਾ ?

**ਨਿਰਦੋਸ਼ ਨਾਗਰਿਕਾਂ 'ਤੇ ਹਮਲੇ ਜਾਰੀ ਰਹਿਣ ਦੇ ਬਾਵਜੂਦ ਭਾਰਤ ਦੇ ਸੁਪਰੀਮ ਕੋਰਟ ਨੇ ਸਰਕਾਰ ਨੂੰ ਬੇਨਤੀ ਹੀ ਕੀਤੀ ਹੈ ਕਿ ਉਹ ਭੀੜ ਹਿੰਸਾ ਅਤੇ ਕਤਲੋਗਾਰਤ ਦੇ ਵਧਣ ਨੂੰ ਖਤਮ ਕਰਨ ਲਈ ਨਵੇਂ ਕਾਨੂੰਨ ਬਣਾਉਣ। ਇਹ ਕੋਈ ਅਲੋਕਾਰੀ ਘਟਨਾਵਾਂ ਨਹੀਂ ਹਨ, ਸਗੋਂ ਇਹ ਉਹਨਾਂ ਕਥਿਤ ਰਾਸ਼ਟਰਵਾਦੀ ਨੀਤੀਆਂ ਨੂੰ ਹੀ ਪਰਿਭਾਸ਼ਤ ਕਰ ਰਹੀਆਂ ਹਨ, ਜਿਨ੍ਹਾਂ ਨੇ ਧਰਮ ਦੇ ਨਾਂ 'ਤੇ ਹਿੰਸਕ ਗੈਂਗਾਂ ਅਤੇ ਠੱਗਾਂ ਨੂੰ ਸੁਰੱਖਿਆ ਕਵਚ ਪ੍ਰਦਾਨ ਕੀਤਾ ਹੋਇਆ ਹੈ। ਦੇਸ਼ ਦੇ ਧਰਮ ਨਿਰਪੱਖ ਤਾਣੇ ਬਾਣੇ ਵਿਚ ਇਹ ਆਪਹੁਦਰੀਆਂ ਭੀੜਾਂ ਆਏ ਰੋਜ਼ ਆਪਣੇ ਮਕਸਦ ਵਿਚ ਸ.ਫਲ ਹੋਣ ਤੋਂ ਪ੍ਰਤੀਤ ਹੁੰਦਾ ਹੈ ਕਿ ਸਰਕਾਰ ਦੀਆਂ ਆਪਣੀਆਂ ਨੀਤੀਆਂ ਤੇ ਕਾਰਵਾਈਆਂ ਹੀ ਲੋਕਤੰਤਰੀ ਸੰਸਥਾਵਾਂ ਨੂੰ ਕਮਜ਼ੋਰ ਕਰਦੀਆਂ ਆ ਰਹੀਆਂ ਹਨ।**

**ਜਾਰਜ ਅਬਰਾਹਿਮ**
(ਲੇਖਕ ਇੰਡੀਅਨ ਓਵਰਸੀਜ਼ ਕਾਂਗਰਸ, ਯੂਐਸਏ ਦਾ ਉਪ-ਚੇਅਰਮੈਨ ਹੈ)

ਭਾਰਤ ਦੇ ਬਹੁਤ ਸਾਰੇ ਲੋਕਾਂ ਲਈ, ਜਮਹੂਰੀਅਤ ਦਾ ਅਰਥ ਇਕ ਬਹੁ ਗਿਣਤੀ ਸ਼ਾਸਨ ਹੀ ਹੈ। ਇਕ ਵਾਰ ਜਦੋਂ ਕੋਈ ਪਾਰਟੀ ਜਾਂ ਗੱਠਜੋੜ ਚੁਣ ਲਿਆ ਜਾਂਦਾ ਹੈ, ਤਾਂ ਇਹ ਇਸ ਤਰ੍ਹਾਂ ਕੰਮ ਕਰਦਾ ਹੈ ਜਿਵੇਂ ਇਸ ਨੂੰ ਮਨਮਰਜ਼ੀਆਂ ਕਰਨ ਦਾ ਨੈਤਿਕ ਅਤੇ ਕਾਨੂੰਨੀ ਹੱਕ ਮਿਲ ਗਿਆ ਹੁੰਦਾ ਹੈ। ਪਿਛਲੇ ਪੰਜ ਸਾਲਾਂ ਵਿਚ ਇਕ ਹੈਰਾਨ ਕਰਨ ਵਾਲਾ ਤਜਰਬਾ ਹੋਇਆ। ਜਿੱਥੇ ਭਾਰਤ ਅੱਜ ਖੜ੍ਹਾ ਹੈ, ਨਰਿੰਦਰ ਮੋਦੀ ਘੱਟ ਗਿਣਤੀਆਂ ਦੀਆਂ ਇੱਛਾਵਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਕੇ ਸੱਤਾ ਵਿਚ ਹੈ। ਪਿਛਲੇ ਸੱਤ ਦਹਾਕਿਆਂ ਜਾਂ ਇਸ ਤੋਂ ਵੀ ਵੱਧ ਸਮੇਂ ਵਿਚ ਭਾਰਤ ਦੇ ਲੋਕਾਂ ਨੂੰ ਰਾਜਨੀਤਕ ਅਤੇ ਸਮਾਜਿਕ ਸੰਤੁਲਨ ਮੁਹੱਈਆ ਕਰਵਾਉਣ ਵਾਲੀਆਂ ਤਾਕਤਾਂ ਤੇ ਸੰਸਥਾਵਾਂ ਨੂੰ ਇਸ ਦੌਰਾਨ ਪਿਛੇ ਧੱਕਿਆ ਗਿਆ ਹੈ।

ਭਾਰਤ ਦੀਆਂ ਅਜਿਹੀਆਂ ਬਹੁਤ ਸਾਰੀਆਂ ਸੰਸਥਾਵਾਂ ਨੇ ਜਮਹੂਰੀਅਤ ਦੇ ਲੰਮੇ ਤਜਰਬੇ ਨਾਲ ਨਾ ਸਿਰਫ ਲੋਕਤੰਤਰ ਨੂੰ ਬਚਾਇਆ ਸੀ ਬਲਕਿ ਨਹਿਰੂ ਅਤੇ ਮਹਾਨ ਬੀਆਰ. ਅੰਬੇਦਕਰ ਨੇ ਧਰਮ ਨਿਰਪੱਖਤਾ ਦੇ ਦ੍ਰਿਸ਼ਟੀਕੋਣ ਮੁਤਾਬਕ ਇਕੱਠੇ ਮਿਲ ਕੇ ਇਨ੍ਹਾਂ ਸੰਸਥਾਵਾਂ ਦਾ ਨਿਰਮਾਣ ਕੀਤਾ ਸੀ। ਇਨ੍ਹਾਂ ਸੰਸਥਾਵਾਂ ਨੇ ਇਥੋਂ ਦੇ ਹਰੇਕ ਨਾਗਰਿਕ ਦੀ ਜ਼ਿੰਦਗੀ ਅਤੇ ਜਾਇਦਾਦ ਦੀ ਗਾਰੰਟੀ ਦਿੱਤੀ। ਜਾਤੀ ਪਿਛੋਕੜ ਜਾਂ ਮੰਦੇ ਹਾਲਾਤ ਦੀ ਪਰਵਾਹ ਕੀਤੇ ਬਿਨਾ, ਸਫਲਤਾ ਅਤੇ ਆਰਥਿਕ ਖੁਸ਼ਹਾਲੀ ਦੀ ਪੌੜੀ ਚੜ੍ਹਨ ਦੇ ਬਰਾਬਰ ਮੌਕੇ ਪ੍ਰਦਾਨ ਕੀਤੇ।

ਮੋਦੀ ਸਰਕਾਰ ਦੇ ਬਹੁਤ ਸਾਰੇ ਉਦਾਰਵਾਦੀ ਆਲੋਚਕ ਦਿਲੋਂ ਮੰਨਦੇ ਹਨ ਕਿ ਉਨ੍ਹਾਂ ਦਾ ਪ੍ਰਸ਼ਾਸਨ ਆਰਐਸਐਸ. ਦੀ ਵਿਚਾਰਧਾਰਾ ਤੋਂ ਪ੍ਰੇਰਿਤ ਹੋ ਕੇ ਚਲਾਇਆ ਜਾਂਦਾ ਹੈ। ਉਨ੍ਹਾਂ ਨੇ ਇਸ ਸੰਸਥਾ ਨਾਲ ਲੰਬੇ ਸਮੇਂ ਤੋਂ ਜੁੜੇ ਉਸ ਕੇਡਰ ਵਿਚੋਂ ਕਈ ਮੁੱਖ ਮੰਤਰੀ ਦੀ ਨਿਯੁਕਤੀ ਕੀਤੀ ਹੈ। ਇਸ ਕਰ ਕੇ ਇਹ ਸ਼ੱਕ ਹੁੰਦਾ ਹੈ ਕਿ ਮੋਦੀ ਦੀਆਂ ਬਹੁਤ ਸਾਰੀਆਂ ਸਰਕਾਰੀ ਤੇ ਗੈਰ-ਸਰਕਾਰੀ ਨੀਤੀਆਂ ਅਜ਼ਾਦੀ ਅਤੇ ਨਿਆਂ ਦੀ ਗਲਤ ਵਿਆਖਿਆ ਤੇ ਬੇਵਕੂਫੀ ਵਾਲੀ ਇਸ ਖਾਸ ਵਿਚਾਰਧਾਰਾ ਪ੍ਰਤੀ ਵਚਨਬੱਧਤਾ ਦਾ ਨਤੀਜਾ ਹੋ ਸਕਦੀਆਂ ਹਨ। ਇਹ ਵਿਚਾਰਧਾਰਾ ਸੰਘ ਪਰਿਵਾਰ ਸੰਗਠਨਾਂ ਦੁਆਰਾ ਪ੍ਰੋਡਕਟ ਕੀਤੇ ਸਾਂਝੇ ਥੋਕ-ਮਾਲ ਉਤੇ ਅਧਾਰਿਤ ਹੈ ਅਤੇ ਇਸ ਨੂੰ 'ਭਾਜਪਾ ਦਾ ਹਿੰਦੂ ਰਾਸ਼ਟਰਵਾਦੀ ਏਜੰਡਾ' ਕਿਹਾ ਜਾਂਦਾ ਹੈ। ਇਸ ਏਜੰਡੇ ਦਾ ਅੰਤਿਮ ਟੀਚਾ ਬਹੁਵਾਦ ਅਤੇ ਜਮਹੂਰੀ ਭਾਰਤ ਨੂੰ ਇਕ ਹਿੰਦੂ ਰਾਸ਼ਟਰ ਵਿਚ ਬਦਲਣਾ ਹੈ। ਇਸ ਏਜੰਡੇ ਮੁਤਾਬਿਕ ਬਹੁਮਤ ਵਿਚ ਹਿੰਦੂ ਧਰਮ ਹੋਵੇਗਾ। ਦੂਜੀਆਂ ਘੱਟ ਗਿਣਤੀਆਂ ਨੂੰ ਜਨਤਕ ਤੌਰ ਉਤੇ ਬਰਾਬਰ ਦੀ ਰਾਏ ਜਾਂ ਅਵਸਰ ਦੇਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਭਾਰਤੀ ਲੋਕਤੰਤਰ ਦੀ ਰੂਹ ਨਾਲ ਕੀ ਹੋ ਰਿਹਾ ਹੈ? ਬੀਜੇਪੀ ਸ਼ਾਸਨ ਦੇ ਪੰਜ ਸਾਲ ਦੌਰਾਨ ਲੋਕਤੰਤਰ ਨੂੰ ਹੀ ਯਰਗਮਾਲ ਬਣਾ ਲਿਆ ਗਿਆ ਹੈ। ਨਿਰਦੋਸ਼ ਨਾਗਰਿਕਾਂ 'ਤੇ ਹਮਲੇ ਜਾਰੀ ਰਹਿਣ ਦੇ ਬਾਵਜੂਦ ਭਾਰਤ ਦੇ ਸੁਪਰੀਮ ਕੋਰਟ ਨੇ ਸਰਕਾਰ ਨੂੰ ਬੇਨਤੀ ਹੀ ਕੀਤੀ ਹੈ ਕਿ ਉਹ ਭੀੜ ਹਿੰਸਾ ਅਤੇ ਕਤਲੋਗਾਰਤ ਦੇ ਵਧਣ ਨੂੰ ਖਤਮ ਕਰਨ ਲਈ ਨਵੇਂ ਕਾਨੂੰਨ ਬਣਾਉਣ। ਇਹ ਕੋਈ ਅਲੋਕਾਰੀ ਘਟਨਾਵਾਂ ਨਹੀਂ ਹਨ, ਸਗੋਂ ਇਹ ਉਹਨਾਂ ਕਥਿਤ ਰਾਸ਼ਟਰਵਾਦੀ ਨੀਤੀਆਂ ਨੂੰ ਹੀ ਪਰਿਭਾਸ਼ਤ ਕਰ ਰਹੀਆਂ ਹਨ, ਜਿਨ੍ਹਾਂ ਨੇ ਧਰਮ ਦੇ ਨਾਂ 'ਤੇ ਹਿੰਸਕ ਗੈਂਗਾਂ ਅਤੇ ਠੱਗਾਂ ਨੂੰ ਸੁਰੱਖਿਆ ਕਵਚ ਪ੍ਰਦਾਨ ਕੀਤਾ ਹੋਇਆ ਹੈ। ਦੇਸ਼ ਦੇ ਧਰਮ ਨਿਰਪੱਖ ਤਾਣੇ ਬਾਣੇ ਵਿਚ ਇਹ ਆਪਹੁਦਰੀਆਂ ਭੀੜਾਂ ਆਏ ਰੋਜ਼ ਆਪਣੇ ਮਕਸਦ ਵਿਚ ਸਫ਼ਲ ਹੋਣ ਤੋਂ ਪ੍ਰਤੀਤ ਹੁੰਦਾ ਹੈ ਕਿ ਸਰਕਾਰ ਦੀਆਂ ਆਪਣੀਆਂ ਨੀਤੀਆਂ ਤੇ ਕਾਰਵਾਈਆਂ ਹੀ ਲੋਕਤੰਤਰੀ ਸੰਸਥਾਵਾਂ ਨੂੰ ਕਮਜ਼ੋਰ ਕਰਦੀਆਂ ਆ ਰਹੀਆਂ ਹਨ। ਮੋਦੀ ਪ੍ਰਸ਼ਾਸਨ ਦੇ ਅਧੀਨ ਪਿਛਲੇ ਪੰਜ ਸਾਲਾਂ ਵਿਚ ਇਹਨਾਂ ਕੁਝ ਘਟਨਾਵਾਂ 'ਤੇ ਇੱਕ ਨਜ਼ਰ ਮਾਰਦੇ ਹਾਂ :

**1. ਸੰਸਦੀ ਲੋਕਤੰਤਰ ਦਾ ਨਿਰਾਦਰ ਕਰਨਾ**

ਸੰਵਿਧਾਨ ਨਿਰਮਾਤਾਵਾਂ ਨੇ ਇਕ ਜਮਹੂਰੀ ਪ੍ਰਣਾਲੀ ਬਣਾਈ ਹੈ ਜਿਸ ਵਿਚ ਵਿਧਾਨ ਸਭਾ ਕਾਨੂੰਨ ਬਣਾਏਗੀ, ਕਾਰਜਕਾਰੀ ਕਾਨੂੰਨ ਲਾਗੂ ਕਰਨਗੇ ਅਤੇ ਸੰਸਦ ਦੇ ਪ੍ਰਤੀ ਜਵਾਬਦੇਹ ਹੋਣਗੇ ਅਤੇ ਇਕ ਆਜ਼ਾਦ ਨਿਆਂਪਾਲਿਕਾ ਕਾਨੂੰਨ ਲਾਗੂ ਕਰੇਗੀ ਅਤੇ ਵਿਆਖਿਆ ਕਰੇਗੀ। ਰਾਜ ਦੇ ਇਹਨਾਂ ਤਿੰਨਾਂ ਅੰਗਾਂ ਵਿਚਾਲੇ ਅਧਿਕਾਰਾਂ ਤੇ ਸੀਮਾਵਾਂ ਦੀ ਪ੍ਰਣਾਲੀ ਸੀ। ਸਾਲਾਂ ਤੋਂ ਦੇਸ਼ ਦੇ ਇਹ ਤਿੰਨੋਂ ਅੰਗ ਇੱਕ ਦੂਜੇ ਨਾਲ ਆਪਣੀਆਂ ਹੱਦਾਂ ਵਿਚ ਰਹਿ ਕੇ ਆਪਣੇ ਰਿਸ਼ਤੇ ਨੂੰ ਸਨਮਾਨਪੂਰਵਕ ਨਿਭਾਉਂਦੇ ਆ ਰਹੇ ਹਨ। ਲੋਕ ਸਭਾ ਵਿਚ ਐਨਡੀਏ ਦੀ ਬਹੁਗਿਣਤੀ ਹੈ, ਜਿਥੇ ਉਹ ਆਮ ਬਿੱਲਾਂ ਨੂੰ ਪਾਸ ਕਰ ਲੈਂਦੇ ਹਨ। ਉਨ੍ਹਾਂ ਨੇ ਵੱਖ-ਵੱਖ ਪਾਰਲੀਮਾਨੀ ਕਮੇਟੀਆਂ ਨੂੰ ਬਾਈਪਾਸ ਕਰਕੇ ਜ਼ਰੂਰੀ ਬਿਲਾਂ 'ਤੇ ਜਾਣਬੁੱਝ ਕੇ ਵਿਚਾਰ ਕਰਵਾਉਣ ਦੇ ਵਿਧਾਨ ਦੀ ਅਣਦੇਖੀ ਕੀਤੀ। ਇਹ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਲੋਕ ਸਭਾ ਨੇ 2018 ਦਾ ਵਿੱਤ ਬਿੱਲ ਵਿਰੋਧੀ ਧਿਰ ਦੇ ਇਤਰਾਜ਼ਾਂ ਨੂੰ ਸੁਣੇ ਤੇ ਬਹਿਸ ਕੀਤੇ ਜਾਣ ਤੋਂ ਬਗੈਰ ਹੀ ਪਾਸ ਕੀਤਾ।

**2. ਕਾਨੂੰਨ ਲਾਗੂ ਕਰਨ ਵਿਚ ਦਖਲ ਦੇਣਾ**

ਭਾਰਤ ਦੀ ਕੇਂਦਰੀ ਬਿਊਰੋ ਆਫ ਇਨਵੈਸਟੀਗੇਸ਼ਨ (ਸੀ.ਬੀ.ਆਈ.), ਵਿੱਤ ਮੰਤਰਾਲੇ ਦੇ ਇਨਫੋਰਸਮੈਂਟ ਡਾਇਰੈਕਟੋਰੇਟ, ਆਮਦਨ ਕਰ ਅਥਾਰਟੀ ਅਤੇ ਇੱਥੋਂ ਤੱਕ ਕਿ ਸਥਾਨਕ ਪੁਲਿਸ ਬਲਾਂ ਵਰਗੀਆਂ ਏਜੰਸੀਆਂ 'ਤੇ ਸਰਕਾਰ ਦੀ ਬੋਲੀ ਬੋਲਣ ਦਾ ਦੋਸ਼ ਲੱਗ ਰਿਹਾ ਹੈ। ਵਿਰੋਧੀ ਧਿਰ ਨੇ ਦੋਸ਼ ਲਗਾਇਆ ਹੈ ਕਿ ਉਨ੍ਹਾਂ ਦੇ ਨੇਤਾਵਾਂ ਨੂੰ ਅਕਸਰ ਨਿਸ਼ਾਨਾ ਬਣਾਇਆ ਗਿਆ ਹੈ, ਜੋ ਰਾਜਨੀਤਕ ਬਦਲਾਖੋਰੀ ਵਜੋਂ ਕੀਤਾ ਗਿਆ।

3. ਨਿਆਂਪਾਲਿਕਾ ਦੀ ਆਜ਼ਾਦੀ 'ਤੇ ਹਮਲਾ

ਭਾਰਤ ਦੇ ਸਾਬਕਾ ਚੀਫ ਜਸਟਿਸ ਦੀਪਕ ਮਿਸ਼ਰਾ ਨੇ ਕੰਮ ਦੇ ਨਿਰਧਾਰਨ ਵਿਚ ਪਾਰਦਰਸ਼ਿਤਾ ਨਾ ਵਰਤੀ ਜਿਸ ਨੂੰ ਵੇਖਦੇ ਹੋਏ ਕਾਲਜੀਅਮ ਦੇ ਚਾਰ ਮੈਂਬਰਾਂ ਨੂੰ ਇਕ ਪ੍ਰੈਸ ਕਾਨਫਰੰਸ ਕਰਨੀ ਪਈ ਹੈ। ਸੇਵਾਮੁਕਤ ਜਸਟਿਸ ਕੇਲਮੇਸ਼ਵਰ ਅਨੁਸਾਰ, ਉਹ ਉਸ ਸਮੇਂ ਦੂਜੇ ਸਭ ਤੋਂ ਸੀਨੀਅਰ ਜੱਜ ਸੀ, "ਅਸੀਂ ਸਹੀ ਕਦਮ ਚੁੱਕਣ ਲਈ ਚੀਫ ਜਸਟਿਸ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਪਰ ਅਸਫਲ ਰਹੇ। ਜਦੋਂ ਤੱਕ ਸੁਪਰੀਮ ਕੋਰਟ ਦੀ ਸੰਸਥਾ ਨੂੰ ਸੁਰੱਖਿਅਤ ਨਹੀਂ ਰੱਖਿਆ ਜਾਂਦਾ, ਉਦੋਂ ਤੱਕ ਦੇਸ਼ ਵਿਚ ਲੋਕਤੰਤਰ ਨਹੀਂ ਬਚੇਗਾ।" ਜਸਟਿਸ ਲੋਇਆ ਮਾਮਲੇ ਅਤੇ ਮਸਜਿਦ ਮਾਮਲਿਆਂ 'ਤੇ ਹਾਲ ਹੀ ਵਿਚ ਕੀਤੇ ਗਏ ਫੈਸਲਿਆਂ ਉਤੇ ਵੀ ਵਿਵਾਦ ਹੋ ਰਿਹਾ ਹੈ।

**4. ਆਰਟੀਆਈ. ਨੂੰ ਕਮਜ਼ੋਰ ਕਰਨਾ**

2014-15 ਦੇ ਕੇਂਦਰੀ ਸੂਚਨਾ ਕਮਿਸ਼ਨ (ਸੀ.ਆਈ.ਸੀ.) ਦੀ ਸਲਾਨਾ ਰਿਪੋਰਟ ਅਨੁਸਾਰ ਨਰੇਂਦਰ ਮੋਦੀ ਦੀ ਸਰਕਾਰ ਜਦੋਂ ਤੋਂ ਸੱਤਾ ਵਿਚ ਆਈ ਹੈ, ਇਹ ਸੂਚਨਾ ਦੇ ਅਧਿਕਾਰ (ਆਰ ਟੀ ਆਈ) ਐਕਟ ਰਾਹੀਂ ਜਾਣਕਾਰੀ ਆਮ ਲੋਕਾਂ ਤਕ ਪਹੁੰਚਣ ਤੋਂ ਰੋਕ ਰਹੀ ਹੈ, ਜਦਕਿ ਇਸ ਐਕਟ ਮੁਤਾਬਕ ਹਰ ਭਾਰਤੀ ਨੂੰ ਸਚਾਈ ਜਾਣਨ ਦਾ ਹੱਕ ਹੈ, ਭਾਜਪਾ ਸਚਾਈ ਨੂੰ ਛੁਪਾਉਣਾ ਚਾਹੁੰਦੀ ਹੈ। ਭਾਜਪਾ ਵਿਸ਼ਵਾਸ ਕਰਦੀ ਹੈ ਕਿ ਸਚਾਈ ਲੋਕਾਂ ਤੋਂ ਲੁਕੀ ਰਹਿਣੀ ਚਾਹੀਦੀ ਹੈ ਅਤੇ ਲੋਕਾਂ ਨੂੰ ਸੱਤਾ 'ਤੇ ਬੈਠੇ ਲੋਕਾਂ ਤੋਂ ਸਵਾਲ ਨਹੀਂ ਪੁੱਛਣਾ ਚਾਹੀਦਾ। ਆਰਟੀਆਈ ਵਿਚ ਪ੍ਰਸਤਾਵਿਤ ਬਦਲਾਅ ਇਸ ਨੂੰ ਬੇਲੋੜਾ ਕਾਨੂੰਨ ਬਣਾ ਦੇਵੇਗਾ, ਅਜਿਹਾ ਰਾਹੁਲ ਗਾਂਧੀ ਨੇ ਟਵੀਟ ਕਰ ਕੇ ਆਖਿਆ ਹੈ।

**5. ਚੋਣ ਕਮਿਸ਼ਨ ਨੂੰ ਪ੍ਰਭਾਵਤ ਕਰਨਾ**

ਐਨਡੀਏ ਗੱਠਜੋੜ ਦੇ ਇਕ ਭਾਈਵਾਲ ਸ਼ਿਵ ਸੈਨਾ ਨੇ ਇਕ ਬਿਆਨ ਦੇ ਕੇ ਇਸ ਸ਼ੱਕ ਨੂੰ ਹੋਰ ਪਕੇਰਾ ਕੀਤਾ ਹੈ ਕਿ ਚੋਣ ਕਮਿਸ਼ਨ ਨੇ ਭਾਜਪਾ ਸਰਕਾਰ ਦੇ ਹੱਥਾਂ ਵਿਚ ਇਕ ਸੰਦ ਬਣਨਾ ਜਾਰੀ ਰੱਖਿਆ ਹੋਇਆ ਹੈ। ਸ਼ਿਵ ਸੈਨਾ ਦੇ ਬੁਲਾਰੇ ਸੰਜੇ ਰਾਊਤ ਨੇ ਕਿਹਾ, ਕਿ "ਲੋਕ ਚੋਣ ਪ੍ਰਣਾਲੀ ਵਿਚ ਵਿਸ਼ਵਾਸ ਗੁਆ ਰਹੇ ਹਨ।"

**6. ਜ਼ਮੀਰ ਦੀ ਅਜ਼ਾਦੀ ਦਾ ਅਹਿਸਾਸ ਖਤਮ ਕਰਨਾ**

ਜ਼ਮੀਰ ਦੀ ਆਜ਼ਾਦੀ ਸਾਰੇ ਹੋਰ ਪੱਖਾਂ ਦੀ ਆਜ਼ਾਦੀ ਦੀ ਬੁਨਿਆਦ ਹੈ। ਇਹ ਅਧਿਕਾਰ ਕੁਦਰਤੀ ਹੈ ਅਤੇ ਪਰਮਾਤਮਾ ਦੁਆਰਾ ਦਿੱਤਾ ਗਿਆ ਹੈ। ਭਾਰਤੀ ਸੰਵਿਧਾਨ ਦੇ ਤਹਿਤ ਇਸ ਦੀ ਗਾਰੰਟੀ ਦਿੱਤੀ ਗਈ ਹੈ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਰੌਨਲਡ ਰੀਗਨ ਨੇ ਇਕ ਵਾਰ ਅਜ਼ਾਦੀ ਦੀ ਮਹੱਤਤਾ ਬਾਰੇ ਭਾਸ਼ਣ ਦਿੱਤਾ ਸੀ। ਉਨ੍ਹਾਂ ਨੇ ਕਿਹਾ ਸੀ ਕਿ ਸਾਡੀ ਆਜ਼ਾਦੀ ਕਿਸੇ ਵੀ ਪੀੜ੍ਹੀ ਵਿਚ ਖਤਮ ਹੋਣ ਵਾਲੀ ਨਹੀਂ ਹੈ, ਕਿਉਂਕਿ ਅਸੀਂ ਆਪਣੇ ਬੱਚਿਆਂ ਦੇ ਖੂਨ ਵਿਚ ਅਜਿਹਾ ਭਰਿਆ ਹੈ। ਭਾਰਤ ਵਿਚ ਉਲਟ ਵਾਪਰ ਰਿਹਾ ਹੈ। ਵਿਅਕਤੀਗਤ ਸੋਚ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੀ ਭਾਵਨਾ ਨੂੰ ਮਾਰਿਆ

**ਬਾਕੀ ਸਫ਼ਾ 28 'ਤੇ**

# ਭਗਵੀਂ ਦੇਸ਼ਭਗਤੀ, ਨਾਗਪੁਰੀ ਵਿਚਾਰਧਾਰਾ ਅਤੇ ਵਰਤਮਾਨ ਹਾਲਾਤ ਵਿਚ ਲੇਖਕ ਦੀ ਭੂਮਿਕਾ

**- ਗੁਰਬਚਨ ਸਿੰਘ ਭੁੱਲਰ**



ਪਿਛਲੇ ਕੁਝ ਸਾਲਾਂ ਤੋਂ ਭਾਰਤ ਵਿਚ ਮਾਹੌਲ ਪਹਿਲਾਂ ਨਾਲੋਂ ਬਹੁਤ ਗੰਧਲਾ ਹੋਇਆ ਹੈ। ਸੁਰੱਖਿਆ ਦੀ ਆਸ ਘਟੀ ਹੈ। ਸਮਾਜਕ ਖੇਤਰ ਨੂੰ, ਖਾਸ ਕਰਕੇ ਸਾਹਿਤ ਅਤੇ ਸਭਿਆਚਾਰ ਨੂੰ ਜਿਸ ਵਿਉਂਤਬੰਦ ਢੰਗ ਨਾਲ ਅਤੇ ਗਿਣ-ਮਿਥ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਉਸ ਨਾਲ ਬੇਚੈਨੀ ਤੇ ਫ਼ਿਕਰਮੰਦੀ ਵਧੀ ਹੈ। ਸਾਹਿਤ, ਸਭਿਆਚਾਰ, ਬਹੁਭਾਂਤੀ ਕਲਾ, ਇਤਿਹਾਸ, ਆਦਿ ਜਿਹੀਆਂ ਖ਼ੂਬਸੂਰਤ ਮਨੁੱਖੀ ਪਰਾਪਤੀਆਂ ਨੂੰ ਨਿੰਦਿਆ, ਭੰਡਿਆ ਅਤੇ ਕਰੂਪ ਕੀਤਾ ਜਾ ਰਿਹਾ ਹੈ। ਕੁਝ ਹੀ ਸਮੇਂ ਦੇ ਵਿਚ ਵਿਚ ਨਰੇਂਦਰ ਦਾਭੋਲਕਰ ਅਤੇ ਗੋਵਿੰਦ ਪਨਸਾਰੇ ਤੋਂ ਲੈ ਕੇ ਵਿਰੋਧੀ ਵਿਚਾਰਾਂ ਵਾਲਿਆਂ ਦੇ ਕਤਲ, ਭਗਵਾਨ ਅਤੇ ਬਸ਼ੀਰ ਵਰਗੇ ਹੋਰਾਂ ਨੂੰ ਕਤਲ ਦੀਆਂ ਧਮਕੀਆਂ, ਗ਼ੁਲਾਮ ਅਲੀ ਵਰਗਿਆਂ ਨੂੰ ਗਾਉਣ ਤੋਂ ਵਰਜਣਾ, ਵਾਜਪਈ ਅਤੇ ਅਡਵਾਨੀ ਦੇ ਨੇੜਲੇ ਸਾਥੀ ਰਹੇ ਸੁਧੀਂਦਰ ਕੁਲਕਰਨੀ ਨਾਲ ਸ਼ੁਰੂ ਹੋਇਆ ਮੂੰਹ ਕਾਲੇ ਕਰਨ ਦਾ ਸਿਲਸਿਲਾ ਅਸਹਿਣਸ਼ੀਲਤਾ ਦੀਆਂ ਮੂੰਹੋਂ ਬੋਲਦੀਆਂ ਤਸਵੀਰਾਂ ਹੀ ਤਾਂ ਹਨ। ਪਹਿਨਣ, ਖਾਣ, ਖੇਡਣ, ਦੋਸਤ ਚੁਣਨ ਅਤੇ ਪਿਆਰ ਕਰਨ ਨੂੰ ਲੈ ਕੇ ਧੌਂਸੀ ਫ਼ਰਮਾਨ ਜਾਰੀ ਕੀਤੇ ਜਾ ਰਹੇ ਹਨ। ਇਸ ਸਭ ਕੁਝ ਦੇ ਬਾਵਜੂਦ ਅਸਹਿਣਸ਼ੀਲਤਾ ਤੋਂ ਸਿਰਫ਼ ਇਨਕਾਰ ਹੀ ਨਹੀਂ ਕੀਤਾ ਜਾ ਰਿਹਾ, ਅਜਿਹਾ ਕਹਿਣ ਵਾਲਿਆਂ ਨੂੰ ਦੇਸ਼ ਧਰੋਹੀ ਕਿਹਾ ਜਾ ਰਿਹਾ ਹੈ। ਨੁਕਤਾਚੀਨੀ ਸੱਤਾ ਦੀ ਕੀਤੀ ਜਾਂਦੀ ਹੈ, ਦੋਸ਼ ਇਹ ਲਾਇਆ ਜਾਂਦਾ ਹੈ ਕਿ ਇਹ ਲੋਕ ਭਾਰਤ ਵਰਗੇ ਮਹਾਨ ਦੇਸ ਨੂੰ ਅਸਹਿਣਸ਼ੀਲ ਕਹਿ ਰਹੇ ਹਨ।

ਇਹ ਠੀਕ ਹੈ ਕਿ ਪਿਛਲੇ ਕੁਝ ਦਹਾਕਿਆਂ ਦੀ ਕਿਸੇ ਵੀ ਸਰਕਾਰ ਨੂੰ ਇਸ ਪੱਖੋਂ ਨੇਕ-ਪਾਕ ਨਹੀਂ ਸਮਝਿਆ ਜਾ ਸਕਦਾ। ਪਰ ਪਹਿਲਾਂ ਦੀਆਂ ਸਭ ਸਰਕਾਰਾਂ ਅਤੇ ਵਰਤਮਾਨ ਸਰਕਾਰ ਵਿਚ ਇਕ ਬੁਨਿਆਦੀ ਫ਼ਰਕ ਸਮਝਣਾ ਜ਼ਰੂਰੀ ਹੈ। ਉਹ ਸਰਕਾਰਾਂ ਕਦੀ-ਕਦਾਈਂ ਵਾਪਰਦੀਆਂ ਅਜਿਹੀਆਂ ਘਟਨਾਵਾਂ ਨੂੰ, ਸਾਡੇ ਦੇਸ਼ ਦੀ ਮੰਦਭਾਗੀ ਵੋਟਮੁਖੀ ਰਾਜਨੀਤੀ ਕਾਰਨ, ਆਮ ਕਰ ਕੇ ਅਣਡਿੱਠ ਤਾਂ ਕਰ ਦਿੰਦੀਆਂ ਸਨ ਪਰ ਉਹਨਾਂ ਦੀਆਂ ਸਿੱਧੀਆਂ ਪ੍ਰੇਰਕ ਅਤੇ ਭਾਈਵਾਲ ਨਹੀਂ ਸਨ ਬਣਦੀਆਂ। ਮਨੁੱਖੀ ਘਾਤ ਵਿਚ ਪਹਿਲਾਂ ਦੀ ਕਿਸੇ ਸਰਕਾਰ ਦੀ ਸਿੱਧੀ ਭਾਈਵਾਲੀ ਦੀ ਇੱਕੋ ਸਪਸ਼ਟ ਮਿਸਾਲ 1984 ਦਾ ਸਿੱਖ ਕਤਲੇਆਮ ਹੈ ਜਿਸ ਵਿਚ ਉਸ ਸਮੇਂ ਦੀ ਸੱਤਾਧਾਰੀ ਪਾਰਟੀ, ਕਾਂਗਰਸ ਦੀ ਅਗਵਾਈ ਅਤੇ ਸ਼ਮੂਲੀਅਤ ਜੱਗ-ਜ਼ਾਹਿਰ ਹੈ। ਪਰ ਹੁਣ ਛੋਟੀਆਂ-ਵੱਡੀਆਂ ਜਿੰਨੀਆਂ ਵੀ ਘਟਨਾਵਾਂ ਹੋ ਰਹੀਆਂ ਹਨ, ਉਹ ਹਾਕਮ ਧਿਰ ਦੀਆਂ ਵੱਖ ਵੱਖ ਨਾਂਵਾਂ ਵਾਲੀਆਂ ਅਣਗਿਣਤ ਜਥੇਬੰਦੀਆਂ ਵੱਲੋਂ ਹੀ ਹਿੱਕ ਥਾਪੜ ਕੇ ਕੀਤੀਆਂ ਜਾਂਦੀਆਂ ਹਨ ਅਤੇ ਸਰਕਾਰ ਚੁੱਪ ਰਹਿੰਦੀ ਹੈ।

ਪਹਿਲਾਂ ਲਕੀਰ ਦੇ ਦੂਜੇ ਪਾਸੇ ਖਲੋਤੇ ਲੋਕਾਂ ਨੂੰ ਵਿਰੋਧੀ ਕਿਹਾ ਜਾਂਦਾ ਸੀ, ਹੁਣ ਉਹ ਨਫ਼ਰਤਯੋਗ ਦੁਸ਼ਮਣ ਹੋ ਗਏ ਹਨ। ਸਮਾਜਕ ਜੀਵਨ ਦੇ ਲਗਭਗ ਸਭ ਖੇਤਰਾਂ ਵਿਚ ਮਤਭੇਦਾਂ ਨੂੰ ਮਨਭੇਦ ਬਣਾਉਣ ਦਾ ਯੁੱਧ ਛੇੜ ਦਿੱਤਾ ਗਿਆ ਹੈ। ਰਾਜਨੀਤਕ ਵਿਚਾਰਧਾਰਾਵਾਂ ਦੇ ਫ਼ਰਕ ਨੂੰ ਦੁਸ਼ਮਣੀ ਦਾ ਰੂਪ ਦਿੰਦਿਆਂ ਵਿਰੋਧੀਆਂ ਨੂੰ ਹਰਾਉਣ ਦਾ ਨਹੀਂ, ਸਗੋਂ ਭਾਰਤ ਨੂੰ ਉਹਨਾਂ ਤੋਂ ਮੁਕਤ ਕਰਨ ਦਾ ਬਿਗਲ ਵਜਾ ਦਿੱਤਾ ਗਿਆ ਹੈ। ਇਸ ਧਰਮਯੁੱਧ ਦੇ ਕਲਾਵੇ ਵਿਚ ਇਕ ਇਕ ਕਰ ਕੇ ਧਰਮ, ਜਾਤਪਾਤ, ਇਲਾਕਾਵਾਦ ਆਦਿ ਸਭ ਕੁਝ ਸ਼ਾਮਲ ਹੁੰਦਾ ਗਿਆ ਹੈ। ਆਖ਼ਰ ਇਹ ਨਫ਼ਰਤੀ ਅੱਗ ਸਾਹਿਤ ਅਤੇ ਸਭਿਆਚਾਰ ਦੇ ਵਿਹੜੇ ਪਹੁੰਚ ਗਈ। ਸਿਤਮ ਇਹ ਕਿ ਇਹ ਸਭ ਕੁਝ ਦੇਸ਼ਭਗਤੀ ਅਤੇ ਪੁਰਾਤਨ ਭਾਰਤੀ ਸੱਭਿਆਚਾਰ ਦੀ ਰਾਖੀ ਦੇ ਨਾਂ ਹੇਠ ਕੀਤਾ ਜਾ ਰਿਹਾ ਹੈ।

ਕਲਬੁਰਗੀ ਨੂੰ ਜਿਸ ਢੰਗ ਨਾਲ ਕਤਲ ਕੀਤਾ ਗਿਆ, ਉਹ ਪੁਰਾਤਨ ਭਾਰਤੀ ਸੰਸਕ੍ਰਿਤੀ ਦੇ ਸਵੈ ਥਾਪੇ ਰਖਵਾਲਿਆਂ ਦੇ ਨੀਵੇਂ ਮਿਆਰ ਅਤੇ ਅਣਮਨੁੱਖੀ ਖਾਸੇ ਦੀਆਂ ਅਨੇਕ ਮਿਸਾਲਾਂ ਵਿੱਚੋਂ ਇਕ ਹੈ। ਦੋ ਨੌਜਵਾਨ ਮੋਟਰਸਾਈਕਲ ਬਾਹਰ ਖੜ੍ਹਾ ਕਰ ਕੇ ਘੰਟੀ ਵਜਾਉਂਦੇ ਹਨ ਅਤੇ ਕੁੰਡੀ ਖੋਲ੍ਹਣ ਆਈ ਲੇਖਕ ਦੀ ਬਜ਼ੁਰਗ ਜੀਵਨ-ਸਾਥਣ ਨੂੰ ਵਿਦਿਆਰਥੀਆਂ ਵਜੋਂ ਪੇਸ਼ ਆ ਕੇ ਪ੍ਰੋਫ਼ੈਸਰ ਸਾਹਿਬ ਨੂੰ ਮਿਲਣ ਦੀ ਇੱਛਾ ਦੱਸਦੇ ਹਨ। ਉਹਨਾਂ ਨੂੰ ਬਿਠਾ ਕੇ ਅਤੇ ਪਤੀ ਨੂੰ ਆਵਾਜ਼ ਦੇ ਕੇ ਉਹ ਮਮਤਾ ਦੀ ਮੂਰਤ ਉਹਨਾਂ ਵਾਸਤੇ ਚਾਹ-ਪਾਣੀ ਲੈਣ ਚਲੀ ਜਾਂਦੀ ਹੈ। ਉਹਨੇ ਅਜੇ ਦੇਗਚੀ ਵੀ ਗੈਸ ਉੱਤੇ ਰੱਖੀ ਨਹੀਂ ਹੁੰਦੀ ਕਿ ਕਾਤਲ ਇਸ ਦੌਰਾਨ ਕਲਬੁਰਗੀ ਨੂੰ ਉਹਦੇ ਅੰਧਵਿਸ਼ਵਾਸ-ਵਿਰੋਧ ਦੀ ਸਜ਼ਾ ਵਜੋਂ ਗੋਲ਼ੀਆਂ ਮਾਰ ਕੇ ਭੱਜ ਚੁੱਕੇ ਹੁੰਦੇ ਹਨ। ਅਜੇ ਕਲਬੁਰਗੀ ਦੀ ਚਿਤਾ ਵੀ ਮੱਚੀ ਨਹੀਂ ਹੁੰਦੀ ਕਿ ਤਰਕਸ਼ੀਲ ਲੇਖਕ ਭਗਵਾਨ ਨੂੰ ਫੋਨ ਆਉਣ ਲਗਦੇ ਹਨ,ਆਪਣਾ ਨਾਂ ਭਗਵਾਨ ਦੀ ਥਾਂ ਸ਼ੈਤਾਨ ਰੱਖ ਲੈ ਤੇ ਤਿਆਰ ਹੋ ਜਾ, ਹੁਣ ਤੇਰੀ ਵਾਰੀ ਹੈ।"



ਤਾਮਿਲ ਲੇਖਕ ਪ੍ਰੋਫ਼ੈਸਰ ਪਿਰੂਮਲ ਮੁਰੂਗਨ ਨੂੰ ਉਹਦੇ ਨਾਵਲ 'ਮਾਧਰਬਾਗਨ' ਕਾਰਨ ਲਗਾਤਾਰ ਧਮਕੀਆਂ, ਵਿਖਾਵਿਆਂ, ਹੁੱਲੜ੍ਹੀ ਜਲੂਸਾਂ ਅਤੇ ਹੜਤਾਲਾਂ ਨਾਲ ਇਸ ਹੱਦ ਤਕ ਜਿੱਚ ਅਤੇ ਠਿੱਠ ਕੀਤਾ ਗਿਆ ਕਿ ਉਹਨੇ ਲੇਖਕ ਵਜੋਂ ਆਪਣੀ ਮੌਤ ਦਾ ਐਲਾਨ ਕਰ ਦਿੱਤਾ। ਉਹਨੇ ਕਿਹਾ,ਲੇਖਕ ਪਿਰੂਮਲ ਮੁਰੂਗਨ ਮਰ ਗਿਆ ਹੈ। ਉਹ ਕੋਈ ਭਗਵਾਨ ਨਹੀਂ। ਇਸ ਲਈ ਉਹ ਦੁਬਾਰਾ ਅਵਤਾਰ ਨਹੀਂ ਧਾਰੇਗਾ। ਇਸ ਪਿੱਛੋਂ ਸਿਰਫ਼ ਨਿਮਾਣਾ ਅਧਿਆਪਕ ਪੀ. ਮੁਰੂਗਨ ਹੀ ਜੀਵਤ ਰਹੇਗਾ।" ਪ੍ਰਕਾਸ਼ਕ ਨੂੰ ਮਜਬੂਰ ਕੀਤਾ ਗਿਆ ਕਿ ਉਹ ਨਾਵਲ ਦੀਆਂ ਬਚੀਆਂ ਹੋਈਆਂ ਕਾਪੀਆਂ, ਸਭ ਵਿਕਰੇਤਾਵਾਂ ਤੋਂ ਵਾਪਸ ਮੰਗਵਾਈਆਂ ਜਾਣ ਵਾਲੀਆਂ ਕਾਪੀਆਂ ਸਮੇਤ, ਨਸ਼ਟ ਕਰ ਦੇਵੇ। ਹੁਣ ਇਸ ਖ਼ੂਬਸੂਰਤ ਨਾਵਲ ਦਾ ਅੰਗਰੇਜ਼ੀ ਰੂਪ 'ਵਨ ਪਾਰਟ ਵੂਮਨ' ਇਹਨਾਂ ਬੁਰਛਿਆਂ ਦੇ ਸੋਟਿਆਂ ਅਤੇ ਪਿਸਤੌਲਾਂ ਤੋਂ ਨਾਬਰ ਆਨਲਾਈਨ ਵਿਕਰੇਤਾਵਾਂ ਕੋਲੋਂ ਸੌਖਿਆਂ ਹੀ ਹਾਸਲ ਕੀਤਾ ਜਾ ਸਕਦਾ ਹੈ। ਇਹਦੇ ਨਾਂ ਨੂੰ ਪੰਜਾਬੀ ਵਿਚ 'ਇਕ ਟੋਟਾ ਨਾਰੀ' ਕਿਹਾ ਜਾ ਸਕਦਾ ਹੈ। ਕੀ ਪਤਾ ਕੋਈ ਸਾਹਿਤ-ਪ੍ਰੇਮੀ ਤੇ ਪੰਜਾਬੀ-ਪਿਆਰਾ ਛੇਤੀ ਹੀ ਇਹਦਾ ਪੰਜਾਬੀ ਅਨੁਵਾਦ ਪੇਸ਼ ਕਰਨ ਦੀ ਹਿੰਮਤ ਕਰ ਦਿਖਾਵੇ! ਦੇਖਣ ਵਾਲੀ ਗੱਲ ਇਹ ਹੈ ਕਿ ਇਹ ਨਾਵਲ ਤਾਮਿਲ ਵਿਚ 2010 ਦਾ ਛਪਿਆ ਹੋਇਆ ਸੀ ਅਤੇ ਇਸ ਬਾਰੇ ਕਦੀ ਕੋਈ ਇਤਰਾਜ਼ ਸਾਹਮਣੇ ਨਹੀਂ ਸੀ ਆਇਆ। ਸ਼ਬਦ ਦੀ ਸਮਝ ਤੋਂ ਕੋਰੇ ਸਾਹਿਤ-ਵਿਰੋਧੀ ਹੁੱਲੜ੍ਹਬਾਜ਼ ਟੋਲਿਆਂ ਨੂੰ ਹੁਣ ਯਕੀਨਨ ਇਹ ਮਹਿਸੂਸ ਹੋਇਆ ਹੋਵੇਗਾ ਕਿ ਉਹਨਾਂ ਦੀਆਂ ਉਪੱਦਰੀ ਕਰਤੂਤਾਂ ਲਈ ਸਾਜ਼ਗਾਰ ਰਾਜਨੀਤਕ ਮੌਸਮ ਆ ਗਿਆ ਹੈ।

ਇਸ ਤੋਂ ਵੀ ਵਚਿੱਤਰ ਮਾਮਲਾ ਬਹੁਭਾਸ਼ਾਈ ਗਿਆਨਵਾਨ ਐਮ ਐਮ ਬਸ਼ੀਰ ਦਾ ਹੈ। ਬਹੁਤ ਵੱਡੀ ਗਿਣਤੀ ਵਿਚ ਛਪਦੇ ਅਖ਼ਬਾਰ 'ਮਾਤਰਭੂਮੀ' ਨੇ ਦੱਖਣ ਵਿਚ ਮਨਾਏ ਜਾਂਦੇ ਰਾਮ-ਮਹੀਨੇ ਦੇ ਸਬੰਧ ਵਿਚ ਉਹਨੂੰ ਇਕ ਲੇਖ-ਲੜੀ ਲਿਖਣ ਲਈ ਕਿਹਾ। ਉਹਨੇ ਬਾਲਮੀਕੀ ਰਾਮਾਇਣ ਉੱਤੇ ਆਧਾਰਿਤ ਛੇ ਲੇਖ ਲਿਖਣੇ ਪਰਵਾਨ ਕਰ ਲਏ। ਪਹਿਲੇ ਲੇਖ ਤੋਂ ਹੀ ਲੇਖਕ ਅਤੇ ਅਖ਼ਬਾਰ, ਦੋਵਾਂ ਨੂੰ ਧਮਕੀਆਂ ਮਿਲਣ ਲੱਗੀਆਂ। ਧਮਕੀਆਂ ਵਿਚਕਾਰ ਹੀ ਕੁਝ ਲੇਖ ਛਾਪ ਦਿੱਤੇ ਗਏ ਤਾਂ ਦੋਵਾਂ ਉੱਤੇ ਸਿੱਧੇ ਹਮਲੇ ਦਾ ਐਲਾਨ ਕਰ ਦਿੱਤਾ ਗਿਆ। ਲੇਖ-ਲੜੀ ਵਿਚਾਲੇ ਟੁੱਟ ਗਈ। ਇਸ ਘਟਨਾ ਦਾ ਦੇਖਣ ਅਤੇ ਵਿਚਾਰਨ ਵਾਲਾ ਨੁਕਤਾ ਇਹ ਹੈ ਕਿ ਬਸ਼ੀਰ ਸਾਹਿਬ ਉੱਤੇ ਇਹ ਇਲਜ਼ਾਮ ਨਹੀਂ ਲਾਇਆ ਗਿਆ ਕਿ ਤੂੰ ਬਾਲਮੀਕ ਦੇ ਅਰਥਾਂ ਦੇ ਅਨਰਥ ਕਰ ਰਿਹਾ ਹੈਂ ਤੇ ਤੇਰੀ ਵਿਆਖਿਆ ਗ਼ਲਤ ਹੈ, ਕਿਹਾ ਇਹ ਗਿਆ ਕਿ ਤੇਰਾ ਮੁਸਲਮਾਨ ਦਾ ਸਾਡੇ ਰਾਮ ਨਾਲ ਕੀ ਸਬੰਧ।

ਦੂਜਾ ਮੁੱਦਾ ਨਾਗਪੁਰੀ ਵਿਚਾਰਧਾਰਾ ਦਾ ਆਜ਼ਾਦੀ ਲਈ ਸੰਗਰਾਮ ਨਾਲ ਅਤੇ ਮਗਰੋਂ ਦੀਆਂ ਲੋਕ-ਲਹਿਰਾਂ ਨਾਲ ਕੋਈ ਨਾਤਾ ਨਾ ਹੋਣਾ ਹੈ। ਇਸੇ ਕਰਕੇ ਉਹਨਾਂ ਨੂੰ ਲੋਕ-ਸਤਿਕਾਰੇ ਨਾਂ ਖੋਹਣੇ ਪੈ ਰਹੇ ਹਨ। ਪਟੇਲ ਅਤੇ ਗਾਂਧੀ ਦੇ ਨਾਲ ਹੀ ਹੁਣ ਉਹ ਭਗਤ ਸਿੰਘ, ਸੁਭਾਸ਼ ਬੋਸ ਤੇ ਅੰਬੇਦਕਰ ਨੂੰ ਵੀ ਜੱਫਾ ਮਾਰਨ ਲੱਗੇ ਹੋਏ ਹਨ। ਇੱਥੇ ਪਹੁੰਚ ਕੇ ਉਹਨਾਂ ਨੂੰ ਸਿਰੇ ਮੇਲਣ ਦੀਆਂ ਮੁਸ਼ਕਲਾਂ ਆ ਰਹੀਆਂ ਹਨ। ਉਹ ਇਨਕਲਾਬੀਆਂ ਦੇ ਨਾਂ ਵਰਤਣਾ ਚਾਹੁੰਦੇ ਹਨ ਪਰ ਉਹਨਾਂ ਦੀ ਵਿਚਾਰਧਾਰਾ ਮੇਸਣਾ ਚਾਹੁੰਦੇ ਹਨ। ਇਸੇ ਕਰਕੇ ਇਕ ਪਾਸੇ ਉਹ ਅੰਬੇਦਕਰ ਦੇ ਨਾਂ ਦੀ ਮਾਲ਼ਾ ਜਪ ਰਹੇ ਹਨ, ਦੂਜੇ ਪਾਸੇ ਅੰਬੇਦਕਰੀ ਸੋਚ ਵਾਲ਼ੇ ਵਿਦਿਆਰਥੀਆਂ ਨੂੰ ਦੇਸ਼ਧਰੋਹੀ ਆਖ ਕੇ ਖ਼ੁਦਕੁਸ਼ੀ ਲਈ ਮਜਬੂਰ ਕਰ ਰਹੇ ਹਨ ਜਾਂ ਜੇਲ੍ਹਾਂ ਵਿਚ ਸੁੱਟ ਰਹੇ ਹਨ। ਯੂਨੀਵਰਸਿਟੀਆਂ ਕੋਝੀ ਰਾਜਨੀਤੀ ਦੇ ਅਖਾੜੇ ਬਣਾ ਦਿੱਤੀਆਂ ਗਈਆਂ ਹਨ। ਜੇ ਇਹਨਾਂ ਦੀ ਵਿਚਾਰਧਾਰਕ ਅਨਪੜ੍ਹਤਾ ਦਾ ਸਾਹਮਣਾ ਭਗਤ ਸਿੰਘ ਅਤੇ ਅੰਬੇਦਕਰ ਦੇ ਸੰਪਰਦਾਇਕਤਾ-ਵਿਰੋਧੀ ਅਤੇ ਮੰਨੂਵਾਦ-ਵਿਰੋਧੀ ਵਿਚਾਰਾਂ ਨਾਲ ਕਰਵਾ ਦਿੱਤਾ ਜਾਵੇ, ਇਹ ਲੋਕ ਯਕੀਨਨ ਉਹਨਾਂ ਦੀਆਂ ਤਸਵੀਰਾਂ ਉੱਤੇ ਫੁੱਲ ਚਾੜ੍ਹਨ ਦੀ ਥਾਂ ਉਹਨਾਂ ਦੀਆਂ ਅਰਥੀਆਂ ਫੂਕਣ ਲੱਗ ਜਾਣ।

ਹੁਣ ਅੰਬੇਦਕਰ ਦਾ ਨਾਂ ਜਪਣ ਵਾਲੇ ਇਹਨਾਂ ਲੋਕਾਂ ਦਾ ਚਿਹਰਾ ਤਾਂ ਬਹੁਤ ਪਹਿਲਾਂ ਨੰਗਾ ਹੋ ਗਿਆ ਸੀ। ਆਰ.ਐੱਸ.ਐੱਸ. ਨੇ ਸੰਵਿਧਾਨ ਵੱਲ ਆਪਣਾ ਨਜ਼ਰੀਆ ਅੰਬੇਦਕਰ ਵੱਲੋਂ ਖਰੜੇ ਦਾ ਅੰਤਿਮ ਰੂਪ ਪੇਸ਼ ਕੀਤੇ ਜਾਣ ਤੋਂ ਚਾਰ ਦਿਨ ਮਗਰੋਂ, 30 ਨਵੰਬਰ 1949 ਨੂੰ ਆਪਣੇ ਪੱਤਰ 'ਆਰਗੇਨਾਈਜ਼ਰ'ਵਿਚ ਸਾਫ਼ ਕਰ ਦਿੱਤਾ ਸੀ। ਉਹਨੇ ਕਿਹਾ ਸੀ ਕਿ ਭਾਰਤ ਦੇ ਨਵੇਂ ਸੰਵਿਧਾਨ ਦੀ ਸਭ ਤੋਂ ਮਾੜੀ ਗੱਲ ਇਹ ਹੈ ਕਿ ਇਸ ਦਾ ਕੁਝ ਵੀ ਭਾਰਤੀ ਨਹੀਂ। ਮੰਨੂ ਦੇ ਨੇਮ-ਕਾਨੂੰਨ ਦੁਨੀਆ-ਭਰ ਦੀ ਪ੍ਰਸ਼ੰਸਾ ਜਗਾਉਂਦੇ ਹਨ ਅਤੇ ਆਪਮੁਹਾਰੀ ਆਗਿਆਕਾਰਤਾ ਤੇ ਅਨੁਸਾਰਤਾ ਖੱਟਦੇ ਹਨ ਪਰ ਸਾਡੇ ਸੰਵਿਧਾਨਕ ਗਿਆਨਵਾਨਾਂ ਵਾਸਤੇ ਇਸ ਗੱਲ ਦਾ ਕੋਈ ਮਹੱਤਵ ਨਹੀਂ।

ਆਜ਼ਾਦੀ ਸੰਗਰਾਮ ਨਾਲ ਜੁੜਿਆ ਹੋਇਆ ਇੱਕੋ-ਇੱਕ ਨਾਂ, ਜਿਸ ਉੱਤੇ ਇਹਨਾਂ ਨੂੰ ਮਾਣ ਹੈ, ਸਾਵਰਕਰ ਹੈ। ਬਿਨਾ-ਸ਼ੱਕ ਆਜ਼ਾਦੀ ਸੰਗਰਾਮ ਵਿਚ ਉਹਦੀ ਕਈ ਸਾਲਾਂ ਦੀ ਭਾਈਵਾਲੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਪਰ ਸੀਖਾਂ ਪਿੱਛੇ ਹੋਏ ਉਹਦੇ ਪਸਤ ਹੌਸਲੇ ਤੋਂ ਵੀ ਇਨਕਾਰ ਅਸੰਭਵ ਹੈ। ਉਹਦੀ ਅੰਗਰੇਜ਼ ਸਰਕਾਰ ਨੂੰ ਮਾਂ ਨਾਲ ਤੁਲਨਾ ਦੇ ਕੇ ਪੁੱਤਰ ਨੂੰ ਮਾਫ਼ ਕਰਨ ਦੀਆਂ ਲਿਲ੍ਹਕੜੀਆਂ ਨਾਲ ਭਰੀ ਹੋਈ ਚਿੱਠੀ ਇਤਿਹਾਸ ਦਾ ਅੰਗ ਹੈ। ਉਸ ਵਿਚ ਉਹ ਇਹ ਇਕਰਾਰ ਵੀ ਕਰਦਾ ਹੈ ਕਿ ਅੱਗੇ ਤੋਂ ਉਹ ਆਪਣੇ ਆਪ ਨੂੰ ਸਿਰਫ਼ ਤੇ ਸਿਰਫ਼ ਹਿੰਦੂ ਧਰਮ ਦੇ ਲੇਖੇ ਲਾ ਦੇਵੇਗਾ ਤੇ ਰਾਜਨੀਤੀ ਵੱਲ ਮੂੰਹ ਤਕ ਨਹੀਂ ਕਰੇਗਾ! ਇਹੋ ਮਜਬੂਰੀ ਸਾਹਿਤ-ਸਭਿਆਚਾਰ ਦੇ ਖੇਤਰ ਵਿਚ ਹੈ ਜਿੱਥੇ ਲੇਖਕਾਂ ਦੇ ਟਾਕਰੇ ਲਈ ਇਹਨਾਂ ਨੂੰ ਪਾਰਟੀ ਦੇ ਬੰਦੇ ਉਤਾਰਨੇ ਪੈਂਦੇ ਹਨ। ਅਸਹਿਣਸ਼ੀਲਤਾ ਵਿਰੁੱਧ ਆਵਾਜ਼ਾਂ ਦੇ ਜਵਾਬ ਵਿਚ ਦਿੱਲੀ ਦੇ ਇੰਡੀਆ ਗੇਟ ਤੋਂ ਰਾਸ਼ਟਰਪਤੀ ਭਵਨ ਤਕ ਜਲੂਸ ਕੱਢਣ ਲਈ ਆਰ.ਐੱਸ.ਐੱਸ ਦੀ 'ਸੰਸਕਾਰ ਭਾਰਤੀ' ਨਾਂ ਦੀ ਅਖੌਤੀ ਸਭਿਆਚਾਰਕ ਸੰਸਥਾ ਨੂੰ ਆਖ਼ਰ ਭਾਜਪਾ ਸਾਂਸਦ ਕਿਰਨ ਖੇਰ ਦਾ ਐਕਟਰ ਪਤੀ ਅਨੂਪਮ ਖੇਰ ਸ਼ਿੰਗਾਰਨਾ ਪਿਆ ਅਤੇ ਉਹਦੇ ਪਿੱਛੇ ਵਿਦਿਆਰਥੀ ਪ੍ਰੀਸ਼ਦ, ਬਜਰੰਗ ਦਲ ਤੇ ਆਪਣੇ ਅਨੇਕ ਸੰਗਠਨਾਂ ਦੀ ਭੀੜ ਤੋਰਨੀ ਪਈ।

ਸੰਵਾਦ ਦੀ ਥਾਂ ਮੋਦੀ ਜੀ ਪ੍ਰਵਚਨ ਵਿਚ ਯਕੀਨ ਰੱਖਦੇ ਹਨ। ਪ੍ਰਵਚਨ ਦੀ ਪ੍ਰੰਪਰਾ ਹਜ਼ਾਰਾਂ ਸਾਲ ਪੁਰਾਣੀ ਉਸ ਸੰਸਕ੍ਰਿਤੀ ਦੀ ਦੇਣ ਹੈ ਜਿਸ ਨੂੰ ਸੁਰਜੀਤ ਕਰਨਾ ਨਾਗਪੁਰੀ ਆਦੇਸ਼ ਅਨੁਸਾਰ ਵਰਤਮਾਨ ਸਰਕਾਰ ਦਾ ਇਕ ਮੁੱਖ ਟੀਚਾ ਹੈ। ਪ੍ਰਵਚਨ ਦੇ ਨੇਮ ਅਨੁਸਾਰ ਕਿਸੇ ਜਨਸਮੂਹ ਵਿਚ ਕੋਈ ਇੱਕੋ ਹੁੰਦਾ ਹੈ ਜੋ ਸਰਬ ਗਿਆਤਾ ਹੁੰਦਾ ਹੈ ਅਤੇ ਬਾਕੀ ਸਭ ਨੇ, ਕਿਸੇ ਵੀ ਸੋਝੀ ਅਤੇ ਸੇਧ ਤੋਂ ਵਿਰਵੇ ਹੋਣ ਕਰਕੇ, ਹਰ ਗੱਲ ਉਸੇ ਤੋਂ ਸਿੱਖਣੀ ਹੁੰਦੀ ਹੈ। ਇਸੇ ਫ਼ਰਕ ਸਦਕਾ ਪ੍ਰਵਚਨ-ਕਰਤਾ ਉੱਚੇ ਥੜ੍ਹੇ ਉੱਤੇ ਬਿਰਾਜਮਾਨ ਹੁੰਦਾ ਹੈ ਤੇ ਮੂਕ ਸਰੋਤੇ ਹੱਥ ਜੋੜ ਕੇ ਉਹਦੇ ਚਰਨਾਂ ਤੋਂ ਵੀ ਨੀਵੇਂ ਭੁੰਜੇ ਬੈਠਦੇ ਹਨ। ਪ੍ਰਵਚਨ ਸੱਤ-ਬਚਨੀ ਹੋਣ ਕਰਕੇ ਸਰੋਤੇ ਦੇ ਮਨ ਨੂੰ ਕਿਸੇ ਸ਼ੰਕੇ, ਕਿਸੇ ਕਿੰਤੂ-ਪ੍ਰੰਤੂ ਦੀ ਗੁੰਜਾਇਸ਼ ਨਹੀਂ ਦਿੰਦਾ ਜਿਸ ਕਰਕੇ ਵਿਚਾਰ-ਪਰਵਾਹ ਇਕ-ਮਾਰਗੀ ਹੁੰਦਾ ਹੈ। ਸਰੋਤਿਆਂ ਕੋਲ ਅਜਿਹਾ ਕੁਝ ਨਹੀਂ ਹੁੰਦਾ ਜੋ ਗਿਆਨੀ ਪ੍ਰਵਚਨੀਆ ਸੁਣ-ਜਾਣ ਸਕੇ। ਨਿਸ਼ਰਧਕ ਸ਼ੰਕੇਬਾਜ਼ ਉਹਦੇ ਸਰਾਪ ਅਤੇ ਕਹਿਰ ਦਾ ਭਾਗੀ ਬਣਦਾ ਹੈ। ਪ੍ਰਵਚਨੀ ਵਰਤਾਰੇ ਨੇ ਮੋਦੀ ਜੀ ਦਾ ਮਨ ਇੰਨਾ ਮੋਹ ਲਿਆ ਹੈ ਕਿ ਉਹ ਹਰ ਪ੍ਰਧਾਨ ਮੰਤਰੀ ਦੇ ਲੋਕ-ਸੰਪਰਕ ਦਾ ਇਕ ਜ਼ਰੂਰੀ ਪੱਖ ਰਹੀ ਸਵਾਲੀ-ਜਵਾਬੀ ਪ੍ਰੈੱਸ ਕਾਨਫ਼ਰੰਸ ਕਰਨੋਂ ਵੀ ਸੰਕੋਚ ਕਰਦੇ ਹਨ।

ਜਦੋਂ ਇੱਕੋ ਮੁੱਦੇ ਨੂੰ ਲੈ ਕੇ ਵੱਖ ਵੱਖ ਵਿਚਾਰਾਂ ਦੇ ਧਾਰਨੀ ਦੋ ਪ੍ਰਵਚਨੀਆਂ ਦਾ ਸਾਹਮਣਾ ਹੁੰਦਾ ਹੈ, ਵਾਦ-ਵਿਵਾਦ ਦਾ ਮੁੱਢ ਬੱਝਦਾ ਹੈ। ਇਸ ਵਿਚ ਵੀ ਇਕ ਦੂਜੇ ਦਾ ਮੱਤ ਜਾਣਨ ਦੀ, ਉਹਨੂੰ ਪਰਖਣ ਦੀ ਅਤੇ ਸੱਚ ਹੋਣ ਦੀ ਸੂਰਤ ਵਿਚ ਬੇਝਿਜਕ ਅਪਣਾਉਣ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ। ਇਹ ਬੌਧਿਕ ਸਾਨ੍ਹਾਂ ਦਾ ਭੇੜ ਹੁੰਦਾ ਹੈ ਜਿਸ ਵਿਚ ਆਪਣੇ ਮੱਤ ਦੀ ਸ੍ਰੇਸ਼ਟਤਾ ਦਾ ਯਕੀਨ ਮੁੱਢਲੀ ਸ਼ਰਤ ਹੁੰਦਾ ਹੈ ਅਤੇ ਆਪਣੀ ਇਹ ਸ੍ਰੇਸ਼ਟਤਾ ਸਿੱਧ ਕਰ ਕੇ ਦੂਜੇ ਦੇ ਮੱਤ ਨੂੰ ਛੁਟਿਆਉਣਾ-ਹਰਾਉਣਾ ਮੁੱਖ ਉਦੇਸ਼ ਬਣ ਜਾਂਦਾ ਹੈ।

ਹੁਣ ਸੰਵਾਦ ਟੁੱਟ ਕੇ ਪਿਛਲਖੁਰੀ ਤੁਰੀ ਗੱਲ ਜੇ ਵਾਦ-ਵਿਵਾਦ ਉੱਤੇ ਜਾ ਰੁਕਦੀ ਤਾਂ ਵੀ ਕੁਝ ਨਾ ਕੁਝ ਬਚਿਆ ਰਹਿ ਜਾਂਦਾ ਪਰ ਉਹ ਵਾਦ-ਵਿਵਾਦ ਨੂੰ ਵੀ ਪਿੱਛੇ ਛਡਦੀ ਪ੍ਰਵਚਨ ਤੱਕ ਜਾ ਤਿਲ੍ਹਕੀ! ਜੇ ਅੱਜ ਵੱਖ ਵੱਖ ਤਬਕਿਆਂ ਵਿਚਕਾਰ ਟਕਰਾਉ ਹੈ, ਧਰਮਾਂ ਵਿਚਕਾਰ ਹਿੰਸਾ ਹੈ, ਰਾਜਨੀਤਕ ਪਾਰਟੀਆਂ ਨੇ ਇਕ ਦੂਜੀ ਵਿਰੁੱਧ ਛੁਰੀਆਂ ਤਿੱਖੀਆਂ ਕੀਤੀਆਂ ਹੋਈਆਂ ਹਨ ਅਤੇ ਅਜੋਕੀ ਹਾਕਮ ਧਿਰ ਸੱਚ ਦਾ ਸ਼ੀਸ਼ਾ ਦਿਖਾਉਣ ਵਾਲੇ ਲੇਖਕਾਂ, ਬੁੱਧੀਮਾਨਾਂ, ਕਲਾਕਾਰਾਂ, ਸਮਾਜ-ਸ਼ਾਸਤਰੀਆਂ ਅਤੇ ਵਿਗਿਆਨੀਆਂ ਨੂੰ ਦੇਸ਼-ਧਰੋਹੀ ਦੁਸ਼ਮਣ ਆਖ ਰਹੀ ਹੈ, ਇਸ ਦਾ ਕਾਰਨ ਸੰਵਾਦ ਦੀ ਸੰਭਾਵਨਾ ਦਾ ਅੰਤ ਹੈ।

ਵਿਚਾਰ ਅਤੇ ਗਿਆਨ ਦੇ ਖੇਤਰ ਵਿਚ ਸੰਵਾਦ ਨੂੰ ਉੱਤਮ ਹੋਣ ਦਾ ਮਾਣ ਹਾਸਲ ਹੈ। ਹਉਂਮੁਖੀ ਪ੍ਰਵਚਨ ਅਤੇ ਭੇੜਮੁਖੀ ਵਾਦ-ਵਿਵਾਦ ਦੇ ਉਲਟ ਸੰਵਾਦ ਦੀ ਬੁਨਿਆਦ ਮਾਨਵੀ ਸਹਿਣਸ਼ੀਲਤਾ ਹੈ। ਸੰਵਾਦ ਇਹ ਮੰਨ ਕੇ ਤੁਰਦਾ ਹੈ ਕਿ ਹਰ ਕਿਸੇ ਕੋਲ ਦੂਜੇ ਨੂੰ ਦੱਸਣ ਵਾਸਤੇ ਕੁਝ ਨਾ ਕੁਝ ਜ਼ਰੂਰ ਹੁੰਦਾ ਹੈ। ਇਸੇ ਕਰਕੇ ਮਾਨਵਮੁਖੀ ਭਗਤੀ ਲਹਿਰ ਨੇ ਆਦਿਕਾਲ ਤੋਂ ਤੁਰੀਆਂ ਆਈਆਂ ਪ੍ਰਵਚਨੀ ਅਤੇ ਵਾਦ-ਵਿਵਾਦੀ ਪ੍ਰੰਪਰਾਵਾਂ ਦੀ ਥਾਂ ਸੰਵਾਦ ਜਾਂ ਗੋਸ਼ਟ ਨੂੰ ਪ੍ਰਮੁੱਖਤਾ ਦਿੱਤੀ। ਭਗਤ ਕਬੀਰ ਆਖਦੇ ਹਨ, "ਸੰਤੁ ਮਿਲੈ ਕਿਛੁ ਸੁਨੀਐ ਕਹੀਐ!" ਬਾਬਾ ਗੁਰੂ ਨਾਨਕ ਕਹਿੰਦੇ ਹਨ, "ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ!" ਸੰਵਾਦੀ ਵਿਚਾਰ-ਵਟਾਂਦਰੇ ਦਾ ਇਕ ਪੱਖ ਤਾਂ ਉਚੇਚਾ ਧਿਆਨ ਲੋੜਦਾ ਹੈ, ਉਹ ਹੈ ਆਪਣੀ ਗੱਲ ਕਹਿਣ ਨਾਲੋਂ ਦੂਜੇ ਦੀ ਗੱਲ ਸੁਣਨ ਨੂੰ ਵੱਧ ਮਹੱਤਵ ਦੇਣਾ। ਭਗਤ ਜੀ ਤੇ ਬਾਬਾ ਜੀ, ਦੋਵੇਂ ਸੁਣਨ ਨੂੰ ਪਹਿਲ ਦਿੰਦੇ ਹਨ ਤੇ ਕਹਿਣ ਨੂੰ ਦੂਜੀ ਥਾਂ ਉੱਤੇ ਰੱਖਦੇ ਹਨ।

ਜਿੱਥੇ ਸੰਵਾਦ ਦੀ ਸੰਭਾਵਨਾ ਦਾ ਅੰਤ ਹੁੰਦਾ ਹੈ, ਉੱਥੇ ਹਿੰਸਾ ਦਾ ਆਰੰਭ ਹੁੰਦਾ ਹੈ। ਹਿੰਸਾ ਦੋ ਕਿਸਮਾਂ ਦੀ ਹੁੰਦੀ ਹੈ, ਸ਼ਬਦੀ ਅਤੇ ਸਰੀਰਕ। ਭਾਰਤ ਦੇ ਵਿਹੜੇ ਹੁਣ ਦੋਵਾਂ ਕਿਸਮਾਂ ਦੀ ਹਿੰਸਾ ਤਾਂਡਵ ਨੱਚ ਰਹੀ ਹੈ। ਸ਼ਬਦੀ ਹਿੰਸਾ ਦੇਸ਼ ਦਾ ਮਾਣ ਸਮਝੇ ਜਾਣ ਦੇ ਹੱਕਦਾਰ ਲੇਖਕਾਂ, ਬੁੱਧੀਮਾਨਾਂ ਤੇ ਕਲਾਕਾਰਾਂ ਨੂੰ ਗਾਲ਼ੀ-ਗਲੋਚ ਤੇ ਧਮਕੀਆਂ ਦਾ ਰੂਪ ਧਾਰ ਰਹੀ ਹੈ ਅਤੇ ਸਰੀਰਕ ਹਿੰਸਾ ਉਹਨਾਂ ਦੇ ਮੂੰਹ ਕਾਲ਼ੇ ਕਰਨ ਤੋਂ ਲੈ ਕੇ ਧੌਣਾਂ ਉੱਤੇ ਛੁਰੀਆਂ ਫੇਰ ਰਹੀ ਹੈ।

ਚੌਥਾ ਮੁੱਦਾ ਵਿੱਦਿਆ ਵਿਚ ਲਿਆਂਦੇ ਜਾ ਰਹੇ ਪਿਛਲਖੁਰੀ ਸਾਰ-ਤੱਤ ਦਾ ਹੈ। ਕਿਸੇ ਵੀ ਦੇਸ਼, ਕੌਮ ਜਾਂ ਸਮਾਜ ਦਾ ਇਤਿਹਾਸ ਉਸ ਦੇ ਅਤੀਤ ਦਾ ਖ਼ਜ਼ਾਨਾ, ਵਰਤਮਾਨ ਦਾ ਆਧਾਰ ਅਤੇ ਭਵਿੱਖ ਦਾ ਵਿਕਾਸ-ਮਾਰਗ ਹੁੰਦਾ ਹੈ। ਇਤਿਹਾਸ ਨਿੱਗਰ ਸਬੂਤਾਂ ਉੱਤੇ ਉਸਰਦਾ ਹੈ। ਉਹਦੇ ਮੂਲ ਸੋਮੇ ਪੁਰਾਤਨ ਥੇਹ, ਉਹਨਾਂ ਵਿੱਚੋਂ ਮਿਲੀਆਂ ਵਸਤਾਂ, ਸਰਕਾਰੀ ਰਿਕਾਰਡ, ਨਿੱਜੀ ਡਾਇਰੀਆਂ, ਸਫ਼ਰਨਾਮੇ, ਜੀਵਨੀਆਂ, ਚਿੱਤਰ, ਆਦਿ ਹੁੰਦੇ ਹਨ। ਕਿਸੇ ਸਬੂਤ ਤੋਂ ਵਿਰਵੀਆਂ ਗੱਲਾਂ ਇਤਿਹਾਸ ਦਾ ਅੰਗ ਨਹੀਂ ਮੰਨੀਆਂ ਜਾਂਦੀਆਂ। ਮਿਥਿਹਾਸ ਡੂੰਘੇ ਅਤੀਤ ਦੀ ਰਚਨਾ ਹੈ ਜਿਸ ਦੀ ਬੁਨਿਆਦ ਕਲਪਨਾ ਹੈ। ਇਹ ਕਲਪਨਾ ਉਸ ਸਮੇਂ ਦੇ ਸਮਾਜ ਦੀਆਂ ਅਜਿਹੀਆਂ ਇਛਾਵਾਂ ਅਤੇ ਰੀਝਾਂ ਦਾ ਜਵਾਬ ਸੀ ਜਿਨ੍ਹਾਂ ਦੀ ਪਰਾਪਤੀ ਅਸਲ ਜੀਵਨ ਵਿਚ ਅਸੰਭਵ ਸੀ। ਜਾਂ ਫੇਰ ਪੁਰਾਤਨ ਮਨੁੱਖ ਜਿਨ੍ਹਾਂ ਚੀਜ਼ਾਂ ਜਾਂ ਘਟਨਾਵਾਂ ਦੇ ਨਿਕਾਸ-ਵਿਕਾਸ ਨੂੰ ਸਮਝਣ ਤੋਂ ਅਸਮਰੱਥ ਹੁੰਦਾ ਸੀ, ਉਹਨਾਂ ਦੀ ਵਿਆਖਿਆ ਕਲਪਿਤ ਕਥਾਵਾਂ ਰਾਹੀਂ ਕਰਨ ਦਾ ਜਤਨ ਕਰਦਾ ਸੀ ਜਿਨ੍ਹਾਂ ਨੂੰ ਮਿੱਥਾਂ ਕਿਹਾ ਜਾਣ ਲੱਗਿਆ। ਮਿਥਿਹਾਸ ਵਿਚ ਅਜਿਹੀਆਂ ਸਾਖੀਆਂ ਦੀ ਕੋਈ ਘਾਟ ਨਹੀਂ ਜਦੋਂ ਦੈਵੀ ਸ਼ਕਤੀ ਦਾ ਵਰੋਸਾਇਆ ਕੋਈ ਮਨੁੱਖ ਪਰਬਤ ਨੂੰ ਮੂਧਾ ਕਰ ਦਿੰਦਾ ਹੈ ਜਾਂ ਪਾਣੀ ਪੀ ਕੇ ਸਮੁੰਦਰ ਖਾਲੀ ਕਰ ਦਿੰਦਾ ਹੈ। ਅਸਲ ਜ਼ਿੰਦਗੀ ਵਿਚ ਅਜਿਹਾ ਕੁਝ ਕਦੀ ਨਹੀਂ ਵਾਪਰਦਾ। ਇਤਿਹਾਸ ਅਤੇ ਮਿਥਿਹਾਸ ਵਿਚਕਾਰ ਇੰਨੇ ਵੱਡੇ ਫ਼ਰਕ ਦੇ ਹੁੰਦਿਆਂ ਕਿਸੇ ਸਾਧਾਰਨ ਸਮਝ ਦੇ ਮਾਲਕ ਵਿਅਕਤੀ ਲਈ ਵੀ ਉਹਨਾਂ ਨੂੰ ਇਕ ਦੂਜੇ ਤੋਂ ਨਿਖੇੜ ਕੇ ਦੇਖਣਾ ਕੋਈ ਮੁਸ਼ਕਿਲ ਕੰਮ ਨਹੀਂ।

ਵਰਤਮਾਨ ਸੱਤਾ ਦੀ ਲੀਲ੍ਹਾ ਨਿਆਰੀ ਹੈ। ਉਹ ਸਮੁੱਚੇ ਗਿਆਨ-ਵਿਗਿਆਨ, ਜਿਸ ਵਿਚ ਭਾਸ਼ਾ, ਸਾਹਿਤ, ਕਲਾ ਤੇ ਸਭਿਆਚਾਰ, ਆਦਿ ਵੀ ਆ ਜਾਂਦੇ ਹਨ, ਨੂੰ ਕਲਾਵੇ ਵਿਚ ਲੈਣ ਵਾਲੇ ਇਤਿਹਾਸ ਦੀ ਅਸਲਵਾਦੀ ਰੀਤ ਦੀ ਥਾਂ ਮਿਥਿਹਾਸ ਦੀ ਕਲਪਨਾਵਾਦੀ ਪਿਰਤ ਦੀ ਵਿਸ਼ਵਾਸੀ ਹੈ। ਉਹਦਾ ਮੱਤ ਹੈ ਕਿ ਸਭ ਗਿਆਨ-ਵਿਗਿਆਨ ਸਮੇਤ ਇਤਿਹਾਸ ਦਾ ਸੋਮਾ

ਬਾਕੀ ਸਫ਼ਾ 28 'ਤੇ

Star Alliance BROKERAGE



# Indianapolis, Indiana...
## ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

- ਨਵੇਂ ਨਕੋਰ ਘਰਾਂ ਦੀ ਕੀਮਤ $100,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ONE OF THE FASTEST GROWING CITY IN AMERICA AND BEST SCHOOL SYSTEM...



**Manjit Singh Nagra**
Realtor/Broker
**Cell 317-750-1900**

We do all type of Home and Commercial Loans, Same day loan approval...

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**6979 Hillsdale Court, Indianapolis, Indiana 46250**



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS
4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾਂ ਦੀ ਮਿੱਠੀ ਯਾਦ ਵਿਚ

# ਨਗਰ ਕੀਰਤਨ

## Remembrance March & Freedom Rally





## ਐਤਵਾਰ 09 ਜੂਨ, 2019 ਨੂੰ ਸੈਨ ਫਰਾਂਸਿਸਕੋ ਵਿਖੇ

**Sunday June 9th, 2019 San Francisco**

**11:00 am at 36 2nd Street, San Francisco**
**Followed by Rally At Civic Center Plaza**

ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਅਤੇ ਉਨ੍ਹਾਂ ਵਲੋਂ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿਚ ਸ਼ਹੀਦ ਹੋਰ ਸਿੰਘ ਸਿੰਘਣੀਆਂ ਦੀ ਯਾਦ ਵਿਚ 09 ਜੂਨ 2019 ਨੂੰ ਸੈਨ ਫਰਾਂਸਿਸਕੋ ਸ਼ਹਿਰ ਵਿਚ ਹਰ ਸਾਲ ਦੀ ਤਰ੍ਹਾਂ ਮਹਾਨ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ।



ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਖ਼ਾਲਸਾ ਰਾਜ ਦੀ ਮੁਕੰਮਲ ਪ੍ਰਾਪਤੀ ਲਈ ਇਸ ਮਾਰਚ 'ਚ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਅਤੇ ਨਵੀਂ ਪੀੜ੍ਹੀ ਨੂੰ ਖ਼ਾਲਸੇ ਦੀਆਂ ਪਰੰਪਰਾਵਾਂ ਤੋਂ ਜਾਣੂ ਕਰਵਾਈਏ।

### ਬੇਨਤੀ ਕਰਤਾ:

ਗੁਰਦੁਆਰਾ ਸਾਹਿਬ ਫਰੀਮਾਂਟ
ਗੁਰਦੁਆਰਾ ਸਾਹਿਬ ਸਟਾਕਟਨ
ਗੁਰਦੁਆਰਾ ਸਾਹਿਬ ਐਲ ਸਬਰਾਂਟੇ
ਗੁਰਦੁਆਰਾ ਸੈਕਰਾਮੈਂਟੋ ਸਿੱਖ ਸੁਸਾਇਟੀ ਬਰੈਡਸ਼ਾਹ
ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ
ਸਿੱਖ ਟੈਂਪਲ ਮੋਡੈਸਟੋ
ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ
ਗੁਰਦੁਆਰਾ ਸਾਹਿਬ ਸੈਲਮਾ
ਗੁਰਦੁਆਰਾ ਸਿਲੀਕਨ ਵੈਲੀ ਸੈਂਟਾ ਕਲਾਰਾ
ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਟਰੇਸੀ
ਸਿੱਖ ਟੈਂਪਲ ਲੋਡਾਈ
ਗੁਰਦੁਆਰਾ ਦਸ਼ਮੇਸ਼ ਦਰਬਾਰ ਸੈਕਰਾਮੈਂਟੋ
ਗੁਰਦੁਆਰਾ ਟਾਇਰਾ ਬਿਊਨਾ ਯੂਬਾ ਸਿਟੀ
ਗੁਰਦੁਆਰਾ ਸਾਹਿਬ ਟਰਲਕ
ਗੁਰਦੁਆਰਾ ਸਾਹਿਬ ਮਡੇਰਾ

**ਹੋਰ ਜਾਣਕਾਰੀ ਲਈ ਸੰਪਰਕ ਕਰੋ : 1844 REM 1984**

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**Home for Sale:**
163 Tannehill Drive, Manteca, CA 95337
4 Bedroom 3 Bath
3236 sqft home 7792 sqft lot, Built in 2003
**$475,000**



**Home for Sale:**
2165 Capistrano Street, Manteca, CA 95337
5 Bedroom 3 Bath
2939 sqft home 8084 sqft lot, Built in 2009
**$545,000**

**Home for Sale:** 1643 Langum Way, Manteca, CA 95337, 4 Bedroom 3 Bath, 2045 sqft home 7910 sqft lot Built in 2005, Pool in backyard, Open house 03/10 11:30 AM- 3:00 PM **$432,900**

- **10 Acres commercial and Industrial lot available on West Yosemite ave Manteca listed at 3.8 Million. Permitted for truck yard, storage and repair.**
- **15 Acres industrial land available in French Camp listed at 5.1 million, prime corner lot, permitted for truck parking, truck wash, truck repair and warehousing.**
- **5 duplex under construction will be ready in September, 2019. listed at $599,000 each duplex.**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# SIKH GURDWARA OF LOS ANGELES LANKERSHIM

## Vaisakhi Celebrations



## ਖਾਲਸਾ ਪੰਥ ਦੀ ਸਾਜਨਾ ਦਿਵਸ
## ਕੀਰਤਨ ਦਰਬਾਰ

## SUNDAY 21ST APRIL 2019

Friday 19th April 2019, Deewan 5 pm to 9 pm
Saturday 20th April 2019, Deewan 5 pm to 9 pm
Sunday 21st April 2019, Deewan 9 am to 2 pm
Arambh of Shri Akhand Path Sahib Ji April 19th, 2019
Bhog of Shri Akhand Path Sahib Ji April 21st, 2019
Nishan Sahib Chola Ceremony 10:30 am April 21st, 2019

SHRI AKHAND PATH SAHIB JI
FRIDAY, SATURDAY, LANGAR
Sewa By:
Ravi Grewal and Family

Dhadhi Jatha: Bibi Chanchaldeep Kaur Ji (Darbar Sahib Wale)
Katha & Kirtan will be Performed By:
Bhai Jatinder Singh Ji Jot
Baba Surjeet Singh Ji

Guru Ka Langar Sewa By:
Surjeet Kaur and Family
Nishan Sahib Chola Sewa By:-
Makhan Singh Ji
Chhole Bhature Sewa By:-
Sikh Welfare Organization

At:-
SIKH GURDWARA OF LOS ANGELES
7640 LANKERSHIM BLVD. NORTH HOLLYWOOD, CA 91605
FOR MORE INFORMATION TO CONTACT :- 818-765-9399

# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ

## Now Open

Indiana
1480 N State Road 1, Cambridge City, IN 47327. 70
Exit 137
Diesel/Gas

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet
over 100 gallons
open 6am to midnight

Phone: 765-478-6300




22

GET FLAT 22 CENTS
DISCOUNT AT

TA TravelCenters of America

PETRO Stopping Centers®

We also offer Line of Credit for Fuel Card

Additional Services with our Fuel Card

✓ National Tire Program ✓ PM & Light Mechanical
✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com




Sandhu Herbals™
ਸੰਧੂ ਹਰਬਲਜ਼
ਤੰਦਰੁਸਤ ਸਿਹਤ
VEGETARIAN
SanGluco®
ਸ਼ੂਗਰ ਲਈ
• ਅਮਰੀਕਾ ਵਿਚ ਵਿਗਿਆਨਕ ਤਰੀਕੇ ਨਾਲ ਪਰਖ ਕੇ ਕੁਦਰਤੀ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਨਾਲ ਤਿਆਰ ਕੀਤੀ ਗਈ ਹਰਬਲ ਚਾਹ
• 1 ਮਹੀਨੇ ਦੀ ਖੁਰਾਕ ਨਾਲ ਕਰੇਲੇ ਦੇ ਕੈਪਸੂਲ ਫਰੀ
• Supports blood sugar levels already within optimal range*
• Promotes healthy weight management*
• Bitter Melon also known as karela, it helps regulate normal glucose tolerance*
Price : $ 30
Buy Sugar Destroyer Tea Get Karela Capsules Free
SanPhala
Soft • Gentle • Clean
ਕਬਜ਼ ਅਤੇ ਪੇਟ ਸਾਫ਼ ਲਈ
• ਸਾਫ਼ ਪੇਟ ਵਧੀਆ ਸਿਹਤ, ਤਰਿਫਲਾ, ਇਸਬਗੋਲ ਅਤੇ ਹੋਰ ਕੁਦਰਤੀ ਹਰਬਲ ਦੇ ਨਾਲ ਨੁਕਸਾਨ ਰਹਿਤ ਅਮਰੀਕਾ ਵਿਚ ਤਿਆਰ ਕੀਤਾ ਗਿਆ ਨੁਸਖਾ
• Helps relieve occasional constipation*
• Provides a gentle colon cleanse and detox action.*
• Supports colon health, regulates intestines to remove stagnant waste.
Buy now : $ 14.99
FREE SHIPPING
SanLipid
Living Science
ਕਲੈਸਟਰੋਲ ਲਈ
• ਨੁਕਸਾਨ ਰਹਿਤ ਵਧੀਆ ਕਲੈਸਟਰੋਲ ਅਤੇ ਤਾਕਤਵਰ ਦਿਲ ਲਈ ਕੁਦਰਤੀ ਫਾਰਮੂਲਾ
• Helps maintain cholesterol levels already within normal range*
• Supports heart health.*
Buy now : $ 19.99
SanAshwa
MINDFUL LIFE SCIENCE
ਤਣਾਅ, ਚਿੰਤਾ ਅਤੇ ਤਾਕਤ ਲਈ
• ਅਰੋਗ ਤਨ ਤੇ ਸ਼ਾਂਤ ਮਨ ਤੁਹਾਡੀ ਚੰਗੀ ਸਿਹਤ ਅਤੇ ਖੁਸ਼ੀ ਲਈ ਸੁਰੱਖਿਅਤ ਅਤੇ ਪ੍ਰਭਾਵੀ ਰੋਜ਼ਾਨਾ ਖੁਰਾਕ ਪੂਰਕ ਵਿਗਿਆਨਕ ਤਰੀਕੇ ਨਾਲ ਪਰਖਿਆ ਫਾਰਮੂਲਾ
• SanAshwa® is a cutting-edge scientific formula rooted in the ancient wisdom of herbs to help you live a happier, healthier life*.
• Designed by pharmacists and herbal experts, SanAshwa® has undergone rigorous scientific testing to ensure it is safe and effective.*
Price : $ 49.99
SANDHU HERBALS
Livermore, CA 94551 U.S.A.
ਵਧੇਰੇ ਜਾਣਕਾਰੀ ਲਈ ਕਾਲ ਕਰੋ : 1-800-570-8849
www.sandhuherbals.com | Toll Free : 1 800 570 8849 | MON-SAT 9 AM TO 6 PM

# ਪੰਜਾਬੀ ਕਲਚਰਲ ਸੈਂਟਰ ਯੂਐਸਏ ਦਾ ਉਦਘਾਟਨ 20 ਅਪ੍ਰੈਲ ਨੂੰ

### *ਫਰਿਜ਼ਨੋ ਵਾਸੀਆਂ ਲਈ ਸੱਭਿਆਰਚਕ ਪ੍ਰੋਗਰਾਮ ਸ਼ਨਿਚਰਵਾਰ ਸ਼ਾਮ ਨੂੰ*

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over

**ਫਰਿਜ਼ਨੋ/ਏਟੀ ਨਿਊਜ਼ :** ਪੰਜਾਬੀ ਰੇਡੀਓ ਯੂਐਸਏ ਦੇ ਫਰਿਜ਼ਨੋ ਸਥਿਤ ਸਟੂਡੀਓ ਵਿਖੇ ਪੰਜਾਬੀ ਕਲਚਰਲ ਸੈਂਟਰ ਦੀ ਸ਼ੁਰੂਆਤ 20 ਅਪ੍ਰੈਲ ਸ਼ਨਿਚਰਵਾਰ ਨੂੰ ਕੀਤੀ ਜਾਵੇਗੀ। ਪੰਜਾਬੀ ਰੇਡੀਓ ਯੂਐਸਏ ਦੀ ਟੀਮ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਰੇਡੀਓ ਦੇ ਸਪਾਂਸਰਾਂ, ਸਰੋਤਿਆਂ ਅਤੇ ਸਹਿਯੋਗੀਆਂ ਦੇ ਮਾਣ ਵਿੱਚ ਫਰਿਜ਼ਨੋ ਰੇਡੀਓ ਸਟੇਸ਼ਨ (2125 N Barton Ave, Fresno, CA 93704) ਦੇ ਵਿਹੜੇ ਵਿਚ 20 ਅਪ੍ਰੈਲ ਸ਼ਨਿਚਰਵਾਰ ਨੂੰ ਸ਼ਾਮੀਂ 6:00 ਵਜੇ ਤੋਂ ਰਾਤੀਂ : 9:30 ਵਜੇ ਤੱਕ ਕੀਤੇ ਜਾਣ ਇਸ ਪ੍ਰੋਗਰਾਮ ਲਈ ਸਭਨਾਂ ਨੂੰ ਪਰਿਵਾਰ ਸਮੇਤ ਪਹੁੰਚਣ ਦਾ ਖੁੱਲ੍ਹਾ ਸੱਦਾ ਹੈ। ਪ੍ਰਬੰਧਕਾਂ ਦੇ ਦੱਸਣ ਅਨੁਸਾਰ ਫਰਿਜ਼ਨੋ ਇਲਾਕੇ ਦੇ ਪੰਜਾਬੀ ਭਾਈਚਾਰੇ ਵਿੱਚ ਆਪਸੀ ਮੇਲ ਜੋਲ ਅਤੇ ਸਹਿਯੋਗ ਵਧਾਉਣ ਲਈ ਇਸ ਕਲਚਰਲ ਸੈਂਟਰ ਦੀ ਸਥਾਪਨਾ ਕੀਤੀ ਜਾ ਰਹੀ ਹੈ। ਇਹ ਸੈਂਟਰ ਸਥਾਪਤ ਕਰਨ ਦਾ ਮੁੱਖ ਮੰਤਵ ਹਰ ਉਮਰ ਦੇ ਪੰਜਾਬੀਆਂ ਦੇ ਵਿਹਲੇ ਸਮੇਂ 'ਚ ਉਨ੍ਹਾਂ ਨੂੰ ਉਸਾਰੂ ਰੁਝੇਵਿਆਂ ਵਾਸਤੇ ਪਲੇਟਫਾਰਮ ਪ੍ਰਦਾਨ ਕਰਨਾ ਹੈ। ਇਹ ਸਾਰੇ ਕੰਮ ਲਈ ਪੰਜਾਬੀ ਰੇਡੀਓ ਯੂਐਸਏ ਦਾ ਪੂਰਾ ਸਹਿਯੋਗ ਹੋਵੇਗਾ ਤੇ ਇਹ ਸੈਂਟਰ ਰੇਡੀਓ ਦੇ ਮਿਆਰ ਨੂੰ ਹੋਰ ਉੱਚਾ ਚੁਕਣ ਵਿੱਚ ਸਹਾਈ ਵੀ ਹੋਵੇਗਾ।ਫਰਿਜ਼ਨੋ ਸਟੇਸ਼ਨ ਦੇ ਸਟੂਡੀਓ ਦੀ ਨਵੀਂ ਬਿਲਡਿੰਗ ਅਤੇ ਪਾਰਕ ਦੀ ਸ਼ੁਰੂਆਤ ਮੌਕੇ ਗੀਤ ਸੰਗੀਤ ਵਾਲੀ ਇਸ ਪਰਿਵਾਰਕ ਮਿਲਣੀ ਲਈ ਦਾਖ਼ਲਾ ਮੁਫ਼ਤ ਹੈ। ਪ੍ਰੋਗਰਾਮ ਦੇ ਅਖ਼ੀਰ ਵਿੱਚ ਸਭਨਾਂ ਲਈ ਰਾਤ ਦੇ ਖਾਣੇ ਦਾ ਪ੍ਰਬੰਧ ਹੋਵੇਗਾ। ਹੋਰ ਜਾਣਕਾਰੀ ਲਈ ਨੰ. (408) 272-5200 'ਤੇ ਕਾਲ ਕਰ ਸਕਦੇ ਹੋ।

# ਖਾਲਸਾ ਸਾਜਨਾ ਦਿਵਸ 'ਤੇ ਸਿਟੀ ਆਫ ਹੌਲੀਓਕ 'ਚ ਕੇਸਰੀ ਨਿਸ਼ਾਨ ਸਾਹਿਬ ਝੁਲਾਏ

### ਅਮਰੀਕਾ ਦੇ ਝੰਡੇ ਦੇ ਨਾਲ ਇਕ ਮਹੀਨੇ ਤਕ ਝੁੱਲੇਗਾ ਕੇਸਰੀ ਨਿਸ਼ਾਨ

**ਹੌਲੀਓਕ/ਹੁਸਨ ਲੜੋਆ ਬੰਗਾ :**
ਮੈਸਾਚੂਸੈੱਸ ਸਟੇਟ ਦੇ ਸ਼ਹਿਰ 'ਸਿਟੀ ਆਫ ਹੌਲੀਓਕ' ਵਿਚ ਖਾਲਸਾ ਸਾਜਨਾ ਦਿਵਸ ਵਿਸਾਖੀ ਮੌਕੇ ਅਮਰੀਕਾ ਦੇ ਝੰਡੇ ਨਾਲ ਕੇਸਰੀ ਨਿਸ਼ਾਨ ਸਾਹਿਬ ਝੁਲਾਏ ਗਏ। ਝੰਡਾ ਲਹਿਰਾਉਣ ਦੀ ਰਸਮ ਸਿਟੀ ਆਫ ਹੌਲੀਓਕ ਦੇ ਮੇਅਰ ਐਲਕਸ ਬੀ. ਮੋਰਸ ਅਤੇ ਸਿੰਘ ਸਾਹਿਬ ਜਥੇਦਾਰ ਜਗਤਾਰ ਸਿੰਘ ਹਵਾਰਾ ਦੇ ਵਕੀਲ ਐਡਵੋਕੇਟ ਅਮਰ ਸਿੰਘ ਚਾਹਲ ਨੇ ਨਿਭਾਈ। ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਬੈਨਰ ਹੇਠ ਕਰਵਾਏ ਗਏ ਇਸ ਸਮਾਗਮ ਦਿਆਂ ਪ੍ਰਬੰਧਾਂ ਦੀ ਮੋਹਰੀ ਭੂਮਿਕਾ ਸਿੱਖ ਕੋਆਰਡੀਨੇਟਸ਼ਨ ਕਮੇਟੀ ਈਸਟ ਕੋਸਟ ਦੇ ਸਟੇਟ ਸਪੋਕਸਮੈਨ ਗੁਰਵਿੰਦਰ ਸਿੰਘ ਧਾਲੀਵਾਲ ਨੇ ਬਾਖੂਬੀ ਨਿਭਾਈ। ਇਸ ਸਮਾਗਮ ਦੌਰਾਨ ਹੋਰਨਾਂ ਤੋਂ ਇਲਾਵਾ ਮੈਨੀ ਫੈਬੋ ਚੀਫ ਆਫ ਪੁਲਿਸ, ਐਰੋਨ ਵੇਗਾ ਸਟੇਟ ਰੀਪਰਜ਼ੈਂਟੇਟਿਵ, ਐਲਿਜ਼ਬੈੱਥ ਏ ਵਾਰਨ ਯੂਨਾਈਟਡ ਸਟੇਟ ਸੈਨੇਟਰ, ਸਿੱਖ ਕੋਆਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਕੋਆਰਡੀਨੇਟਰ ਹਿੰਮਤ ਸਿੰਘ, ਸਿੰਘ ਸਾਹਿਬ ਜਥੇਦਾਰ ਜਗਤਾਰ ਸਿੰਘ ਹਵਾਰਾ ਦੇ ਵਕੀਲ ਐਡਵੋਕੇਟ ਅਮਰ ਸਿੰਘ ਚਾਹਲ, ਐਡਵੋਕੇਟ ਦਿਲਸ਼ੇਰ ਸਿੰਘ ਜੰਡਿਆਲਾ, ਬਲਾਕਾ ਸਿੰਘ, ਬਲਜਿੰਦਰ ਸਿੰਘ, ਡਾ. ਰਣਜੀਤ ਸਿੰਘ, ਕੁਲਦੀਪ ਸਿੰਘ, ਹਿਰਦੇਪਾਲ ਸਿੰਘ, ਅਮਰਿੰਦਰ ਸਿੰਘ,



ਗੁਰਦਿਆਲ ਸਿੰਘ, ਹਰਜਿੰਦਰ ਸਿੰਘ ਪਾਈਨਹਿਲ, ਜੁਗਰਾਜ ਸਿੰਘ, ਕੇਵਲ ਸਿੰਘ ਫਿਲਾਡੈਲਫੀਆ ਵੀ ਹਾਜ਼ਰ ਸਨ।
ਉਪਰੋਕਤ ਸਖਸ਼ੀਅਤਾਂ ਨੇ ਆਪਣੇ ਭਾਸ਼ਣ ਵਿਚ ਸਿੱਖ ਕੌਮ ਨੂੰ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਵਧਾਈਆਂ ਦਿੱਤੀਆਂ ਅਤੇ ਜਾਣਕਾਰੀ ਦਿੱਤੀ ਕਿ 14 ਅਪ੍ਰੈਲ ਦਾ ਦਿਨ ਪੱਕੇ ਤੌਰ ਤੇ ਮੈਸਾਚੂਸੈੱਸ ਸਟੇਟ ਵਿਚ ਖਾਲਸਾ ਦਿਵਸ ਨੂੰ ਸਮਰਪਿਤ ਕਰਾਰ ਦਿੱਤਾ ਗਿਆ ਹੈ ਅਤੇ ਅਪ੍ਰੈਲ ਮਹੀਨਾ ਪਹਿਲਾਂ ਹੀ ਇਸ ਸਟੇਟ ਵਲੋਂ 'ਸਿੱਖ ਅਵੇਅਰਨੈੱਸ ਮਨਥ' ਵਲੋਂ ਪਾਸ ਕੀਤਾ ਜਾ ਚੁੱਕਾ ਹੈ। ਕੇਸਰੀ ਨਿਸ਼ਾਨ ਸਾਹਿਬ ਝੁਲਾਏ ਜਾਣ ਕਾਰਨ ਸਿੱਖ ਭਾਈਚਾਰੇ ਵਿਚ ਖੁਸ਼ੀ ਅਤੇ ਮਾਣ ਮਹਿਸੂਸ ਕੀਤਾ ਜਾ ਰਿਹਾ ਹੈ।

# ਨਿਊਵਾਰਕ 'ਚ ਮਨਾਇਆ ਭਾਰਤੀ ਸੰਵਿਧਾਨ ਨਿਰਮਾਤਾ ਡਾ. ਅੰਬੇਡਕਰ ਦਾ 128ਵਾਂ ਜਨਮ ਦਿਹਾੜਾ

**ਨਿਊਵਾਰਕ/ਏਟੀ ਨਿਊਜ਼ :** ਡਾ. ਬੀਆਰ ਅੰਬੇਡਕਰ ਐਜੂਕੇਸ਼ਨ ਸੁਸਾਇਟੀ ਅਤੇ ਡਾ. ਅੰਬੇਡਕਰ ਇੰਟਰਨੈਸ਼ਨਲ ਸੈਂਟਰ ਵਲੋਂ ਇੱਥੇ ਓਆਇਸਸ ਹਾਲ ਵਿਚ ਭਾਰਤੀ ਸੰਵਿਧਾਨ ਦੇ ਜਨਮਦਾਤਾ ਡਾ. ਭੀਮ ਰਾਓ ਅੰਬੇਡਕਰ ਜੀ ਦਾ 128ਵਾਂ ਜਨਮ ਦਿਹਾੜਾ ਬੜੇ ਉਤਸ਼ਾਹ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰਾਂ ਵਿਚ ਕਿਹਾ ਕਿ ਡਾ. ਅੰਬੇਡਕਰ ਨਾ ਸਿਰਫ ਭਾਰਤੀ ਸੰਵਿਧਾਨ ਦੇ ਨਿਰਮਾਤਾ ਸਨ ਸਗੋਂ ਉਹਨਾਂ ਨੇ ਜਾਤ ਪਾਤ ਦੇ ਕੋਹੜ ਨੂੰ ਖਤਮ ਕਰਨ, ਔਰਤ ਦੇ ਸਨਮਾਨ ਲਈ ਚੇਤਨਾ ਪੈਦਾ ਕਰਨ ਅਤੇ ਸਮਾਜਿਕ ਨਾਬਰਾਬਰੀ ਖਤਮ ਕਰਨ ਲਈ ਇਕ ਤਰ੍ਹਾਂ ਨਾਲ ਇਨਕਲਾਬੀ ਰੋਲ ਅਦਾ ਕੀਤਾ। ਬੁਲਾਰਿਆਂ ਨੇ ਆਪਣੇ ਵਿਚਾਰਾਂ ਵਿਚ ਇਸ ਗੱਲ ਨੂੰ ਦੁਹਰਾਇਆ ਕਿ ਉਨ੍ਹਾਂ ਨੇ ਸੰਵਿਧਾਨ ਵਿਚ ਦੱਬੇ ਕੁਚਲੇ ਲੋਕਾਂ ਨੂੰ ਸਨਮਾਨ ਨਾਲ ਜ਼ਿੰਦਗੀ ਜਿਊਣ ਦੇ ਹੱਕ ਦੇ ਕੇ, ਜਾਤੀ ਪ੍ਰਥਾ ਵਿਚ ਫਸੇ ਭਾਰਤੀ ਸਮਾਜ ਨੂੰ ਇਸ ਜਿੱਲਣ 'ਚੋਂ ਨਿਕਲਣ ਦਾ ਇਕ ਸੰਕਲਪ ਪੈਦਾ ਕਰਕੇ ਦਿੱਤਾ ਅਤੇ ਕਿਹਾ ਕਿ ਜੇ ਸੰਵਿਧਾਨ ਚੰਗਾ ਹੋਵੇ ਤੇ ਉਸ ਨੂੰ ਲਾਗੂ ਕਰਨ ਵਾਲੇ ਲੋਕਾਂ ਦੀ ਨੀਅਤ ਵਿਚ ਖੋਟ ਹੋਵੇ ਤਾਂ ਸੰਵਿਧਾਨ ਆਪਣੇ ਮਿਸ਼ਨ ਤੋਂ ਪਰ੍ਹਾਂ ਚਲਾ ਜਾਵੇਗਾ, ਤੇ ਜੇ ਸੰਵਿਧਾਨ ਮਾੜਾ ਵੀ ਹੋਵੇ ਤੇ ਉਸ ਨੂੰ ਲਾਗੂ ਕਰਨ ਵਾਲੇ ਲੋਕ ਚੰਗੇ ਹੋਣ ਤਾਂ ਸੰਵਿਧਾਨ ਦੇਸ਼ ਦਾ ਮੂੰਹ ਮੁਹਾਂਦਰਾ ਅਤੇ ਸਮੁੱਚਾ ਪ੍ਰਬੰਧ ਹੀ ਬਦਲਣ ਦੇ ਸਮਰੱਥ ਹੁੰਦਾ ਹੈ। ਕਈ ਬੁਲਾਰਿਆਂ ਨੇ ਭਾਰਤ ਦੀ ਮੌਜੂਦ ਰਾਜਨੀਤਕ ਵਿਵਸਥਾ, ਆਰ.ਐੱਸ.ਐੱਸ ਤੇ ਭਾਰਤੀ ਜਨਤਾ ਪਾਰਟੀ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਉਹ ਸੰਵਿਧਾਨ ਨਾਲ ਛੇੜ ਛਾੜ ਕਰ ਰਹੇ ਹਨ ਜਿਸ ਨਾਲ ਘੱਟ ਗਿਣਤੀ ਲੋਕਾਂ ਅਤੇ ਸਮਾਜਿਕ ਅਤੇ ਆਰਥਿਕ ਤੌਰ 'ਤੇ ਪਛੜੇ ਲੋਕਾਂ ਦੇ ਹੱਕਾਂ 'ਤੇ ਡਾਕਾ



ਵੱਜੇਗਾ। ਮੂਲ ਭਾਰਤੀ ਲੋਕ ਇਸ ਛੇੜਛਾੜ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕਰਨਗੇ। ਅਮਰੀਕ ਚੰਦ ਲਾਖਾ ਹੁਰਾਂ ਦੇ ਯਤਨਾਂ ਨਾਲ ਇਸ ਸਮਾਗਮ ਵਿਚ ਨਾ ਸਿਰਫ ਪੰਜਾਬੀ ਸਗੋਂ ਦੱਖਣੀ ਭਾਰਤੀ ਵੀ ਵੱਡੀ ਗਿਣਤੀ ਵਿਚ ਸ਼ਾਮਿਲ ਹੋਏ। ਬੁਲਾਰਿਆਂ ਵਿਚ ਅਮਰ ਦੜੋਚ, ਦਸ਼ਵਿੰਦਰਪਾਲ, ਵਿਨੋਦ ਚੁੰਬਰ, ਅਮਰੀਕ ਚੰਦ ਲਾਖਾ, ਬਲਵੀਰ ਥਿੰਦ, ਦੀਪਕ ਸਰੋਆ, ਕਾਰਤਿਕ, ਡਾ. ਹਰਮੇਸ਼ ਕੁਮਾਰ, ਰਾਮ ਕੁਮਾਰ, ਡਾ. ਰਮੇਸ਼ ਜਾਪਰਾ, ਅੰਕਿਤ ਗਟਵਈਆ ਦੇ ਨਾਮ ਵਿਸ਼ੇਸ਼ ਹਨ ਜਦੋਂਕਿ ਪ੍ਰਧਾਨਗੀ ਮੰਡਲ ਵਿਚ ਵਾਨੀਸਾ ਰੂਸਲ, ਅਨਿਲ ਵਾਰਗੇ ਤੇ ਅਮਰੀਕ ਚੰਦ ਲਾਖਾ ਸੁਸ਼ੋਭਿਤ ਸਨ। ਇਸ ਮੌਕੇ 'ਤੇ ਕ੍ਰਿਸ਼ਮਾ ਡਾਂਸ ਅਕੈਡਮੀ ਦੀ ਜਯਾ ਸ਼ਰਮਾ ਵਲੋਂ ਭਾਰਤੀ ਨ੍ਰਿਤਾਂ ਦੀ ਪੇਸ਼ਕਾਰੀ ਕੀਤੀ ਗਈ ਅਤੇ ਡਾ. ਭੀਮ ਰਾਓ ਅੰਬੇਡਕਰ ਦੇ ਜੀਵਨ ਅਤੇ ਫਿਲਾਸਫੀ ਤੇ ਵੱਖ ਵੱਖ ਬੱਚਿਆਂ ਦੇ ਭਾਸ਼ਣ ਮੁਕਾਬਲਿਆਂ ਵਿਚ ਜੇਤੂ ਰਹਿਣ ਵਾਲਿਆਂ ਨੂੰ ਇਨਾਮ ਮੋਨਿਕਾ ਚੁੰਬਰ ਨੇ ਪ੍ਰਦਾਨ ਕੀਤੇ।


# WHITE HAWK TRUCKING INC

## *Need Drivers & Owner Operators*

Dedicated Load (ਪੱਕੇ ਲੋਡ)
Immediate Payment Option
West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

2101 MARTIN LUTHER KING JR WAY STOCKTON, CA 95205

# ਪੰਜਾਬ 'ਚ ਚੱਲ ਰਹੀ ਹੈ ਪੁਲਿਸ ਕੈਟਾਂ ਦੀ ਹਕੂਮਤ

## ਪੁਲੀਸ ਅ.ਫਸਰ ਕੈਟ ਪਾਲ ਕੇ ਕਾਨੂੰਨ ਤੇ ਮਨੁੱਖੀ ਅਧਿਕਾਰਾਂ ਦੀ ਕਰ ਰਹੇ ਨੇ ਉਲੰਘਣਾ

- ਕੈਟਾਂ ਕਾਰਨ ਪੰਜਾਬ 'ਚ ਲੁੱਟ ਖਸੁੱਟ ਦੇ ਅਪਰਾਧ ਵਧੇ
- ਪਾਦਰੀ ਐਂਥਨੀ ਦੇ 6 ਕਰੋੜ ਪੁਲਸੀਆਂ ਤੇ ਕੈਟਾਂ ਨੇ ਕੀਤੇ ਹਜ਼ਮ
- ਦੋ ਥਾਣੇਦਾਰਾਂ ਸਮੇਤ ਤਿੰਨ ਖ਼ਿਲਾਫ਼ ਮੁਹਾਲੀ ਵਿਚ ਕੇਸ ਦਰਜ



**ਜਲੰਧਰ/ਏਟੀ ਨਿਊਜ਼ :** ਪੰਜਾਬ ਵਿਚ ਸੰਤਾਪ ਵਾਲੇ ਦਿਨਾਂ ਦੌਰਾਨ ਪੁਲੀਸ ਨੇ ਖਾੜਕੂਆਂ ਦੇ ਘੇਮੇ ਵਿਚੋਂ ਗ੍ਰਿਫ਼ਤਾਰ ਹੋਏ ਅਨੇਕਾਂ ਸਿੱਖ ਨੌਜਵਾਨਾਂ ਨੂੰ ਮੁਖ਼ਬਰੀ ਲਈ ਵਰਤਣ ਦਾ ਤਰੀਕਾ ਖਾਲਿਸਤਾਨੀ ਲਹਿਰ ਨੂੰ ਖਤਮ ਕਰਨ ਲਈ ਅਜ਼ਮਾਇਆ। ਅਜਿਹੇ ਨੌਜਵਾਨਾਂ ਨੂੰ ਆਰਥਿਕ ਸਹਾਇਤਾ ਦੇ ਨਾਲ ਉਨ੍ਹਾਂ ਨੂੰ ਸਰਕਾਰੀ ਹਥਿਆਰਬੰਦ ਕਰਕੇ ਸੁਰੱਖਿਆ ਦੀ ਗਰੰਟੀ ਵੀ ਦਿੱਤੀ ਜਾਂਦੀ ਰਹੀ ਤੇ ਲੋਕਾਂ ਦੀ ਲੁੱਟਮਾਰ ਦੇ ਲਈ ਉਤਸ਼ਾਹਿਤ ਵੀ ਕੀਤਾ ਗਿਆ। ਜਸਟਿਸ ਅਜੀਤ ਸਿੰਘ ਬੈਂਸ ਮੁਖੀ ਮਨੁੱਖੀ ਅਧਿਕਾਰ ਸੰਗਠਨ ਨੇ ਅਜਿਹੇ ਕੈਟਾਂ ਦਾ ਕਈ ਰਿਪੋਰਟਾਂ ਵਿਚ ਪਰਦਾਫਾਸ਼ ਕੀਤਾ ਸੀ। ਇਨ੍ਹਾਂ ਵਿਚੋਂ ਕਈ ਐਸਪੀਓ ਭਰਤੀ ਹੋਣ ਤੋਂ ਬਾਅਦ ਤਰੱਕੀਆਂ ਪਾ ਗਏ ਅਤੇ ਖ਼ੁਦ ਨੂੰ ਖਾੜਕੂਵਾਦ ਨਾਲ ਲੜਨ ਦੇ ਪੇਸ਼ੇਵਰ ਵਿਅਕਤੀਆਂ ਵਜੋਂ ਉਭਾਰਨ ਦੀ ਕੋਸ਼ਿਸ਼ ਕੀਤੀ।

ਪਰਮਿੰਦਰ ਸਿੰਘ ਪਿੰਕੀ ਤੇ ਸੁਖਵਿੰਦਰ ਸਿੰਘ ਸੁੱਖੀ ਦਾ ਕੇਸ ਅਜਿਹਾ ਹੀ ਹੈ ਜਿਸ ਦੇ ਨਾਲ 'ਕੈਟ' ਸ਼ਬਦ ਪੱਕੇ ਤੌਰ ਉੱਤੇ ਜੁੜਿਆ ਹੋਇਆ ਹੈ। ਅਜੋਕੇ ਹਾਲਾਤ ਵਿਚ ਅਜਿਹਾ ਰੁਝਾਨ ਪੰਜਾਬ ਦੀ ਜਮਹੂਰੀਅਤ ਤੇ ਅਮਨ ਕਾਨੂੰਨ ਦੀ ਸਥਿਤੀ ਲਈ ਖਤਰਨਾਕ ਹੈ। ਪੰਜਾਬ ਪੁਲੀਸ ਅਤੇ ਕੈਪਟਨ ਸਰਕਾਰ ਲਈ ਬਦਨਾਮੀ ਦਾ ਕਾਰਨ ਬਣ ਰਹੇ ਪਾਦਰੀ ਐਂਥਨੀ ਦੇ 6 ਕਰੋੜ ਰੁਪਏ 'ਗੁੰਮ' ਹੋਣ ਦੇ ਮਾਮਲੇ ਵਿੱਚ ਪੁਲੀਸ ਵੱਲੋਂ ਐਫਆਈਆਰ ਦਰਜ ਕਰਨ ਮਗਰੋਂ ਵੀ ਕੈਟਾਂ ਤੇ ਭ੍ਰਿਸ਼ਟ ਪੁਲੀਸ ਅਫਸਰਸ਼ਾਹੀ ਬਾਰੇ ਕਈ ਸਵਾਲ ਅਣਸੁਲਝੇ ਪਏ ਹਨ। ਜਲੰਧਰ ਦੇ ਪਾਦਰੀ ਦੀ ਨਗਦੀ ਗਾਇਬ ਕਰਨ ਦੇ ਦੋਸ਼ਾਂ ਦੀ ਤਫ਼ਤੀਸ਼ ਦੌਰਾਨ ਪੁਲੀਸ ਅਤੇ ਪੁਲੀਸ ਅਧਿਕਾਰੀ ਵਜੋਂ ਵਿਚਰ ਰਹੇ ਮੁਖ਼ਬਰਾਂ ਦੇ ਸਬੰਧਾਂ ਦਾ ਪਰਦਾਫਾਸ਼ ਹੋਇਆ ਹੈ। ਪੁਲੀਸ ਵੱਲੋਂ ਪਰਚਾ ਭਾਵੇਂ 3 ਵਿਅਕਤੀਆਂ ਖ਼ਿਲਾਫ਼ ਦਰਜ ਕੀਤਾ ਗਿਆ ਹੈ ਪਰ ਤੱਥਾਂ ਨੂੰ ਦੇਖਦਿਆਂ ਇਸ ਮਾਮਲੇ ਵਿੱਚ 8 ਤੋਂ 10 ਪੁਲੀਸ ਅਫ਼ਸਰਾਂ ਦੀ ਸ਼ਮੂਲੀਅਤ ਮੰਨੀ ਜਾ ਰਹੀ ਹੈ।

ਡੀਜੀਪੀ ਦਿਨਕਰ ਗੁਪਤਾ ਵੱਲੋਂ ਚਾਰ ਮੈਂਬਰੀ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਹੈ ਜਿਸ ਦੇ ਮੁਖੀ ਆਈਜੀ ਪ੍ਰਵੀਨ ਕੁਮਾਰ ਸਿਨਹਾ ਹੋਣਗੇ। ਜਲੰਧਰ ਦੇ ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ, ਪਟਿਆਲਾ ਦੇ ਐਸਐਸਪੀ ਮਨਦੀਪ ਸਿੰਘ ਸਿੱਧੂ ਅਤੇ ਏਆਈਜੀ (ਸਟੇਟ ਕ੍ਰਾਈਮ ਸੈੱਲ) ਰਾਕੇਸ਼ ਕੌਸ਼ਲ ਨੂੰ ਤਫ਼ਤੀਸ਼ੀ ਅਫ਼ਸਰ ਵਜੋਂ ਨਿਯੁਕਤ ਕੀਤਾ ਗਿਆ ਹੈ। ਇੱਕ ਸੀਨੀਅਰ ਪੁਲੀਸ ਅਧਿਕਾਰੀ ਮੁਤਾਬਕ ਪਰਚੇ ਵਿਚ ਨਾਮਜ਼ਦ ਥਾਣੇਦਾਰਾਂ ਅਤੇ ਤੀਜੇ ਬੰਦੇ ਦੀ ਗ੍ਰਿਫ਼ਤਾਰੀ ਤੋਂ ਬਾਅਦ ਹੀ 6 ਕਰੋੜ ਰੁਪਏ ਗੁੰਮ ਹੋਣ ਸਬੰਧੀ ਅਸਲੀ ਤੱਥ ਸਾਹਮਣੇ ਆਉਣਗੇ। ਪੁਲੀਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਵੱਡੀ ਰਕਮ ਨੂੰ ਮਹਿਜ਼ ਥਾਣੇਦਾਰ ਪੱਧਰ 'ਤੇ ਹੀ ਖੁਰਦ-ਬੁਰਦ ਕਰਨ ਦੀ ਸਕੀਮ ਨਹੀਂ ਬਣਾਈ ਜਾ ਸਕਦੀ। ਸੀਨੀਅਰ ਪੁਲੀਸ ਅਧਿਕਾਰੀਆਂ ਨੇ ਕਿਹਾ ਕਿ ਥਾਣੇਦਾਰਾਂ ਅਤੇ ਇੰਸਪੈਕਟਰਾਂ ਦਾ ਇੱਕ ਗੁੰਝਲ ਨੈੱਟਵਰਕ ਹੈ ਤੇ ਇਨ੍ਹਾਂ ਦੀ ਪੁਸ਼ਤਪਨਾਹੀ ਡੀਐਸਪੀ ਤੋਂ ਲੈ ਕੇ ਡੀਜੀਪੀ ਰੈਂਕ ਤੱਕ ਦੇ ਅਧਿਕਾਰੀਆਂ ਵੱਲੋਂ ਕੀਤੀ ਜਾਂਦੀ ਹੈ। ਨਸ਼ਿਆਂ ਦੀ ਸਮਗਲਿੰਗ ਲਈ ਬਣੀ ਸਪੈਸ਼ਲ ਟਾਸਕ ਫੋਰਸ ਵੱਲੋਂ ਪੌਣੇ ਦੋ ਸਾਲ ਪਹਿਲਾਂ ਨਸ਼ੀਲੇ ਪਦਾਰਥਾਂ ਸਮੇਤ ਇੰਸਪੈਕਟਰ (ਬਰਖ਼ਾਸਤ) ਇੰਦਰਜੀਤ ਸਿੰਘ ਦਾ ਮਾਮਲਾ ਵੀ ਕੁਝ ਅਜਿਹਾ ਹੀ ਸੀ। ਜਲੰਧਰ ਦੇ ਪਾਦਰੀ ਦੇ ਘਰ ਛਾਪਾ ਮਾਰਨ ਦੇ ਮਾਮਲੇ ਵਿਚ ਜਿਨ੍ਹਾਂ ਪੁਲੀਸ ਮੁਲਾਜ਼ਮਾਂ ਦੀ ਚੋਣ ਕੀਤੀ ਗਈ, ਉਹ ਮਾਮਲਾ ਵੀ ਬੜਾ ਦਿਲਚਸਪ ਹੈ। ਖੰਨਾ ਪੁਲੀਸ ਵੱਲੋਂ ਥਾਣੇਦਾਰਾਂ ਦੀ ਖੰਨਾ ਜ਼ਿਲ੍ਹੇ ਵਿੱਚ ਤਾਇਨਾਤੀ ਮੰਗੀ ਜਾਂਦੀ ਹੈ ਤਾਂ ਡੀਜੀਪੀ ਦਫ਼ਤਰ ਵੱਲੋਂ ਵੀ ਇਸ ਤਾਇਨਾਤੀ 'ਤੇ ਤੁਰੰਤ ਪੱਤਰ ਲਿਖ ਦਿੱਤਾ ਜਾਂਦਾ ਹੈ। ਡੀਜੀਪੀ ਦਫ਼ਤਰ ਵੱਲੋਂ ਭਾਵੇਂ ਚਮੜੀ ਬਚਾਉਣ ਲਈ ਪੱਤਰ ਜਾਰੀ ਨਾ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ ਪਰ ਪਟਿਆਲਾ ਦੇ ਥਾਣੇਦਾਰਾਂ ਨੇ ਖੰਨਾ ਜ਼ਿਲ੍ਹੇ ਵਿੱਚ ਡਿਊਟੀ ਕਿਸ ਅਧਿਕਾਰੀ ਦੇ ਇਸ਼ਾਰੇ 'ਤੇ ਸੰਭਾਲੀ, ਇਸ ਸਬੰਧੀ ਕੋਈ ਜਵਾਬ ਨਹੀਂ ਦੇ ਰਿਹਾ ਹੈ।

### ਕੈਟਾਂ ਦੀ ਸਰਦਾਰੀ

6.65 ਕਰੋੜ ਰੁਪਏ ਖੁਰਦ-ਬੁਰਦ ਕਰਨ ਦੇ ਮਾਮਲੇ ਵਿਚ ਵੀ ਖੰਨਾ ਪੁਲਿਸ ਦੇ ਇਕ ਚਹੇਤੇ ਲਈ ਖਾਸ 'ਮੁਖਬਰ' ਕੈਟ ਬੱਬੂ ਬੰਦੂਕ 'ਤੇ ਸ਼ੱਕ ਪ੍ਰਗਟਾਇਆ ਜਾ ਰਿਹਾ ਹੈ। ਬਹਾਦਰਗੜ੍ਹ ਤੇ ਰਾਜਪੁਰਾ ਵਿਚਕਾਰ ਪੈਂਦੇ ਪਿੰਡ ਸਮਸਪੁਰ ਦਾ 'ਬੱਬੂ ਬੰਦੂਕ' ਕੁਝ ਸਾਲ ਪਹਿਲਾਂ ਥਾਣਾ ਪੱਧਰ 'ਤੇ ਨਸ਼ੇ ਵੇਚਣ ਵਾਲਿਆਂ ਖਿਲਾਫ਼ ਮੁਖ਼ਬਰੀ ਕਰਦਾ ਸੀ ਪਰ ਗੈਂਗਸਟਰਾਂ ਖ਼ਿਲਾਫ਼ ਪੰਜਾਬ ਪੁਲਿਸ ਵਲੋਂ ਵਿੱਢੀ ਮੁਹਿੰਮ ਵਿਚ ਉਹ ਏਨਾ ਅੱਗੇ ਵਧ ਗਿਆ ਕਿ ਰਾਜਪੁਰਾ ਦੇ ਇਕ ਇੰਸਪੈਕਟਰ ਰਾਹੀਂ ਵਿੱਕੀ ਗਾਂਡਰ ਵਰਗੇ ਗੈਂਗਸਟਰਾਂ ਦੁਆਲੇ ਜਾਲ ਬੁਣਨ ਵਾਲੀ ਪੁਲਿਸ ਟੀਮ ਦਾ ਚਹੇਤਾ ਬਣ ਗਿਆ ਤੇ ਪਠਾਨਕੋਟ ਤੋਂ ਬਠਿੰਡਾ ਤੇ ਹੋਰ ਅਨੇਕਾਂ ਥਾਈਂ ਉਹ ਸਰਕਾਰੀ ਹਥਿਆਰ ਤੇ ਗੱਡੀਆਂ ਲੈ ਕੇ ਘੁੰਮਦਾ ਰਿਹਾ। ਪਰ ਇਹ ਹਥਿਆਰ ਤੇ ਸਰਕਾਰੀ ਗੱਡੀਆਂ ਕੌਣ ਦਿੰਦਾ ਰਿਹਾ, ਇਹ ਸੁਆਲ ਅਜੇ ਵੀ ਰਹੱਸਮਈ ਹਨ। ਕੁਝ ਗੁਪਤ ਪੁਲੀਸ ਸੂਤਰਾਂ ਤੋਂ ਪਤਾ ਇਹ ਵੀ ਲੱਗਾ ਹੈ ਕਿ ਖੰਨਾ ਪੁਲਿਸ ਨੇ ਬੱਬੂ ਬੰਦੂਕ ਨਾਲ ਇਕ ਔਰਤ ਸਿਪਾਹੀ ਵੀ ਤਾਇਨਾਤ ਕੀਤੀ ਹੋਈ ਸੀ। ਬੱਬੂ ਬੰਦੂਕ ਦੀ ਐਸ਼ਪ੍ਰਸਤੀ ਦਾ ਪੂਰਾ ਖਿਆਲ ਰੱਖਿਆ ਜਾਂਦਾ ਸੀ। ਗੁਪਤ ਪੁਲੀਸ ਸੂਤਰਾਂ ਦਾ ਕਹਿਣਾ ਹੈ ਕਿ ਕੈਟ ਬੱਬੂ ਬੰਦੂਕ ਅਕਸਰ ਹੀ ਖੰਨਾ ਦੇ ਐਸ. ਐਸ. ਪੀ. ਦੀ ਗੱਡੀ, ਦਫ਼ਤਰ ਤੇ ਘਰ ਵਿਚ ਆਮ ਹੀ ਦੇਖਿਆ ਜਾਂਦਾ ਹੈ ਤੇ ਡੀ. ਐਸ. ਪੀ. ਅਧਿਕਾਰੀ ਵੀ ਉਸ ਨੂੰ ਸਲੂਟ ਮਾਰਦੇ ਸਨ। ਉਹ ਸੀਨੀਅਰ ਪੁਲੀਸ ਅਧਿਕਾਰੀਆਂ ਵਾਂਗ ਹੇਠਲੇ ਪੁਲੀਸ ਕਰਮਚਾਰੀਆਂ 'ਤੇ ਤਾਂ ਆਪਣੇ ਹੁਕਮ ਵੀ ਚਾੜ੍ਹਦਾ ਸੀ। ਇਹ ਵੀ ਪਤਾ ਲੱਗਾ ਕਿ ਪਾਦਰੀ ਦੀ ਰਿਹਾਇਸ਼ 'ਤੇ ਛਾਪਾ ਮਾਰਨ ਲਈ ਪੰਜਾਬ ਦੇ ਡੀ. ਜੀ. ਪੀ. ਨੇ ਜਿਹੜੇ ਚਾਰ ਪੁਲਿਸ ਮੁਲਾਜ਼ਮਾਂ ਨੂੰ ਵਿਸ਼ੇਸ਼ ਤੌਰ 'ਤੇ ਖੰਨਾ ਪੁਲਿਸ ਨਾਲ ਨਿਯੁਕਤ ਕੀਤਾ ਸੀ, ਉਹ ਬੱਬੂ ਬੰਦੂਕ ਦੇ ਚਹੇਤੇ ਸਨ। ਇਹਨਾਂ ਵਿਚੋਂ ਦੋ ਕੈਟ ਸੁਰਿੰਦਰ ਅਤੇ ਹਰਿੰਦਰ ਸਿੰਘ ਬੱਬੂ ਖੰਨਾ ਵਿਚ ਐਸਐਸਪੀ ਦਫ਼ਤਰ ਅੰਦਰ ਬੈਠਕਾਂ ਕਰਦੇ ਹਨ। ਪਤਾ ਲੱਗਾ ਹੈ ਕਿ ਨਵੀਂ ਬਣੀ ਜਾਂਚ ਟੀਮ ਬੱਬੂ ਬੰਦੂਕ ਦੀ ਇਸ ਮਾਮਲੇ ਵਿਚ ਭੂਮਿਕਾ ਨੂੰ ਵੀ ਛਾਣੇਗੀ, ਕਿਉਂਕਿ ਸ਼ੱਕ ਹੈ ਕਿ ਬੱਬੂ ਬੰਦੂਕ ਨੇ ਪਾਦਰੀ ਦਾ ਪੈਸਾ ਖੁਰਦ ਬੁਰਦ ਕਰਵਾਇਆ ਹੈ। ਖੰਨਾ ਦੇ ਐਸਐਸਪੀ ਧਰੁਵ ਦਹੀਆ ਨੇ ਨਗਦੀ ਦੀ ਗਿਣਤੀ ਬਾਰੇ ਸਫ਼ਾਈ ਦਿੱਤੀ ਕਿ ਉਹ ਘਟਨਾ ਵੇਲੇ ਬਠਿੰਡਾ ਵਿਚ ਸਨ ਤੇ ਉਹ ਗੁੰਮ ਨਗਦੀ ਬਾਰੇ ਬੱਬੂ ਤੋਂ ਵੀ ਪੁੱਛ-ਪੜਤਾਲ ਕਰਨਗੇ। ਐਸਐਸਪੀ ਨੇ ਕਿਹਾ ਕਿ ਸੂਹੀਆਂ 'ਤੇ ਵਿਸ਼ਵਾਸ ਕਰਨ ਵਿਚ ਕੁਝ ਕੋਤਾਹੀਆਂ ਹੋਈਆਂ ਹਨ।

### ਤਿੰਨ ਦੋਸ਼ੀਆਂ ਖ਼ਿਲਾਫ਼ ਕੇਸ ਦਰਜ

ਇਸ ਮਾਮਲੇ ਵਿਚ ਮੁਹਾਲੀ ਸਥਿਤ ਸਟੇਟ ਕਰਾਈਮ ਥਾਣਾ ਫੇਜ਼-4 ਵਿੱਚ ਦੋ ਥਾਣੇਦਾਰਾਂ ਸਮੇਤ ਤਿੰਨ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਇਸ ਕੇਸ ਵਿੱਚ ਏਐਸਆਈ ਜੋਗਿੰਦਰ ਸਿੰਘ ਅਤੇ ਏਐਸਆਈ ਰਾਜਪ੍ਰੀਤ ਸਿੰਘ ਤੇ ਇੱਕ ਹੋਰ ਵਿਅਕਤੀ ਸੁਰਿੰਦਰ ਸਿੰਘ ਨੂੰ ਨਾਮਜ਼ਦ ਕੀਤਾ ਗਿਆ ਹੈ ਜਦੋਂਕਿ ਕਈ ਹੋਰਨਾਂ ਅਣਪਛਾਤੇ ਵਿਅਕਤੀਆਂ ਨੂੰ ਵੀ ਇਸ ਕੇਸ ਵਿੱਚ ਨਾਮਜ਼ਦ ਕਰਨ ਬਾਰੇ ਪਤਾ ਲੱਗਾ ਹੈ।

### ਆਈਜੀ. ਦਾ ਨਹੀਂ ਚੱਲਿਆ ਹੁਕਮ

ਪਤਾ ਲੱਗਾ ਹੈ ਕਿ ਪਾਦਰੀ ਦੀ ਰਕਮ ਖੁਰਦ-ਬੁਰਦ ਕਰਨ ਦੇ ਮਾਮਲੇ ਦੀ ਜਾਂਚ ਕਰ ਰਹੇ ਆਈ. ਜੀ. ਪ੍ਰਵੀਨ ਕੁਮਾਰ ਸਿਨਹਾ ਨੇ ਸ਼ੱਕ ਦੀ ਬਿਨਾਂ 'ਤੇ ਛਾਪੇ ਵਿਚ ਸ਼ਾਮਿਲ ਰਹੇ ਏ. ਐਸ. ਆਈ. ਜੋਗਿੰਦਰ ਸਿੰਘ ਤੇ ਰਾਜਪ੍ਰੀਤ ਸਿੰਘ ਨੂੰ ਨਿਗਰਾਨੀ ਹੇਠ ਰੱਖਣ ਤੇ ਖਿਸਕਣ ਨਾ ਦੇਣ ਦੀ ਹਦਾਇਤ ਕੀਤੀ ਸੀ, ਪਰ ਦੱਸਿਆ ਜਾਂਦਾ ਹੈ ਕਿ ਖੰਨਾ ਪੁਲਿਸ ਨੇ ਦੋਵਾਂ ਥਾਣੇਦਾਰਾਂ 'ਤੇ ਕੋਈ ਨਿਗਰਾਨੀ ਨਹੀਂ ਰੱਖੀ। ਇਹ ਦੋਵੇਂ ਥਾਣੇਦਾਰ 27 ਮਾਰਚ ਨੂੰ ਡੀ. ਜੀ. ਪੀ. ਦੇ ਹੁਕਮ ਨਾਲ ਖੰਨਾ ਵਿਚ ਤਾਇਨਾਤ ਹੋਏ ਸਨ ਤੇ ਪਾਦਰੀ ਦੇ ਘਰ ਛਾਪਾ ਮਾਰਨ ਦੀ ਘਟਨਾ ਤੋਂ 10-11 ਦਿਨ ਤੱਕ ਡਿਊਟੀ 'ਤੇ ਹਾਜ਼ਰ ਰਹੇ ਹਨ। ਇਹ ਵੀ ਪਤਾ ਲੱਗਾ ਹੈ ਕਿ ਸਿਨਹਾ ਦੀ ਤਫਤੀਸ਼ ਵਿਚ ਇਹ ਸ਼ਾਮਿਲ ਹੋਏ ਸਨ। ਹੁਣ ਸ਼ੱਕ ਦੀ ਸੂਈ ਇਨ੍ਹਾਂ ਦੋਵਾਂ ਥਾਣੇਦਾਰਾਂ ਨੂੰ ਭਜਾਉਣ ਵਿਚ ਬੱਬੂ ਬੰਦੂਕ ਦੁਆਲੇ ਘੁੰਮ ਰਹੀ ਦੱਸੀ ਜਾਂਦੀ ਹੈ। ਪੁਲਿਸ ਅਫਸਰਸ਼ਾਹੀ ਵਿਚ ਇਸ ਗੱਲ ਨੂੰ ਲੈ ਕੇ ਭਾਰੀ ਸਵਾਲ ਉੱਠ ਰਹੇ ਹਨ ਕਿ ਪੈਸੇ ਪ੍ਰਤਾਪਪੁਰਾ ਪਿੰਡ ਤੋਂ ਪੁਲਿਸ ਨੇ ਚੁੱਕੇ ਹਨ ਤੇ ਇਸ ਬਾਰੇ ਪੁਖ਼ਤਾ ਸਬੂਤ ਸਾਹਮਣੇ ਆ ਚੁੱਕੇ ਹਨ। ਪਰ ਪੈਸੇ ਫੜੇ ਦੋਰਾਹੇ ਲਾਗਿਓਂ ਕਈ ਘੰਟੇ ਬਾਅਦ ਦਿਖਾਏ ਗਏ ਹਨ। ਇਹ ਗੱਲ ਹੀ ਬੜੀ ਵੱਡੀ ਕੁਤਾਹੀ ਹੈ ਤੇ ਜਾਂਚ ਅਧਿਕਾਰੀ ਨੂੰ ਇਸ ਮਾਮਲੇ ਵਿਚ ਪਰਚਾ ਦਰਜ ਕਰਕੇ ਜਾਂਚ ਅੱਗੇ ਤੋਰਨੀ ਚਾਹੀਦੀ ਸੀ। ਦੂਜਾ ਇਸ ਗੱਲ ਦੇ ਵੀ ਪੁਖ਼ਤਾ ਸਬੂਤ ਸਾਹਮਣੇ ਆ ਰਹੇ ਹਨ ਕਿ ਪਾਦਰੀ ਦੀ ਰਿਹਾਇਸ਼ ਤੋਂ 9 ਕਰੋੜ ਰੁਪਏ ਤੋਂ ਵਧੇਰੇ ਰਕਮ ਵੱਖਰੀ ਗੱਡੀ ਵਿਚ ਰੱਖੀ ਗਈ ਜੋ ਸਮਰਾਲਾ ਅਤੇ ਖੰਨਾ ਪੁੱਜੇ ਤੇ ਰਿਹਾਇਸ਼ ਦੀ ਪਹਿਲੀ ਮੰਜ਼ਿਲ ਤੋਂ ਚੁੱਕੀ 6 ਕਰੋੜ ਰੁਪਏ ਤੋਂ ਵਧੇਰੇ ਰਕਮ ਬਾਅਦ ਵਿਚ ਇਕ ਹੋਰ ਕਾਰ ਵਿਚ ਰੱਖੀ ਗਈ ਤੇ ਇਹ ਪਾਰਟੀ ਮੋਗਾ ਹੋ ਕੇ ਖੰਨਾ ਪੁੱਜੀ ਹੈ। ਇਸ ਪਾਰਟੀ ਵਿਚ ਸ਼ਾਮਿਲ ਕਰਮਚਾਰੀਆਂ ਦੇ ਮੋਬਾਈਲ ਫੋਨ ਇਸ ਗੱਲ ਦਾ ਪਰਦਾਫਾਸ਼ ਕਰ ਸਕਦੇ ਹਨ। ਇਸ ਮਾਮਲੇ ਵਿਚ ਦੋ ਥਾਣੇਦਾਰਾਂ ਵਿਰੁੱਧ ਪਰਚਾ ਦਰਜ ਹੋਣ ਨਾਲ ਇਹ ਗੱਲ ਤਾਂ ਸਾਬਤ ਹੋ ਗਈ ਕਿ ਦੋਰਾਹਾ ਨਾਕੇ ਤੋਂ ਰਕਮ ਬਰਾਮਦ ਕਰਨ ਵਾਲੀ ਗੱਲ ਗਲਤ ਸੀ ਤੇ ਇਸ ਬਾਰੇ ਦਾਅਵਾ ਜ਼ਿਲ੍ਹੇ ਦੇ ਪੁਲਿਸ ਮੁਖੀ ਧਰੁਵ ਦਾਹੀਆ ਨੇ ਖ਼ੁਦ ਕੀਤਾ ਸੀ।

### ਕੀ ਕਹਿੰਦੇ ਹਨ ਪੰਜਾਬ ਦੇ ਆਗੂ

ਇੱਥੇ ਜ਼ਿਕਰਯੋਗ ਹੈ ਕਿ ਖਾੜਕੂਵਾਦ ਦੇ ਖ਼ਤਮ ਹੋਣ ਤੋਂ ਬਾਅਦ ਵੀ ਪੁਲੀਸ ਦੇ ਵਿਹਾਰ, ਕੰਮ ਕਰਨ ਦੇ ਤਰੀਕੇ ਸਮੇਤ ਕੁਝ ਵੀ ਤਬਦੀਲ ਹੋਇਆ ਦਿਖਾਈ ਨਹੀਂ ਦਿੰਦਾ। ਬਹਿਬਲ ਕਲਾਂ ਕਾਂਡ ਵਰਗੇ ਸਿਆਸਤ ਨੂੰ ਹਿਲਾ ਦੇਣ ਵਰਗੇ ਕਾਂਡ ਵੀ ਇਸੇ ਭ੍ਰਿਸ਼ਟ ਕੈਟ ਮਾਨਸਿਕਤਾ ਨਾਲ ਭਰੇ ਸੀਨੀਅਰ ਪੁਲੀਸ ਅਧਿਕਾਰੀਆਂ ਦੀਆਂ ਸਾਜ਼ਿਸ਼ਾਂ ਦਾ ਹਿੱਸਾ ਨਜ਼ਰ ਆਉਂਦੇ ਹਨ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ ਵੀ ਸ਼ਾਮਲ ਹੈ। ਇਸ ਸਬੰਧ ਵਿਚ ਮਨੁੱਖੀ ਅਧਿਕਾਰ ਸੰਗਠਨ ਦੇ ਆਗੂ ਜਸਟਿਸ ਅਜੀਤ ਸਿੰਘ ਬੈਂਸ ਦਾ ਮੰਨਣਾ ਹੈ ਕਿ ਕਿਸੇ ਜਮਹੂਰੀ ਪ੍ਰਬੰਧ ਵਿਚ ਕਾਨੂੰਨ ਦਾ ਰਾਜ ਹੋਣਾ ਜ਼ਰੂਰੀ ਹੈ। ਜੇ ਪੁਲੀਸ ਭ੍ਰਿਸ਼ਟ ਹੋਵੇਗੀ ਤੇ ਕਾਨੂੰਨ ਤੋਂ ਬਾਹਰੀ ਹੋ ਕੇ ਚੱਲੇਗੀ ਤਾਂ ਲੋਕਾਂ ਨੂੰ ਨਿਆਂ ਨਹੀਂ ਮਿਲੇਗਾ ਤੇ ਲੁੱਟ ਖਸੁੱਟ ਦਾ ਰਾਜ ਬਹਾਲ ਹੋ ਜਾਵੇਗਾ ਜਿੱਥੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਵੇਗੀ। ਭਾਵੇਂ ਰਾਜ ਵਿਚ ਗੜਬੜ ਜਿੰਨੀ ਮਰਜ਼ੀ ਹੋਵੇ, ਪਰ ਕਾਨੂੰਨ ਤੋਂ ਬਾਹਰੀ ਹੋ ਕੇ ਸੁਰੱਖਿਆ ਫੋਰਸਾਂ ਦਾ ਕਾਰਜ ਕਰਨਾ ਉਹਨਾਂ ਨੂੰ ਅਪਰਾਧੀ ਬਣਾਉਣਾ ਹੈ। ਦੂਸਰਾ ਪੁਲੀਸ ਪ੍ਰਬੰਧਾਂ ਵਿਚ ਸਿਆਸਤ ਦੀ ਦਖਲਅੰਦਾਜ਼ੀ ਨਹੀਂ ਹੋਣੀ ਚਾਹੀਦੀ। ਇਹੀ ਦਖਲਅੰਦਾਜ਼ੀ ਇਨਸਾਫ਼ ਅੱਗੇ ਰੁਕਾਵਟ ਹੈ। ਜਥੇਦਾਰ ਪਰਮਿੰਦਰਪਾਲ ਸਿੰਘ ਪ੍ਰਧਾਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਕਿਹਾ ਕਿ ਜੋ ਪਾਦਰੀ ਨਾਲ ਘਟਨਾ ਵਾਪਰੀ ਹੈ, ਉਸ ਤੋਂ ਸਿੱਧ ਹੋ ਗਿਆ ਹੈ ਕਿ ਪੁਲੀਸ ਦੇ ਕੁਝ ਸੀਨੀਅਰ ਅਧਿਕਾਰੀ ਪੰਜਾਬ ਵਿਚ ਕਰਾਈਮ ਤੇ ਕੈਟ ਪਰੰਪਰਾ ਪਾਲਣ ਦੇ ਆਪ ਜ਼ਿੰਮੇਵਾਰ ਹਨ। ਪੰਜਾਬ ਵਿਚ ਪੰਜਾਬ ਪੁਲੀਸ ਦਾ ਅਕਸ ਏਨਾ ਮਾੜਾ ਬਣਿਆ ਹੋਇਆ ਹੈ ਕਿ ਆਮ ਵਿਅਕਤੀ ਇਕੱਲੇ ਤੌਰ ਉੱਤੇ ਥਾਣੇ ਸ਼ਿਕਾਇਤ ਕਰਨ ਜਾਣ ਤੋਂ ਵੀ ਡਰਦਾ ਹੈ। ਲੋੜ ਇਸ ਗੱਲ ਦੀ ਹੈ ਕਿ ਕੈਪਟਨ ਸਰਕਾਰ ਅਪਰਾਧੀ ਪੁਲੀਸ ਅਫ਼ਸਰਾਂ 'ਤੇ ਮਿਸਾਲੀ ਕਾਰਵਾਈ ਕਰੇ।

## ਕਾਲੇ ਅੱਖਰ : ਬੀਤੇ ਸਾਤੇ ਦਾ ਪੰਜਾਬ

### ਨਾਜਾਇਜ਼ ਸ਼ਰਾਬ ਦੇ ਧੰਦੇ ਦਾ ਪਰਦਾਫਾਸ਼

ਸ੍ਰੀ ਆਨੰਦਪੁਰ ਸਾਹਿਬ : ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੀ ਸਰਹੱਦ 'ਤੇ ਵਸਦੇ ਇਲਾਕੇ ਅੰਦਰ ਨਾਜਾਇਜ਼ ਸ਼ਰਾਬ ਦੀਆਂ ਭੱਠੀਆਂ ਤੇ ਸ਼ਰਾਬ ਬਰਾਮਦ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਵੇਰਵਿਆਂ ਅਨੁਸਾਰ ਦੋਵਾਂ ਸੂਬਿਆਂ ਦੀ ਸਰਹੱਦ 'ਤੇ ਵਸਦੇ ਪਿੰਡਾਂ ਰਾਮਪੁਰ ਜੱਜਰ ਅਤੇ ਭਿੜੀਆਂ ਨੇੜੇ ਲੰਘਦੀ ਖੱਡ ਅਤੇ ਦੂਸਰੇ ਪਾਸੇ ਦੇ ਪਹਾੜਾਂ ਦੀ ਆੜ ਵਿੱਚ ਨਾਜਾਇਜ਼ ਸ਼ਰਾਬ ਬਣਾਉਣ ਦਾ ਕਾਰੋਬਾਰ ਵੱਡੇ ਪੱਧਰ 'ਤੇ ਜਾਰੀ ਸੀ। ਮਾਮਲੇ ਬਾਰੇ ਜਾਣਕਾਰੀ ਮਿਲਣ 'ਤੇ ਦੋਵਾਂ ਸੂਬਿਆਂ ਦੀ ਪੁਲੀਸ ਮੌਕੇ 'ਤੇ ਪੁੱਜੀ। ਐੱਸਐੱਚਓ (ਸ੍ਰੀ ਆਨੰਦਪੁਰ ਸਾਹਿਬ) ਸ਼ਵਿੰਦਰ ਪਾਲ ਸਿੰਘ ਨੇ ਕਿਹਾ ਕਿ ਸਾਨੂੰ ਅਜੇ ਤੱਕ ਇਹ ਪਤਾ ਨਹੀਂ ਹੈ ਕਿ ਇਹ ਥਾਂ ਪੰਜਾਬ ਵਿਚ ਪੈਂਦੀ ਹੈ ਜਾਂ ਹਿਮਾਚਲ ਪ੍ਰਦੇਸ਼ ਵਿੱਚ। ਉਧਰ ਹਿਮਾਚਲ ਪ੍ਰਦੇਸ਼ ਦੇ ਐੱਸਐੱਚਓ ਕੋਟਕਹਿਲੂਰ ਕੁਲਦੀਪ ਸ਼ਰਮਾ ਨੇ ਦੱਸਿਆ ਕਿ 36 ਡਰੰਮ ਲਾਹਣ ਦੇ ਅਤੇ ਕਾਫੀ ਭੱਠੀਆਂ ਨੂੰ ਤਬਾਹ ਕਰ ਦਿੱਤਾ ਗਿਆ ਹੈ।

### ਸੇਵਾ ਮੁਕਤ ਪੁਲਿਸ ਅਧਿਕਾਰੀ ਦੇ ਲੜਕੇ ਨੂੰ ਜਿਊਂਦਾ ਸਾੜਿਆ

ਸ੍ਰੀ ਆਨੰਦਪੁਰ ਸਾਹਿਬ : ਥਾਣਾ ਸਦਰ ਅਧੀਨ ਆਉਂਦੇ ਪਿੰਡ ਨੰਗਲ ਨਰੈਣਗੜ੍ਹ ਦੇ ਬਿਜਲੀ ਘਰ ਨੇੜੇ ਕੁਝ ਵਿਅਕਤੀਆਂ ਵਲੋਂ ਮੋਟਰਸਾਈਕਲ ਸਵਾਰ ਇਕ ਨੌਜਵਾਨ ਨੂੰ ਪੈਟਰੋਲ ਪਾ ਕੇ ਭੇਦਭਰੀ ਹਾਲਤ ਵਿਚ ਅੱਗ ਲਗਾ ਦਿੱਤੀ ਗਈ, ਜਿਸ ਦੌਰਾਨ ਉਸ ਦੀ ਕੁਝ ਸਮੇਂ ਬਾਅਦ ਹੀ ਇਲਾਜ ਦੌਰਾਨ ਮੌਤ ਹੋ ਗਈ। ਆਪਣੀ ਸ਼ਿਕਾਇਤ ਵਿਚ ਪੁਲਿਸ ਵਿਭਾਗ ਤੋਂ ਸੇਵਾ ਮੁਕਤ ਹੋਏ ਸਬ ਇੰਸਪੈਕਟਰ ਅਸ਼ੋਕ ਕੁਮਾਰ ਨੇ ਦੱਸਿਆ ਕਿ ਉਸ ਦਾ ਲੜਕਾ ਵਿਸ਼ਾਲ ਫਾਈਨਾਂਸ ਦਾ ਕੰਮ ਕਰਦਾ ਸੀ ਤੇ ਬੀਤੀ ਸ਼ਾਮ ਉਹ ਆਪਣੇ ਮੋਟਰਸਾਈਕਲ 'ਤੇ ਘਰੋਂ ਗਿਆ। ਪਿੰਡ ਨੰਗਲ ਨਰੈਣਗੜ੍ਹ ਨੇੜੇ ਮੋਟਰਸਾਈਕਲ 'ਤੇ ਆਉਂਦੇ ਹੋਏ ਉਨ੍ਹਾਂ ਦੇ ਲੜਕੇ ਵਿਸ਼ਾਲ ਸ਼ਰਮਾ ਨੂੰ ਅਣਪਛਾਤੇ ਵਿਅਕਤੀਆਂ ਨੇ ਪੈਟਰੋਲ ਪਾ ਕੇ ਅੱਗ ਲਗਾ ਕੇ ਉਸ ਦਾ ਕਤਲ ਕਰ ਦਿੱਤਾ। ਥਾਣਾ ਸਦਰ ਮੁਖੀ ਗੁਰਦਿਆਲ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਪਿਤਾ ਦੇ ਬਿਆਨਾਂ ਤਹਿਤ ਅਣਪਛਾਤੇ ਵਿਅਕਤੀਆਂ ਵਿਰੁੱਧ ਕਤਲ ਦਾ ਕੇਸ ਦਰਜ ਕਰ ਲਿਆ ਗਿਆ ਹੈ।

### ਕਰਜ਼ਈ ਵਿਅਕਤੀ ਨੇ ਭਾਖੜਾ ਵਿਚ ਛਾਲ ਮਾਰੀ

ਸ੍ਰੀ ਆਨੰਦਪੁਰ ਸਾਹਿਬ : ਭਾਖੜਾ ਨਹਿਰ ਵਿੱਚ ਇੱਕ ਵਿਅਕਤੀ ਨੇ ਖੁਦਕੁਸ਼ੀ ਕਰਨ ਲਈ ਭਾਖੜਾ ਨਹਿਰ ਵਿਚ ਛਾਲ ਮਾਰ ਦਿੱਤੀ ਪਰ ਮੌਕੇ 'ਤੇ ਮੌਜੂਦ ਗੋਤਾਖੋਰ ਉਸ ਨੂੰ ਸਹੀ ਸਲਾਮਤ ਬਾਹਰ ਕੱਢ ਲਿਆਏ। ਉਸ ਕੋਲੋਂ ਖੁਦਕੁਸ਼ੀ ਪੱਤਰ ਬਰਾਮਦ ਹੋਇਆ ਜਿਸ ਵਿਚ ਉਸ ਨੇ ਇਹ ਕਦਮ ਕਰਜ਼ੇ ਤੇ ਫਾਇਨਾਂਸਰਾਂ ਤੋਂ ਤੰਗ ਆ ਕੇ ਚੁੱਕਿਆ। ਪੱਤਰ ਅਨੁਸਾਰ ਉਸ ਨੇ ਮਕਾਨ ਗਿਰਵੀ ਰੱਖ ਕੇ 12 ਲੱਖ ਰੁਪਏ ਦਾ ਕਰਜ਼ਾ ਲਿਆ ਸੀ। ਇਸ ਵਿਚੋਂ ਉਸ ਨੇ ਕਈ ਲੱਖ ਵਾਪਸ ਕਰ ਦਿੱਤੇ। ਇਸ ਦੇ ਬਾਵਜੂਦ ਕਰਜ਼ਾ ਵਧ ਕੇ 32 ਲੱਖ ਬਣਾ ਦਿੱਤਾ, ਜਿਸ ਦੀ ਅਦਾਇਗੀ ਲਈ ਫਾਇਨਾਂਸਰਾਂ ਵੱਲੋਂ ਉਸ ਨੂੰ ਤੰਗ ਪ੍ਰੇਸ਼ਾਨ ਕੀਤਾ ਜਾਣ ਲੱਗਾ। ਇਸ ਕਰ ਕੇ ਉਸ ਨੇ ਭਾਖੜਾ ਵਿਚ ਛਾਲ ਮਾਰੀ ਸੀ। ਪਰਦੀਪ ਕੁਮਾਰ ਸਕੂਟਰ ਰਾਹੀਂ ਭਾਖੜਾ 'ਤੇ ਪੁੱਜਾ ਅਤੇ ਛਾਲ ਮਾਰ ਦਿੱਤੀ।

### ਪਟਿਆਲਾ 'ਚ ਦੇਹ ਵਪਾਰ ਦੇ ਧੰਦੇ ਦਾ ਪਰਦਾ ਫਾਸ਼

ਪਟਿਆਲਾ ਪੁਲਿਸ ਨੇ ਸ਼ਹਿਰ ਦੇ ਕੇਂਦਰ ਵਿੱਚ ਸਥਿਤ ਇੱਕ ਬਹੁ ਕਰੋੜੀ ਮਾਲ ਓਮੈਕਸ ਅੰਦਰ ਬਣੇ ਇੱਕ ਸਪਾ ਸੈਂਟਰ ਵਿਚ ਚੱਲ ਰਹੇ ਹਾਈ ਪ੍ਰੋਫਾਇਲ ਦੇਹ ਵਪਾਰ ਦੇ ਧੰਦੇ ਪਰਦਾ ਫਾਸ਼ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਵੱਲੋਂ ਕੀਤੀ ਗਈ ਕਾਰਵਾਈ ਦੌਰਾਨ ਮੌਕੇ ਤੋਂ 5 ਲੜਕੀਆਂ ਤੇ ਇੱਕ ਲੜਕੇ ਸਣੇ ਕੁੱਲ 6 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ।

ਪੁਲਿਸ ਨੇ ਓਮੈਕਸ ਮਾਲ ਸਥਿਤ ਨਿਊ ਏਰਾ ਸਪਾ ਸੈਂਟਰ ਵਿਖੇ ਮੌਕੇ 'ਤੇ ਰੇਡ ਕੀਤੀ ਤਾਂ ਉੱਥੇ ਪੁਲਿਸ ਨੂੰ ਸੈਂਟਰ ਅੰਦਰ 5 ਲੜਕੀਆਂ ਮਿਲੀਆਂ ਜਿਨ੍ਹਾਂ ਨੂੰ ਪੁਲਿਸ ਨੇ ਅੰਦਰ ਰਿਸ਼ੈਪਸ਼ਨ 'ਤੇ ਖੜ੍ਹੇ ਕੈਸ਼ ਕਾਊਂਟਰ ਵਾਲੇ ਲੜਕੇ ਸਮੇਤ ਕਾਬੂ ਕਰ ਲਿਆ।

### ਸਰਪੰਚ ਨੇ ਪਿੰਡ ਦਾ ਨੌਜਵਾਨ ਫੌਜੀ ਵੱਢਿਆ

ਜਗਰਾਓਂ : ਪਿੰਡ ਰੂਮੀ ਜਗਰਾਓਂ ਦੇ ਸਰਪੰਚ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਪਿੰਡ ਦੇ ਹੀ ਇੱਕ ਨੌਜਵਾਨ ਫੌਜੀ ਮਨਜਿੰਦਰ ਸਿੰਘ ਦੇ ਘਰ ਜਾ ਕੇ ਤੇਜ਼ਧਾਰ ਹਥਿਆਰ ਨਾਲ ਉਸ ਦਾ ਕਤਲ ਕਰ ਦਿੱਤਾ। ਜਾਣਕਾਰੀ ਮੁਤਾਬਕ ਸਰਪੰਚ ਕੁਲਦੀਪ ਸਿੰਘ ਤੇ ਉਸ ਦੇ 7 ਹੋਰ ਸਾਥੀਆਂ ਨੇ ਮਨਜਿੰਦਰ ਸਿੰਘ ਦੇ ਘਰ ਹਮਲਾ ਕਰ ਦਿੱਤਾ। ਇਸ ਮੌਕੇ 3 ਜਣਿਆਂ ਨੇ ਉਨ੍ਹਾਂ ਦੇ ਦਰਵਾਜ਼ੇ 'ਤੇ ਫਾਇਰਿੰਗ ਕੀਤੀ। ਇਸ ਦੌਰਾਨ ਮਨਜਿੰਦਰ ਸਿੰਘ ਦਾ ਬਚਾਅ ਕਰਨ ਆਏ ਉਸ ਦੇ ਪਿਤਾ ਵੀ ਜ਼ਖ਼ਮੀ ਹੋ ਗਏ। ਪੁਲਿਸ ਨੇ ਮਨਜਿੰਦਰ ਦੀ ਲਾਸ਼ ਨੂੰ ਪੋਸਟ ਮਾਰਟਮ ਲਈ ਭੇਜ ਦਿੱਤਾ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਦਰਅਸਲ ਪਿੰਡ ਵਿੱਚ ਛੁੱਟੀ 'ਤੇ ਆਏ ਫੌਜੀ ਦੀ ਆਪਣੇ ਭਰਾ ਨਾਲ ਤਕਰਾਰ ਚੱਲ ਰਹੀ ਸੀ। ਫੌਜੀ ਦਾ ਭਰਾ ਮੌਜੂਦਾ ਕਾਂਗਰਸੀ ਸਰਪੰਚ ਕੁਲਦੀਪ ਸਿੰਘ ਦਾ ਕਾਫੀ ਕਰੀਬੀ ਸੀ। ਇਸ ਲਈ ਸਰਪੰਚ ਆਪਣੇ ਸਾਥੀਆਂ ਸਮੇਤ ਮਨਜਿੰਦਰ ਸਿੰਘ ਦੇ ਭਰਾ ਨੂੰ ਸਮਰਥਨ ਦੇਣ ਪੁੱਜ ਗਿਆ। ਇਸੇ ਦੌਰਾਨ ਸਰਪੰਚ ਤੇ ਉਸ ਦੇ ਸਾਥੀ ਮਨਜਿੰਦਰ ਸਮੇਤ ਉਨ੍ਹਾਂ ਦੀ ਪੂਰੀ ਬਰਾਦਰੀ ਨੂੰ ਗਾਲ੍ਹਾਂ ਕੱਢਣ ਲੱਗੇ।

ਇਸ 'ਤੇ ਮਨਜਿੰਦਰ ਸਿੰਘ ਨੇ ਜਦੋਂ ਉਨ੍ਹਾਂ ਨੂੰ ਟੋਕਿਆ ਤਾਂ ਸਰਪੰਚ ਤੈਸ਼ ਵਿੱਚ ਆ ਗਿਆ। ਉਸ ਨੂੰ ਇਸ ਕਦਰ ਗੁੱਸਾ ਆਇਆ ਕਿ ਉਸ ਨੇ ਮਨਜਿੰਦਰ ਦਾ ਕਤਲ ਹੀ ਕਰ ਦਿੱਤਾ। ਹੁਣ ਸਵਾਲ ਇਹ ਉੱਠਦਾ ਹੈ ਕਿ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਜਦੋਂ ਦੇਸ਼ ਭਰ ਵਿੱਚ ਚੋਣ ਜ਼ਾਬਤਾ ਲੱਗਾ ਹੋਇਆ ਹੈ ਤਾਂ ਸਰਪੰਚ ਦੇ 3 ਸਾਥੀਆਂ ਕੋਲ ਰਿਵਾਲਵਰ ਕਿੱਦਾਂ ਪਹੁੰਚੇ? ਉਨ੍ਹਾਂ ਨੇ ਆਪਣੇ ਹਥਿਆਰ ਥਾਣੇ ਜਮ੍ਹਾ ਕਿਉਂ ਨਹੀਂ ਕਰਵਾਏ। ਸੂਤਰਾਂ ਮੁਤਾਬਕ ਪੁਲਿਸ ਨੇ ਇਸ ਮਾਮਲੇ ਵਿੱਚ ਪੰਜ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਗੁਰੂ ਨਾਨਕ ਸਾਹਿਬ ਅਤੇ ਬਾਬਰ



**ਨਰਿੰਜਨ ਸਿੰਘ ਸਾਥੀ**

ਬਾਬਰ ਤੇ ਗੁਰੂ ਨਾਨਕ ਆਪਣੇ ਸਮੇਂ ਦੇ ਦੋ ਸਮਕਾਲੀ ਇਤਿਹਾਸਕ ਪੁਰਸ਼ ਹੋਏ ਹਨ। ਦੋਹਾਂ ਦੇ ਜੀਵਨ ਸਮਾਨਾਂਤਰ ਚਲਦੇ ਹਨ। ਦੋਹਾਂ ਨੇ ਆਪਣੀਆਂ-ਆਪਣੀਆਂ ਬਾਦਸ਼ਾਹੀਆਂ ਕਾਇਮ ਕੀਤੀਆਂ ਪਰ ਦੋਹਾਂ ਬਾਦਸ਼ਾਹੀਆਂ ਵਿਚ ਬਹੁਤ ਅੰਤਰ ਸੀ। ਬਾਬਰ ਧਰਤੀ ਦਾ ਬਾਦਸ਼ਾਹ ਸੀ ਅਤੇ ਗੁਰੂ ਨਾਨਕ ਧਰਮ ਦਾ ਪਾਤਸ਼ਾਹ। ਧਰਮ ਤੋਂ ਭਾਵ ਹੈ ਸੱਚ ਦੀ ਸਲਤਨਤ, ਇਕ-ਈਸ਼ਵਰਵਾਦ, ਮਾਨਵਵਾਦ, ਮਾਨਵ-ਏਕਤਾ, ਸਮਾਨਤਾ, ਨਿਆਂ ਦਾ ਰਾਜ, ਭੈਅ ਦਾ ਅਭਾਵ ਅਤੇ ਸਿਰ ਉੱਚਾ ਕਰਕੇ ਤੁਰਨ ਵਾਲਾ ਸੁਤੰਤਰ ਮਨੁੱਖ। ਬਾਬਰ ਦਾ ਰਾਜ ਸੀਮਾਬੱਧ ਤੇ ਕਾਲ-ਬੱਧ ਸੀ, ਗੁਰੂ ਨਾਨਕ ਦਾ ਰਾਜ ਬਿਨਾਂ-ਹੱਦ ਸਰਬ-ਵਿਆਪਕ ਤੇ ਕਾਲ ਰਹਿਤ ਹੈ। ਗੁਰੂ ਗੋਬਿੰਦ ਸਿੰਘ ਕਹਿੰਦੇ ਹਨ-

ਬਾਬੇ ਕੇ ਬਾਬਰ ਕੇ ਦੋਊ।
ਆਪ ਕਰੇ ਪਰਮੇਸਰ ਸੋਊ।
ਦੀਨਸਾਹ ਇਨ ਕੋ ਪਹਿਚਾਨੋ।
ਦੁਨੀਪਤਿ ਉਨ ਕੋ ਅਨੁਮਾਨੋ।
-ਬਚਿੱਤਰ ਨਾਟਕ; ਅਧਿ: ਤੇਰ੍ਹਵਾਂ

ਬਾਬਰ (ਜਨਮ 1483) ਗੁਰੂ ਨਾਨਕ ਸਾਹਿਬ ਤੋਂ 14 ਸਾਲ ਛੋਟਾ ਸੀ। ਬਾਬਰ ਦਾ ਜਨਮ ਹੋਣ ਤੋਂ ਪਹਿਲਾਂ ਗੁਰੂ ਨਾਨਕ ਪਾਧੇ ਤੇ ਮੌਲਵੀ ਪਾਸ ਪੜ੍ਹਾਈ ਕਰ ਚੁੱਕੇ ਸਨ। ਜਨੇਊ ਵਾਲੀ ਘਟਨਾ ਹੋ ਚੁੱਕੀ ਸੀ। ਕੁਝ ਚਿਰ ਪਸ਼ੂ ਵੀ ਚਾਰੇ ਸਨ। ਤਕਰੀਬਨ 16 ਸਾਲ ਦੀ ਉਮਰ ਵਿਚ ਗੁਰੂ ਬਾਬੇ ਦਾ ਵਿਆਹ ਹੋਇਆ ਤਾਂ ਬਾਬਰ ਉਸ ਵੇਲੇ ਦੋ ਸਾਲਾਂ ਦਾ ਸੀ। ਵਿਆਹ ਪਿੱਛੋਂ ਕੁਝ ਸਮਾਂ ਤਲਵੰਡੀ ਵਿਚ ਗੁਜ਼ਾਰ ਕੇ ਗੁਰੂ ਨਾਨਕ ਆਪਣੀ ਭੈਣ ਬੇਬੇ ਨਾਨਕੀ ਤੇ ਬਹਿਨੋਈ ਜੈ ਰਾਮ ਪਾਸ ਸੁਲਤਾਨਪੁਰ ਲੋਧੀ ਆ ਗਏ। ਨਵਾਬ ਦੌਲਤ ਖਾਨ ਲੋਧੀ ਦੇ ਮੋਦੀਖਾਨੇ ਵਿਚ ਨੌਕਰੀ ਕੀਤੀ। ਸਪੁੱਤਰ ਸ੍ਰੀ ਚੰਦ ਤੇ ਲਖਮੀ ਚੰਦ ਦਾ ਜਨਮ ਹੋਇਆ। ਵੇਈਂ ਪ੍ਰਵੇਸ਼ ਦੀ ਘਟਨਾ ਨੇ ਗੁਰੂ ਨਾਨਕ ਜੀ ਦਾ ਜੀਵਨ ਪਲਟ ਦਿੱਤਾ। ਉਨ੍ਹਾਂ ਨੇ 'ਨਾ ਹਿੰਦੂ ਨਾ ਮੁਸਲਮਾਨ' ਦਾ ਨਾਅਰਾ ਬੁਲੰਦ ਕੀਤਾ ਅਤੇ ਜੀਵਨ ਦਾ ਨਵਾਂ ਰਾਹ ਦਰਸਾਉਣ ਲਈ ਸੰਸਾਰ ਭਰਮਣ ਦਾ ਨਿਸਚਾ ਕਰ ਲਿਆ। 'ਚੜਿਆ ਸੋਧਣਿ ਧਰਤ ਲੁਕਾਈ' ਇਹ ਪੰਦਰ੍ਹਵੀਂ ਸਦੀ ਈਸਵੀ ਦੇ ਅੰਤ ਦੇ ਨੇੜੇ-ਤੇੜੇ ਦਾ ਸਮਾਂ ਸੀ।

ਉਦੋਂ ਤੱਕ ਬਾਬਰ ਦੀ ਉਮਰ 18 ਸਾਲ ਹੋ ਗਈ ਸੀ। ਉਹ 12 ਸਾਲਾਂ ਦਾ ਸੀ ਕਿ ਉਸ ਦੇ ਬਾਪ ਮਿਰਜ਼ਾ ਉਮਰ ਸ਼ੇਖ ਦੀ ਮੌਤ ਹੋ ਗਈ। ਬਾਬਰ ਦੀ ਛੋਟੀ ਜਿਹੀ ਰਿਆਸਤ ਫ਼ਰਗਾਨਾ ਦੇ ਚਾਰ-ਚੁਫੇਰੇ ਬਾਬਰ ਦੇ ਸ਼ਰੀਕ ਰਾਜ ਕਰਦੇ ਸਨ। ਉਨ੍ਹਾਂ ਨੇ ਫ਼ਰਗਾਨਾ ਉੱਤੇ ਹਮਲਾ ਕਰ ਦਿੱਤਾ ਪਰ ਬਾਬਰ ਆਪਣੀ ਰਈਅਤ ਦੀ ਵਫ਼ਾਦਾਰੀ ਕਰਕੇ ਬਚ ਗਿਆ। ਸਮਰਕੰਦ ਦਾ ਬਾਦਸ਼ਾਹ ਬਣਨਾ ਬਾਬਰ ਦਾ ਵੱਡਾ ਸੁਪਨਾ ਸੀ। ਉਸ ਨੇ ਤਿੰਨ ਵਾਰ ਸਮਰਕੰਦ 'ਤੇ ਹਮਲਾ ਕੀਤਾ ਪਰ ਅਸਫ਼ਲ ਰਿਹਾ। ਇਨ੍ਹਾਂ ਸਾਲਾਂ ਵਿਚ ਬਾਬਰ ਨੂੰ ਦੋ ਵੱਡੀਆਂ ਹਾਰਾਂ ਦਾ ਮੂੰਹ ਦੇਖਣਾ ਪਿਆ। ਉਸ ਦੇ ਮਤਰੇਏ ਭਰਾ ਜਹਾਂਗੀਰ ਨੇ ਫ਼ਰਗਾਨਾ ਉੱਤੇ ਕਬਜ਼ਾ ਕਰ ਲਿਆ। ਦੂਜੀ ਹਾਰ ਉਜ਼ਬੈੱਕ ਜਰਨੈਲ ਸ਼ੈਬਾਨੀ ਖਾਨ ਦੇ ਹੱਥੋਂ ਹੋਈ। ਸ਼ੈਬਾਨੀ ਖਾਨ ਨੇ ਮੁਗਲਾਂ ਦਾ ਖੁਰਾ-ਖੋਜ ਮਿਟਾਉਣ ਦੀ ਸਹੁੰ ਖਾਧੀ ਹੋਈ ਸੀ। ਉਸ ਨੇ ਬਾਬਰ ਨੂੰ ਸਮਰਕੰਦ ਵਿਚ ਘੇਰ ਲਿਆ ਅਤੇ ਇਸ ਸ਼ਰਤ ਉੱਤੇ ਸਮਰਕੰਦ ਵਿਚੋਂ ਸੁਰੱਖਿਅਤ ਨਿਕਲਣ ਦੀ ਆਗਿਆ ਦਿੱਤੀ ਕਿ ਉਹ ਆਪਣੀ ਭੈਣ ਖਾਨਜ਼ਾਦਾ ਬੇਗਮ ਦਾ ਵਿਆਹ ਸ਼ੈਬਾਨੀ ਖਾਂ ਨਾਲ ਕਰ ਦੇਵੇ। ਬਾਬਰ ਨੇ ਆਪਣੀ ਭੈਣ ਸ਼ੈਬਾਨੀ ਉਸ ਨਾਲ ਵਿਆਹ ਕੇ ਆਪਣੀ ਜਾਨ ਬਚਾਈ। ਬਾਬਰ ਕੋਲ ਨਾ ਫ਼ਰਗਾਨਾ ਰਿਹਾ ਨਾ ਸਮਰਕੰਦ। ਉਹ ਕਈ ਸਾਲ ਭੁੱਖਾ-ਨੰਗਾ ਜੰਗਲਾਂ ਤੇ ਪਹਾੜਾਂ ਵਿਚ ਭਟਕਦਾ ਰਿਹਾ। ਬਾਬਰ ਨੂੰ ਧਰਤੀ ਜਿੱਤਣ ਦਾ ਫਿਰਾਕ ਲੱਗਾ ਹੋਇਆ ਸੀ। ਸੰਨ 1504 ਈ: ਵਿਚ ਬਾਬਰ ਦੀ ਕਿਸਮਤ ਨੇ ਪਲਟਾ ਖਾਧਾ ਅਤੇ ਉਹ ਕਾਬਲ ਦਾ ਬਾਦਸ਼ਾਹ ਬਣ ਗਿਆ। ਇਥੋਂ ਸ਼ੁਰੂ ਹੁੰਦੀ ਹੈ, ਬਾਬਰ ਦੀ ਬਾਦਸ਼ਾਹੀ।

ਗੁਰੂ ਨਾਨਕ ਸਾਹਿਬ ਦੀ ਪਾਤਸ਼ਾਹੀ ਵੀ ਤਕਰੀਬਨ ਇਥੋਂ ਹੀ ਸ਼ੁਰੂ ਹੁੰਦੀ ਹੈ। ਕੁਝ ਇਤਿਹਾਸਕਾਰਾਂ ਅਨੁਸਾਰ ਗੁਰੂ ਨਾਨਕ ਜੀ ਨੇ ਆਪਣੀ ਪਹਿਲੀ ਉਦਾਸੀ ਸੰਨ 1504 ਈ: ਵਿਚ ਸ਼ੁਰੂ ਕੀਤੀ। ਪੂਰਬ ਦੀ ਯਾਤਰਾ ਤੋਂ ਬਾਅਦ ਉਨ੍ਹਾਂ ਨੇ ਨਾਲ ਹੀ ਦੱਖਣ ਦੀ ਉਦਾਸੀ ਸ਼ੁਰੂ ਕਰ ਲਈ। ਸ੍ਰੀਲੰਕਾ ਤੱਕ ਪਹੁੰਚੇ ਅਤੇ ਬਾਰ੍ਹੀਂ ਸਾਲੀਂ ਘਰ ਪਰਤੇ। ਗੁਰੂ ਨਾਨਕ ਜੀ ਨੇ ਆਪਣੀਆਂ ਚਾਰ ਉਦਾਸੀਆਂ ਵਿਚ ਪੂਰਬ, ਦੱਖਣ, ਉੱਤਰ ਤੇ ਪੱਛਮ ਵਿਚ ਨਾ-ਖੰਡ ਪ੍ਰਿਥਵੀ ਦਾ ਭਰਮਣ ਕੀਤਾ। ਉਨ੍ਹਾਂ ਦਾ ਲਕਸ਼ ਧਰਤੀ ਜਿੱਤਣਾ ਨਹੀਂ ਸੀ, ਸਗੋਂ ਧਰਤੀ ਉੱਤੇ ਛਾਈ ਕੂੜ-ਅਮਾਵਸ ਦੀ ਰਾਤ ਵਿਚ ਸੱਚ-ਚੰਦਰਮਾ ਦਾ ਪ੍ਰਕਾਸ਼ ਕਰਨਾ ਸੀ। ਬਾਬਰ ਨੇ ਤਲਵਾਰ ਨਾਲ ਦੁਨੀਆ ਜਿੱਤੀ, ਗੁਰੂ ਨਾਨਕ ਜੀ ਨੇ ਰਬਾਬ ਨਾਲ। ਬਾਬਰ ਜਿਥੋਂ ਲੰਘ ਜਾਂਦਾ ਸੀ, ਲਹੂ ਡੁੱਲ੍ਹਦਾ ਤੇ ਲਾਟਾਂ ਨਿਕਲਦੀਆਂ ਸਨ ਪਰ ਬਾਬਾ ਜਿਥੇ ਚਰਨ ਧਰਦਾ ਸੀ, ਪੂਜਾ ਦਾ ਅਸਥਾਨ ਬਣ ਜਾਂਦਾ ਸੀ। 'ਜਿਥੈ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ।' (ਭਾਈ ਗੁਰਦਾਸ)

ਦੂਜੇ ਪਾਸੇ ਜਿੰਨਾ ਚਿਰ ਸ਼ੈਬਾਨੀ ਖਾਨ ਜ਼ਿੰਦਾ ਸੀ, ਬਾਬਰ ਦਾ ਰਾਜ ਪੱਕਾ ਤੇ ਸੁਰੱਖਿਅਤ ਨਹੀਂ ਹੋ ਸਕਦਾ ਸੀ। ਬਾਬਰ ਨੇ ਸ਼ੈਬਾਨੀ ਖਾਨ ਦੇ ਖਿਲਾਫ਼ ਈਰਾਨ ਦੇ ਸ਼ਾਹ ਇਸਮਾਈਲ ਨਾਲ ਸਮਝੌਤਾ ਕੀਤਾ। ਬਾਬਰ ਨੂੰ ਇਸ ਸਮਝੌਤੇ ਦੀ ਭਾਰੀ ਕੀਮਤ ਦੇਣੀ ਪਈ। ਸਾਰਾ ਈਰਾਨ ਉਦੋਂ ਵੀ ਸ਼ੀਆ ਸੀ ਅਤੇ ਅੱਜ ਵੀ ਸ਼ੀਆ ਹੈ। ਸ਼ਾਹ ਇਸਮਾਈਲ ਵੱਲੋਂ ਲਾਈ ਸ਼ਰਤ ਅਨੁਸਾਰ ਬਾਬਰ ਨੇ ਸੁੰਨੀ ਧਰਮ ਛੱਡ ਕੇ ਸ਼ੀਆ ਪੰਥ ਧਾਰਨ ਕਰ ਲਿਆ। ਸ਼ਾਹ ਇਸਮਾਈਲ ਦੀ ਫੌਜ ਨੇ ਸ਼ੈਬਾਨੀ ਖਾਨ ਨੂੰ ਮਾਰ ਦਿੱਤਾ ਅਤੇ ਬਾਬਰ ਦੀ ਭੈਣ ਖਾਨਜ਼ਾਦਾ ਬੇਗ਼ਮ ਬਾਬਰ ਦੇ ਹਵਾਲੇ ਕੀਤੀ। ਖਾਨਜ਼ਾਦਾ ਬੇਗ਼ਮ ਦਸ ਸਾਲ ਸ਼ੈਬਾਨੀ ਦੇ ਕਬਜ਼ੇ ਵਿਚ ਰਹੀ। ਧਨ ਧਾਮ ਦੇ ਲੋਭ ਤੇ ਹਉਮੈ ਦੀ ਪੂਰਤੀ ਲਈ ਬੰਦਾ ਕੀ ਕੁਝ ਨਹੀਂ ਕਰਦਾ?

ਸ਼ੈਬਾਨੀ ਦਾ ਖ਼ਤਰਾ ਟਲ ਗਿਆ ਤਾਂ ਬਾਬਰ ਨੇ ਹਿੰਦੁਸਤਾਨ ਨੂੰ ਜਿੱਤਣ ਦੀ ਵਿਉਂਤ ਬਣਾਈ। ਬਾਬਰ ਦੇ ਹਮਲਿਆਂ ਤੋਂ ਗੁਰੂ ਨਾਨਕ ਅਤੇ ਬਾਬਰ ਦੇ ਅਸਲ ਸਬੰਧਾਂ ਦਾ ਪਤਾ ਲੱਗਦਾ ਹੈ। ਬਾਬਰ ਨੇ ਸੰਨ 1519 ਤੋਂ ਲੈ ਕੇ 1526 ਈ: ਤੱਕ ਭਾਰਤ 'ਤੇ ਲਗਾਤਾਰ 5 ਹਮਲੇ ਕੀਤੇ। ਗੁਰੂ ਨਾਨਕ ਨੇ ਬਾਬਰ ਬਾਣੀ ਵਿਚ ਇਨ੍ਹਾਂ ਹਮਲਿਆਂ ਦੀ ਤਬਾਹੀ ਦਾ ਵਰਨਣ ਕੀਤਾ ਹੈ। ਸਾਡੀ ਜਾਣਕਾਰੀ ਅਨੁਸਾਰ ਕਿਸੇ ਹੋਰ ਭਾਰਤੀ ਵਿਦਵਾਨ ਜਾਂ ਮਹਾਂਪੁਰਸ਼ ਨੇ ਬਾਬਰ ਦੇ ਹਮਲਿਆਂ ਦਾ ਬਿਰਤਾਂਤ ਨਹੀਂ ਲਿਖਿਆ। ਗੁਰੂ ਨਾਨਕ ਜੀ ਬਾਬਰ ਦੇ ਹਮਲਿਆਂ ਦੇ ਪਹਿਲੇ ਭਾਰਤੀ ਇਤਿਹਾਸਕਾਰ ਸਨ। ਜ਼ਿਆਦਾਤਰ ਵਿਦਵਾਨ ਬਾਬਰ ਬਾਣੀ ਦੇ ਚਹੁੰਆਂ ਸ਼ਬਦਾਂ ਨੂੰ ਸੈਦਪੁਰ (ਐਮਨਾਬਾਦ) ਦੇ ਕਤਲੇਆਮ ਦਾ ਪ੍ਰਤੀਕਰਮ ਹੀ ਦੱਸਦੇ ਹਨ ਪਰ ਇਹ ਸ਼ਬਦ ਬਾਬਰ ਦੇ ਵੱਖ-ਵੱਖ ਹਮਲਿਆਂ ਬਾਰੇ ਵੱਖ-ਵੱਖ ਸਮੇਂ ਉਚਾਰੇ ਗਏ ਸਨ। ਕਹਿੰਦੇ ਹਨ 'ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦੁ ਕਾ ਚੇਲਾ॥' ਵਾਲੀਆਂ ਤੁਕਾਂ ਗੁਰੂ ਜੀ ਨੇ ਬਾਬਰ ਦੇ ਹਮਲਿਆਂ ਤੋਂ ਢੇਰ ਚਿਰ ਪਿੱਛੋਂ ਕਰਤਾਰਪੁਰ ਲਿਖੀਆਂ। ਉਦੋਂ ਤੱਕ ਬਾਬਰ ਦੇ ਚਾਰ-ਸਾਲਾ ਰਾਜ (ਸੰਨ 1526-1530) ਦਾ ਹੀਜ-ਪਿਆਜ ਸਾਹਮਣੇ ਆ ਚੁੱਕਾ ਸੀ। ਬਾਬਰ ਤੋਂ ਬਾਅਦ ਹਮਾਯੂੰ ਦਸਾਂ ਸਾਲਾਂ ਵਿਚ ਵੀ ਆਪਣਾ ਰਾਜ ਸਥਿਰ ਨਹੀਂ ਸੀ ਕਰ ਸਕਿਆ। ਬੰਗਾਲ ਅਤੇ ਬਿਹਾਰ ਦੇ ਪਠਾਣ ਸ਼ਾਸਕ ਸ਼ੇਰ ਸ਼ਾਹ ਸੂਰੀ ਦੀ ਅਗਵਾਈ ਵਿਚ ਹਮਾਯੂੰ 'ਤੇ ਗਾਲਿਬ ਆ ਰਹੇ ਸਨ।

ਆਖਰ ਸੰਨ 1540 ਈ: ਵਿਚ ਉਹ ਹਿੰਦੁਸਤਾਨ ਨੂੰ ਛੱਡ ਕੇ ਈਰਾਨ ਦੇ ਬਾਦਸ਼ਾਹ ਦੀ ਸ਼ਰਨ ਵਿਚ ਚਲਾ ਗਿਆ। ਗੁਰੂ ਨਾਨਕ ਆਪਣੇ ਸਮੇਂ ਦੇ ਬੜੇ ਪ੍ਰਬੁੱਧ ਅਤੇ ਜਾਗਰੂਕ ਨਿਰੀਖਕ ਸਨ। ਉਨ੍ਹਾਂ ਨੂੰ ਕੇਵਲ ਭਾਰਤ ਦੀ ਰਾਜਨੀਤੀ ਦਾ ਹੀ ਨਹੀਂ, ਸਗੋਂ ਇਰਾਨ, ਖੁਰਾਸਾਨ ਅਤੇ ਅਫ਼ਗਾਨਿਸਤਾਨ ਦੇ ਹਾਲਾਤ ਦਾ ਵੀ ਪੂਰਾ ਗਿਆਨ ਸੀ। 'ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥' ਦਾ ਅਰਥ ਕਈ ਵਿਦਵਾਨ 'ਖੁਰਾਸਾਨ ਨੂੰ ਜਿੱਤ ਕੇ ਬਾਬਰ ਨੇ ਹਿੰਦੁਸਤਾਨ 'ਤੇ ਹਮਲਾ ਕੀਤਾ' ਕਰਦੇ ਹਨ ਪਰ ਗੁਰੂ ਨਾਨਕ ਜੀ ਨੂੰ ਪਤਾ ਸੀ ਕਿ ਬਾਬਰ ਖੁਰਾਸਾਨ ਨੂੰ ਨਹੀਂ ਜਿੱਤ ਸਕਿਆ। ਇਸ ਲਈ ਅਕਾਲ ਪੁਰਖ ਨੂੰ ਉਲਾਹਮਾ ਦਿੰਦੇ ਹਨ ਕਿ ਤੁਸੀਂ ਖੁਰਾਸਾਨ ਦੀ ਤਾਂ ਰੱਖਿਆ ਕੀਤੀ (ਖਸਮਾਨਾ ਕੀਆ) ਪਰ ਹਿੰਦੁਸਤਾਨ ਉੱਤੇ 'ਜਮੁ ਕਰਿ ਮੁਗਲ ਚੜਾਇਆ॥' 'ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦੁ ਕਾ ਚੇਲਾ॥' ਭਾਵ ਮੁਗ਼ਲ 1578 ਬਿਕਰਮੀ (1521 ਈ:) ਵਿਚ ਆਉਣਗੇ ਤੇ 1597 ਬਿਕਰਮੀ (1540 ਈ:) ਵਿਚ ਹਿੰਦੁਸਤਾਨ ਤੋਂ ਚਲੇ ਜਾਣਗੇ ਅਤੇ ਇਕ ਹੋਰ ਸੂਰਮਾ ਮਨੁੱਖ (ਸ਼ੇਰ ਸ਼ਾਹ ਸੂਰੀ) ਉੱਭਰ ਕੇ ਸਾਹਮਣੇ ਆਏਗਾ। ਇਹ ਗੁਰੂ ਨਾਨਕ ਜੀ ਦਾ ਕੋਈ ਕਰਾਮਾਤੀ ਵਾਕ ਜਾਂ ਭਵਿੱਖਬਾਣੀ ਨਹੀਂ ਸੀ। ਹਿੰਦੁਸਤਾਨ ਦੇ ਰਾਜਨੀਤਕ ਹਾਲਾਤ ਦਾ ਇਕ ਜਾਇਜ਼ਾ ਸੀ, ਜੋ ਸਹੀ ਸਾਬਤ ਹੋਇਆ। ਗੁਰੂ ਨਾਨਕ ਜੀ ਨੇ ਆਪਣੇ ਸਮੇਂ ਦੇ ਹਾਲਾਤ ਦਾ ਸਹੀ ਮੁਲਾਂਕਣ ਕੀਤਾ।

ਬਾਬਰ ਦੀ ਹਮੇਸ਼ਾ ਇਹ ਖਾਹਿਸ਼ ਰਹੀ ਕਿ ਮੈਂ ਇਕ ਵੱਡਾ ਅਜ਼ੀਮ ਬਾਦਸ਼ਾਹ ਬਣਾਂ। ਜਦੋਂ ਸਮਰਕੰਦ 'ਚੋਂ ਸੁਰੱਖਿਅਤ ਨਿਕਲਣ ਦੇ ਬਦਲੇ ਸ਼ੈਬਾਨੀ ਖਾਨ ਨੇ ਬਾਬਰ ਦੀ ਭੈਣ ਦਾ ਡੋਲਾ ਮੰਗ ਲਿਆ ਤਾਂ ਬਾਬਰ ਬੜਾ ਤਿਲਮਿਲਾਇਆ। ਪਰ ਉਸ ਦੀ ਦੂਰਅੰਦੇਸ਼ ਨਾਨੀ ਏਸਾਨ ਦੌਲਤ ਨੇ ਸਮਝਾਇਆ-ਜੇ ਅਸੀਂ ਸ਼ੈਬਾਨੀ ਖਾਂ ਦੀ ਮੰਗ ਪੂਰੀ ਨਾ ਕੀਤੀ ਤਾਂ ਹੁਣੇ ਐਥੇ ਸਾਰੇ ਮਾਰੇ ਜਾਵਾਂਗੇ ਅਤੇ ਤੇਰੀ ਅਜ਼ੀਮ ਬਾਦਸ਼ਾਹ ਬਣਨ ਦੀ ਤਮੰਨਾ ਵੀ ਮਰ ਜਾਏਗੀ। ਬਾਬਰ ਨੇ ਆਪਣੀ ਭੈਣ ਸ਼ੈਬਾਨੀ ਖਾਂ ਦੇ ਹਵਾਲੇ ਕਰ ਦਿੱਤੀ। ਜਦੋਂ ਬਾਬਰ ਨੇ ਸ਼ਾਹ ਈਰਾਨ ਨਾਲ ਸਮਝੌਤਾ ਕੀਤਾ ਤਾਂ ਉਸ ਨੇ ਬਾਬਰ ਦਾ ਧਰਮ ਮੰਗ ਲਿਆ। ਬਾਬਰ ਇਕਦਮ ਸੁੰਨੀ ਤੋਂ ਸ਼ੀਆ ਹੋ ਗਿਆ ਭਾਵ ਇਹ ਕਿ ਬਾਬਰ ਨੇ ਧਨ ਧਰਤੀ ਦੀ ਦੁਨਿਆਵੀ ਬਾਦਸ਼ਾਹੀ ਹਾਸਲ ਕਰਨ ਲਈ ਆਪਣੀ ਅਣਖ ਤੇ ਧਰਮ ਦੀ ਕੁਰਬਾਨੀ ਦੇਣ ਲਈ ਜ਼ਰਾ ਵੀ ਦੇਰ ਨਹੀਂ ਲਾਈ।

ਗੁਰੂ ਨਾਨਕ ਜੀ ਦੀ ਪਾਤਸ਼ਾਹੀ ਨਿੱਜੀ ਖਾਹਿਸ਼ਾਂ ਪੂਰੀਆਂ ਕਰਨ ਲਈ ਕਿਸੇ ਦਾ ਧਨ, ਧਰਤੀ ਜਾਂ ਸਿਰ ਨਹੀਂ ਮੰਗਦੀ, ਸਗੋਂ ਸਰਬੱਤ ਦੇ ਭਲੇ ਲਈ ਸੱਚ, ਨਿਆਂ, ਸਮਾਨਤਾ ਅਤੇ ਧਰਮ ਦਾ ਰਾਜ ਸਥਾਪਿਤ ਕਰਨ ਲਈ ਸਿਰ ਵਾਰਨ ਲਈ ਵੰਗਾਰਦੀ ਹੈ: 'ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥' ਗੁਰੂ ਨਾਨਕ ਜੀ ਨੇ ਹੱਕ, ਸੱਚ ਤੇ ਧਰਮ ਦਾ ਬੋਲਬਾਲਾ ਕਰਨ ਲਈ ਨਿਰਭੈ ਯੋਧੇ ਪੈਦਾ ਕੀਤੇ, ਜਿਨ੍ਹਾਂ ਦਾ ਪ੍ਰਣ ਸੀ: ਮੇਰਾ ਸਿਰ ਜਾਏ ਤਾਂ ਜਾਏ, ਮੇਰਾ ਸਿੱਖੀ ਸਿਦਕ ਨਾ ਜਾਏ। ਪੰਜ ਸੌ ਸਾਲ ਤੋਂ ਗੁਲਾਮੀ ਭੋਗ ਰਹੇ ਭਾਰਤੀਆਂ ਦੀ ਅਣਖ ਨੂੰ ਜਗਾਉਣ ਲਈ ਗੁਰੂ ਨਾਨਕ ਜੀ ਕਹਿੰਦੇ ਹਨ: ਜੇ ਜੀਵੈ ਪਤਿ ਲਥੀ ਜਾਇ॥ ਸਭ ਹਰਾਮ ਜੇਤਾ ਕਿਛੁ ਖਾਇ॥

ਗੁਰੂ ਨਾਨਕ ਜੀ ਨੇ ਨਵੇਂ ਮਨੁੱਖ ਅਤੇ ਨਵੇਂ ਯੁੱਗ ਦੀ ਸਿਰਜਨਾ ਕੀਤੀ। ਭਾਈ ਗੁਰਦਾਸ ਲਿਖਦੇ ਹਨ: ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ। ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ: ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ॥

ਸਾਡੇ ਕੁਝ ਪੁਰਾਣੇ ਗ੍ਰੰਥਾਂ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਜੀ ਨੇ ਬਾਬਰ ਨੂੰ ਸੱਤ ਬਾਦਸ਼ਾਹੀਆਂ ਦਾ ਵਰ ਦਿੱਤਾ। ਗੁਰੂ ਨਾਨਕ ਜੀ ਤਾਂ ਆਪਣੀ ਬਾਣੀ ਵਿਚ ਬਾਬਰ ਨੂੰ 'ਪਾਪ ਕੀ ਜੰਞ' ਦਾ ਲਾੜਾ ਕਹਿੰਦੇ ਹਨ ਅਤੇ ਬਾਬਰ ਦੇ ਉੱਤਰ-ਅਧਿਕਾਰੀਆਂ ਨੇ ਗੁਰੂ ਨਾਨਕ ਜੀ ਦੀ ਪੰਜਵੀਂ ਅਤੇ ਨੌਵੀਂ ਜੋਤ ਗੁਰੂ ਅਰਜਨ ਦੇਵ ਤੇ ਗੁਰੂ ਤੇਗ ਬਹਾਦਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ, ਗੁਰੂ ਨਾਨਕ ਅਜਿਹੇ ਬਾਬਰਾਂ-ਜਾਬਰਾਂ ਨੂੰ ਸੱਤ ਬਾਦਸ਼ਾਹੀਆਂ ਦੀ ਅਸੀਸ ਕਿਵੇਂ ਦੇ ਸਕਦੇ ਹਨ। ਬਾਬਰ ਦੀ ਬਾਦਸ਼ਾਹੀ (ਸੰਨ 1526-1857 ਈ:) 331 ਸਾਲ ਚੱਲ ਕੇ ਸਮਾਪਤ ਹੋ ਗਈ ਪਰ ਗੁਰੂ ਨਾਨਕ ਜੀ ਦੀ ਪਾਤਸ਼ਾਹੀ ਅੱਜ ਵੀ ਜਾਰੀ ਹੈ ਅਤੇ ਉਦੋਂ ਤੱਕ ਕਾਇਮ ਰਹੇਗੀ, ਜਦੋਂ ਤੱਕ ਗੁਰੂ ਨਾਨਕ ਨਾਮ-ਲੇਵਾ ਗੁਰੂ ਵੱਲੋਂ ਦਰਸਾਏ ਰਾਹ ਉੱਤੇ ਚੱਲਦੇ ਰਹਿਣਗੇ-

ਸਤਿਗੁਰੁ ਸਚਾ ਪਾਤਿਸਾਹੁ
ਕੂੜੇ ਬਾਦਿਸਾਹ ਦੁਨੀਆਵੇ।।
(ਭਾਈ ਗੁਰਦਾਸ)

ਤਿਲੰਗ ਮਹਲਾ ੧ ॥ ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥ ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥ ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥ ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥ ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥ ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥ ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥ ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥ ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥ ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥ ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥ ਪੰਨਾ 722-723॥

ਅਰਥ: ਹੇ (ਭਾਈ) ਲਾਲੋ! ਮੈਨੂੰ ਜਿਹੋ ਜਿਹੀ ਖਸਮ-ਪ੍ਰਭੂ ਵਲੋਂ ਪ੍ਰੇਰਨਾ ਆਈ ਹੈ ਉਸੇ ਅਨੁਸਾਰ ਮੈਂ ਤੈਨੂੰ (ਉਸ ਦੂਰ-ਘਟਨਾ ਦੀ) ਵਾਕਫ਼ੀਅਤ ਦੇਂਦਾ ਹਾਂ (ਜੋ ਇਸ ਸ਼ਹਿਰ ਸ਼ੈਦਪੁਰ ਵਿਚ ਵਾਪਰੀ ਹੈ)। (ਬਾਬਰ) ਕਾਬਲ ਤੋਂ (ਫ਼ੌਜ ਜੋ, ਮਾਨੋ) ਪਾਪ-ਜ਼ੁਲਮ ਦੀ ਜੰਞ (ਹੈ) ਇਕੱਠੀ ਕਰ ਕੇ ਆ ਚੜ੍ਹਿਆ ਹੈ, ਅਤੇ ਜ਼ੋਰ-ਧੱਕੇ ਨਾਲ ਹਿੰਦ-ਦੀ-ਹਕੂਮਤ ਰੂਪ ਕੰਨਿਆ-ਦਾਨ ਮੰਗ ਰਿਹਾ ਹੈ। (ਸੈਦਪੁਰ ਵਿਚੋਂ) ਹਯਾ ਤੇ ਧਰਮ ਦੋਵੇਂ ਲੋਪ ਹੋ ਚੁਕੇ ਹਨ, ਝੂਠ ਹੀ ਝੂਠ ਚੌਧਰੀ ਬਣਿਆ ਫਿਰਦਾ ਹੈ। (ਬਾਬਰ ਦੇ ਸਿਪਾਹੀਆਂ ਵਲੋਂ ਸੈਦਪੁਰ ਦੀਆਂ ਇਸਤ੍ਰੀਆਂ ਉਤੇ ਇਤਨੇ ਅੱਤਿਆਚਾਰ ਹੋ ਰਹੇ ਹਨ ਕਿ, ਮਾਨੋ) ਸ਼ੈਤਾਨ (ਇਸ ਸ਼ਹਿਰ ਵਿਚ) ਵਿਆਹ ਪੜ੍ਹਾ ਰਿਹਾ ਹੈ ਤੇ ਕਾਜ਼ੀਆਂ ਅਤੇ ਬ੍ਰਾਹਮਣਾਂ ਦੀ (ਸਾਊਆਂ ਵਾਲੀ) ਮਰਯਾਦਾ ਮੁੱਕ ਚੁਕੀ ਹੈ। ਮੁਸਲਮਾਨ ਔਰਤਾਂ (ਭੀ ਇਸ ਜ਼ੁਲਮ ਦਾ ਸ਼ਿਕਾਰ ਹੋ ਰਹੀਆਂ ਹਨ ਜੋ) ਇਸ ਬਿਪਤਾ ਵਿਚ (ਆਪਣੀ ਧਰਮ-ਪੁਸਤਕ) ਕੁਰਾਨ (ਦੀਆਂ ਆਇਤਾਂ) ਪੜ੍ਹ ਰਹੀਆਂ ਹਨ ਤੇ ਖ਼ੁਦਾ ਅੱਗੇ ਪੁਕਾਰ ਕਰ ਰਹੀਆਂ ਹਨ। ਉੱਚੀਆਂ ਜਾਤਾਂ ਦੀਆਂ, ਨੀਵੀਆਂ ਜਾਤਾਂ ਦੀਆਂ ਅਤੇ ਹੋਰ ਭੀ ਸਭ ਹਿੰਦੂ ਇਸਤ੍ਰੀਆਂ-ਇਹਨਾਂ ਸਾਰੀਆਂ ਉਤੇ ਇਹੀ ਅੱਤਿਆਚਾਰ ਹੋ ਰਹੇ ਹਨ।

ਹੇ ਨਾਨਕ! ਇਸ ਖ਼ੂਨੀ ਵਿਆਹ ਵਿਚ ਸੈਦਪੁਰ ਨਗਰ ਦੇ ਅੰਦਰ ਹਰ ਪਾਸੇ) ਵਿਰਲਾਪ ਹੋ ਰਹੇ ਹਨ ਤੇ ਲਹੂ ਦਾ ਕੇਸਰ ਛਿੜਕਿਆ ਜਾ ਰਿਹਾ ਹੈ।੧।

ਅਰਥ: (ਸੈਦਪੁਰ ਦੀ ਕਤਲਾਮ ਦੀ ਇਹ ਦੁਰ-ਘਟਨਾ ਬੜੀ ਭਿਆਨਕ ਹੈ, ਪਰ ਇਹ ਭੀ ਠੀਕ ਹੈ ਕਿ ਜਗਤ ਵਿਚ ਸਭ ਕੁਝ ਮਾਲਕ-ਪ੍ਰਭੂ ਦੀ ਰਜ਼ਾ ਵਿਚ ਹੋ ਰਿਹਾ ਹੈ, ਇਸ ਵਾਸਤੇ) ਲੋਥਾਂ-ਭਰੇ ਇਸ ਸ਼ਹਿਰ ਵਿਚ ਬੈਠ ਕੇ ਭੀ ਨਾਨਕ ਉਸ ਮਾਲਕ-ਪ੍ਰਭੂ ਦੇ ਗੁਣ ਹੀ ਗਾਂਦਾ ਹੈ, (ਹੇ ਭਾਈ ਲਾਲੋ! ਤੂੰ ਭੀ ਇਸ) ਅਟੱਲ ਨਿਯਮ ਨੂੰ ਉਚਾਰ (ਚੇਤੇ ਰੱਖ ਕਿ) ਜਿਸ ਮਾਲਕ-ਪ੍ਰਭੂ ਨੇ (ਇਹ ਸ੍ਰਿਸ਼ਟੀ) ਪੈਦਾ ਕੀਤੀ ਹੈ, ਉਸੇ ਨੇ ਇਸ ਨੂੰ ਮਾਇਆ ਦੇ ਮੋਹ ਵਿਚ ਪਰਵਿਰਤ ਕੀਤਾ ਹੋਇਆ ਹੈ, ਉਹ ਆਪ ਹੀ ਨਿਰਲੇਪ ਰਹਿ ਕੇ (ਉਹਨਾਂ ਦੁਰ-ਘਟਨਾਵਾਂ ਨੂੰ) ਵੇਖ ਰਿਹਾ ਹੈ (ਜੋ ਮਾਇਆ ਦੇ ਮੋਹ ਦੇ ਕਾਰਨ ਵਾਪਰਦੀਆਂ ਹਨ)। ਉਹ ਮਾਲਕ-ਪ੍ਰਭੂ ਅਟੱਲ ਨਿਯਮਾਂ ਵਾਲਾ ਹੈ, ਉਸ ਦਾ ਨਿਆਉਂ (ਹੁਣ ਤਕ) ਅਟੱਲ ਹੈ, ਉਹ (ਅਗਾਂਹ ਨੂੰ ਭੀ) ਅਟੱਲ ਨਿਯਮ ਵਰਤਾਇਗਾ ਉਹੀ ਨਿਆਉਂ ਕਰੇਗਾ ਜੋ ਅਟੱਲ ਹੈ। (ਉਸ ਅਟੱਲ ਨਿਯਮ ਅਨੁਸਾਰ ਹੀ ਇਸ ਵੇਲੇ ਸੈਦਪੁਰ ਵਿਚ ਹਰ ਪਾਸੇ) ਮਨੁੱਖਾ ਸਰੀਰ-ਰੂਪ ਕੱਪੜਾ ਟੋਟੇ ਟੋਟੇ ਹੋ ਰਿਹਾ ਹੈ। ਇਹ ਇਕ ਐਸੀ ਭਿਆਨਕ ਘਟਨਾ ਹੋਈ ਹੈ ਜਿਸ ਨੂੰ ਹਿੰਦੁਸਤਾਨ ਭੁਲਾ ਨਹੀਂ ਸਕੇਗਾ।

(ਪਰ ਹੇ ਭਾਈ ਲਾਲੋ! ਜਦ ਤਕ ਮਨੁੱਖ ਮਾਇਆ ਦੇ ਮੋਹ ਵਿਚ ਪਰਵਿਰਤ ਹਨ, ਅਜੇਹੇ ਘੱਲੂ-ਘਾਰੇ ਵਾਪਰਦੇ ਹੀ ਰਹਿਣੇ ਹਨ, ਮੁਗ਼ਲ ਅੱਜ) ਸੰਮਤ ਅਠੱਤਰ ਵਿਚ ਆਏ ਹਨ, ਇਹ ਸੰਮਤ ਸਤਾਨਵੇ ਵਿਚ ਚਲੇ ਜਾਣਗੇ, ਕੋਈ ਹੋਰ ਸੂਰਮਾ ਭੀ ਉੱਠ ਖੜਾ ਹੋਵੇਗਾ। (ਜੀਵ ਮਾਇਆ ਦੇ ਰੰਗ ਵਿਚ ਮਸਤ ਹੋ ਕੇ ਉਮਰ ਅਜਾਈਂ ਗਵਾ ਰਹੇ ਹਨ) ਨਾਨਕ ਤਾਂ (ਇਸ ਵੇਲੇ ਭੀ) ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦਾ ਹੈ, (ਸਾਰੀ ਉਮਰ ਹੀ) ਇਹ ਸਿਫ਼ਤਿ-ਸਾਲਾਹ ਕਰਦਾ ਰਹੇਗਾ, ਕਿਉਂਕਿ ਇਹ ਮਨੁੱਖਾ ਜਨਮ ਦਾ ਸਮਾ ਸਿਫ਼ਤਿ-ਸਾਲਾਹ ਵਾਸਤੇ ਹੀ ਮਿਲਿਆ ਹੈ।੨।੩।੫।

# ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼ ਨਿਸ਼ਾਨੀ ਗੰਗਾ ਸਾਗਰ

**ਗੁਰਚਰਨਜੀਤ ਸਿੰਘ ਲਾਂਬਾ**
santsipahi@gmail.com
+1 973 699 0950

੧ੴ ਵਾਹਿਗੁਰੂ ਜੀ ਕੀ ਫ਼ਤਹਿ॥
ਕਮਾਲਿ ਕਰਾਮਾਤ ਕਾਇਮ ਕਰੀਮ।
ਰਜ਼ਾ ਬਖ਼ਸ਼ੋ ਰਾਜ਼ਿਕ ਰਿਹਾਕੁਨ ਰਹੀਮ॥੧॥
(ਜ਼ਫ਼ਰਨਾਮਾ - ਗੁਰੂ ਗੋਬਿੰਦ ਸਿੰਘ ਜੀ)।

ਅਮਰੀਕਾ ਅਤੇ ਖਾਸ ਕਰ ਨਿਊਯਾਰਕ ਸ਼ਹਿਰ ਦੀਆਂ ਸੰਗਤਾਂ ਲਈ ਬੜੇ ਮਾਣ ਅਤੇ ਖ਼ੁਸ਼ੀ ਦੀ ਗੱਲ ਹੈ ਕਿ ਇਸ ਵਾਰ ਸਿੱਖ ਡੇ ਪਰੇਡ ਵਿਚ ਉਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਪਾਵਨ ਛੋਹ ਪ੍ਰਾਪਤ 'ਗੰਗਾ ਸਾਗਰ' ਦੇ ਦਰਸ਼ਨ ਕਰ ਰਹੇ ਹਨ। ਇਹ ਕਰਾਮਾਤੀ ਗੰਗਾ ਸਾਗਰ ਗੁਰੂ ਗੋਬਿੰਦ ਸਿੰਘ ਜੀ ਨੇ ੧੭੦੫ ਵਿਚ ਰਾਇ ਕੋਟ ਦੇ ਨਵਾਬ ਰਾਇ ਕੱਲਾ ਜੀ ਦੀਆਂ ਸੇਵਾਵਾਂ ਤੋਂ ਪ੍ਰਸੰਨ ਹੋ ਕੇ ਉਹਨਾਂ ਨੂੰ ਬਖਸ਼ਿਸ਼ ਕੀਤਾ ਸੀ। ਰਾਇ ਕੱਲਾ ਜੀ ਦੀ ਨੌਵੀਂ ਪੀੜ੍ਹੀ ਦੇ ਵਾਰਸ ਰਾਇ ਅਜ਼ੀਜ਼ ਉੱਲਾ ਸਾਹਿਬ ਸੰਗਤਾਂ ਦੇ ਦਰਸ਼ਨ ਹਿਤ ਇਹ ਗੰਗਾ ਸਾਗਰ ਲੈ ਕੇ ਇੱਥੇ ਆਏ ਹਨ। ਪਿਛਲੀਆਂ ਤਿੰਨ ਸਦੀਆਂ ਤੋਂ ਵੱਧ ਗੁਰੂ ਸਾਹਿਬ ਤੋਂ ਵਰੋਸਾਏ ਰਾਇ ਕੱਲਾ ਜੀ ਦੇ ਖਾਨਦਾਨ ਨੇ ਗੁਰੂ ਸਾਹਿਬ ਦੀ ਇਹ ਬਖਸ਼ਿਸ਼ ਅਤੇ ਅਮਾਨਤ ਸੀਨੇ ਨਾਲ ਲਗਾ ਕੇ ਸਾਂਭ ਰੱਖੀ। ੧੯੪੭ ਤਕ ਇਹ ਰਾਇਕੋਟ, ਪੰਜਾਬ ਵਿਚ ਰਾਇ ਕਿਆਂ ਕੀ ਹਵੇਲੀ ਵਿਚ ਸੁਸ਼ੋਭਿਤ ਰਿਹਾ। ੧੯੪੭ ਵਿਚ ਆਨਰੇਰੀ ਮੈਜਿਸਟਰੇਟ ਰਾਇ ਇਨਾਇਤ ਖਾਨ ਸਾਹਿਬ ਇਹ ਗੁਰੂ ਦੀ ਬਖਸ਼ਿਸ਼ ਲੈ ਕੇ ਪਾਕਿਸਤਾਨ ਹਿਜਰਤ ਕਰ ਗਏ। ਰਾਇ ਅਜ਼ੀਜ਼ ਉੱਲਾ ਜੀ ਚਾਰ ਸਾਲ ਦੇ ਸਨ ਜਦੋਂ ਉਹਨਾਂ ਦੀ ਮਾਤਾ ਅਤੇ ਜਦੋਂ ਛੇ ਸਾਲ ਦੇ ਸਨ, ਤਾਂ ਪਿਤਾ ਰਾਇ ਫ਼ਕੀਰਉੱਲਾ ਖਾਨ ਸਾਹਿਬ ੨੮ ਸਾਲ ਦੀ ਉਮਰ ਵਿਚ ਹੀ ਗੁਜ਼ਰ ਗਏ। ਮਾਂ ਬਾਪ ਦੇ ਸਾਏ ਤੋਂ ਮਹਿਰੂਮ ਰਾਇ ਅਜੀਜ਼ ਉੱਲਾ ਜੀ ਨੂੰ ਉਹਨਾਂ ਦੀ ਦਾਦੀ ਨੇ ਪਾਲਿਆ ਅਤੇ ਜਦੋਂ ਉਹਨਾਂ ਨੇ ਜਵਾਨੀ ਵਿਚ ਪੈਰ ਰੱਖਿਆ ਤਾਂ ਦਾਦੀ ਨੇ ਇਹ ਅਮਾਨਤ ਅਤੇ ਬਖਸ਼ਿਸ਼ ਇਹਨਾਂ ਦੇ ਹਵਾਲੇ ਕੀਤੀ ।

ਇਤਿਹਾਸ ਦੇ ਪੰਨੇ ਵੇਖੀਏ ਤਾਂ ਕਲਗੀਧਰ ਪਿਤਾ ਅਤੇ ਸਿੰਘਾਂ ਲਈ ਅਨੰਦਪੁਰ ਸਾਹਿਬ ਤੋਂ ਚਮਕੌਰ ਦੀ ਗੜ੍ਹੀ ਦਾ ਸਫ਼ਰ ਬਹੁਤ ਹੀ ਕਸ਼ਟ ਭਰਪੂਰ ਸੀ। ਪਰ ਚਮਕੌਰ ਦੀ ਗੜ੍ਹੀ ਤੋਂ ਮਾਛੀਵਾੜੇ ਤਕ ਦਾ ਸਫ਼ਰ ਤਾਂ ਸੂਲਾਂ 'ਤੇ ਤੁਰਨ ਬਰਾਬਰ ਸੀ। ਇਸ ਤੋਂ ਬਾਅਦ ਆਪਣੀ ਜਾਨ ਹਥੇਲੀ 'ਤੇ ਰੱਖ ਕੇ ਘੋੜਿਆਂ ਦੇ ਵਪਾਰੀ ਨਬੀ ਖਾਂ-ਗਨੀ ਖਾਂ ਭਰਾਵਾਂ ਨੇ ਗੁਰੂ ਜੀ ਨੂੰ 'ਉੱਚ ਦਾ ਪੀਰ' ਬਣਾ ਕੇ ਰਾਇ ਕੋਟ ਦੇ ਨੇੜੇ ਲੈ ਆਂਦਾ ਜਿੱਥੇ ਟਾਹਲੀਆਂ ਦੇ ਦਰੱਖ਼ਤ ਸਨ। ਇੱਥੇ ਅੱਜ ਕੱਲ੍ਹ ਗੁਰਦੁਆਰਾ ਟਾਹਲੀਆਣਾ ਸਾਹਿਬ ਹੈ। ਰਾਇ ਕੋਟ ਦੇ ਨਵਾਬ ਰਾਇ ਕੱਲਾ ਜੀ ਵੀ ਉੱਚ ਦੇ ਪੀਰ ਦੇ ਮੁਰੀਦ ਸਨ ਕਿਉਂ ਕਿ ੧੩੨੩ ਈਸਵੀ ਵਿਚ ਇਹਨਾਂ ਦੇ ਬਜ਼ੁਰਗ ਰਾਜਪੂਤ ਰਾਇ ਤੁਲਸੀ ਦਾਸ ਜੀ ਨੇ ਉੱਚ ਸ਼ਰੀਫ਼, ਬਹਾਵਲਪੁਰ ਦੇ ਉੱਚ ਦੇ ਪੀਰ ਦੇ ਪ੍ਰਭਾਵ ਹੇਠ ਇਸਲਾਮ ਕਬੂਲ ਕੀਤਾ ਸੀ। ਜਦੋਂ ਰਾਇ ਕੱਲਾ ਜੀ ਨੇ ਸੁਣਿਆ ਕਿ ਉੱਚ ਦੇ ਪੀਰ ਆਏ ਹਨ ਤਾਂ ਉਹਨਾਂ ਨੂੰ ਚਾਅ ਚੜ੍ਹਗਿਆ ਅਤੇ ਉਹ ਗੁਰੂ ਸਾਹਿਬ ਦੇ ਮੁਕਾਮ 'ਤੇ ਪਹੁੰਚੇ। ਗੁਰੂ ਸਾਹਿਬ ਦੇ ਦਰਸ਼ਨ ਕਰਕੇ ਉਹਨਾਂ ਨੂੰ ਪਤਾ ਲੱਗਾ ਕਿ ਇਹ ਤਾਂ ਕਲਗੀਧਰ ਪਿਤਾ ਗੁਰੂ ਗੋਬਿੰਦ ਸਿੰਘ ਜੀ ਹਨ। ਉਹਨਾਂ ਨੂੰ ਚਮਕੌਰ ਦੀ ਜੰਗ ਦੇ ਹਾਲਾਤ ਅਤੇ ਸਾਰੀਆਂ ਘਟਨਾਵਾਂ ਦਾ ਇਲਮ ਸੀ। ਉਹ ਬਹੁਤ ਹੀ ਵੈਰਾਗ ਵਿਚ ਆ ਗਏ ਅਤੇ ਅਫ਼ਸੋਸ ਕਰਨ ਲੱਗ ਪਏ। ਜ਼ੁਲਮੀ ਹਕੂਮਤ ਦੀ ਰਤੀ ਵੀ ਪਰਵਾਹ ਨਾ ਕਰਦਿਆਂ ਰਾਇ ਸਾਹਿਬ ਨੇ ਗੁਰੂ ਜੀ ਨੂੰ ਕੋਈ ਸੇਵਾ ਬਖਸ਼ਣ ਦੀ ਬੇਨਤੀ ਕੀਤੀ। ਉਸ ਸਮੇਂ ਗੁਰੂ ਸਾਹਿਬ ਨੇ ਰਾਇ ਕੱਲਾ ਜੀ ਨੂੰ ਸਰਹੰਦ ਚੋਂ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਫ਼ਤਹਿ ਸਿੰਘ ਜੀ ਦੀ ਖ਼ਬਰ ਪਤਾ ਕਰਨ ਲਈ ਕਿਹਾ। ਰਾਇ ਸਾਹਿਬ ਨੇ ਉਸੇ ਸਮੇਂ ਆਪਣੇ ਕਰਿੰਦੇ ਨੂਰੇ ਮਾਹੀ ਨੂੰ ਇਸ ਕੰਮ ਲਈ ਸਰਹੰਦ ਜਾਣ ਲਈ ਕਿਹਾ। ਸਰਹਦ ਉੱਥੋਂ ਚਾਲੀ ਕੋਹ 'ਤੇ ਸੀ ਅਤੇ ਵਾਹੋਦਾਹੀ ਸਾਰੀ ਖ਼ਬਰ ਲੈ ਕੇ ਨੂਰਾ ਮਾਹੀ ਵਾਪਸ ਆਇਆ ਅਤੇ ਕੰਬਦੇ ਬੋਲਾਂ ਨਾਲ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੀ ਅਸਹਿ ਅਤੇ ਅਕਹਿ ਤਸ਼ੱਦਦ ਭਰੀ ਸ਼ਹਾਦਤ ਦੀ ਖ਼ਬਰ ਦੱਸੀ।



ਸਰਹੰਦ 'ਚੋਂ ਸੁਨੇਹਾ, ਮਿਲਿਆ ਕਿ ਲਾਲ ਟੁਰ ਗਏ।
ਦੋਵੇਂ ਸ਼ਹੀਦ ਹੋ ਗਏ, ਨੇ ਨੌਨਿਹਾਲ ਟੁਰ ਗਏ।
ਸੂਬੇ ਨੇ ਕੰਧ ਅੰਦਰ ਦੋਵੇਂ ਨਪੀੜ ਸੁੱਟੇ,
ਕੋਮਲ ਸਰੀਰ ਇੱਟਾਂ ਦੇ ਵਿਚ ਪੀੜ ਦਿੱਤੇ।
ਸੁਣ ਕੇ ਇਹ ਗੱਲ ਸਾਰੀ, ਉਹ ਮੁਸਕੁਰਾ ਕੇ ਉੱਠਿਆ।
ਉਸ ਬਾਦਸ਼ਾਹ ਨੇ ਨੂਰੇ ਦੇ ਕੋਲ ਆ ਕੇ ਪੁੱਛਿਆ।
ਤੂੰ ਰੂ-ਬ-ਰੂ ਸੈਂ ਉੱਥੇ, ਕੋਈ ਗੱਲ ਨਾ ਲੁਕਾਈਂ,
ਤੇ ਸਾਫ਼ ਸਾਫ਼ ਦੱਸੀਂ, ਕੋਈ ਕਹਿਰ ਨਾ ਕਮਾਈਂ।
ਕੋਈ ਹਿੰਝ ਤੇ ਨਾ ਕੇਰੀ, ਕੋਈ ਆਹ ਤੇ ਨਾ ਕੱਢੀ,
ਲਾਲਾਂ ਨੇ ਕਿੱਧਰੇ ਉੱਚੀ, ਕੋਈ ਸਾਹ ਤੇ ਨਾ ਕੱਢੀ।
ਤੇਸੀ ਦੇ ਨਾਲ ਲੱਗੀ, ਜੱਦ ਸੱਟ ਸੀ ਕਰਾਰੀ,
ਮੇਰੇ ਫ਼ਤਹਿ ਨੇ ਉੱਚੀ ਕੋਈ ਚੀਖ ਤੇ ਨਾ ਮਾਰੀ।
ਇਹ ਕਹਿਣ ਦਾ ਵੀ ਅੰਦਾਜ਼ ਵੱਖਰਾ ਸੀ,
ਜੋ ਓਸ ਨੇ ਵਜਾਇਆ ਉਹ ਸਾਜ਼ ਵੱਖਰਾ ਸੀ।।
(ਪ੍ਰਕਾਸ਼ ਸ਼ਿਮਲਵੀ।

ਹਰ ਕੋਈ ਵੈਰਾਗ ਵਿਚ ਸੀ ਅਤੇ ਕਿਸੇ ਦਾ ਵੀ ਮਨ ਠਹਿਰ ਨਹੀਂ ਸੀ ਰਿਹਾ। ਗੁਰੂ ਸਾਹਿਬ ਨੇ ਸਭ ਨੂੰ ਧਰਵਾਸ ਦਿੱਤੀ ਅਤੇ ਮਨਾਂ ਵਿਚ ਠਹਿਰਾਉ ਪੈਦਾ ਕੀਤਾ। ਉਸ ਵੇਲੇ ਗੁਰੂ ਸਾਹਿਬ ਨੇ ਇਕ ਘਾਹ ਦਾ ਬੂਟਾ ਪੁੱਟ ਕੇ ਕਿਹਾ ਕਿ ਹੁਣ ਇਸ ਜ਼ਾਲਮ ਰਾਜ ਦੀ ਜੜ੍ਹਪੁੱਟੀ ਗਈ।

ਗੁਰ ਅਸੋਗ ਸੋਗੀ ਨ ਸਿਖ, ਸੋਗ ਮਲੇਛਨ ਲੀਨ
ਜਸ ਰਾਖਿ ਗੁਰ ਧਰਮ ਕੀ, ਧੁਜਾ ਬਾਧਿ ਸਭ ਦੀਨ।।੨੨।।
ਸਤਿਗੁਰ ਕੇ ਸਦ ਗ੍ਰਹਿ ਬਿਖੇ, ਝੰਡੇ ਝੁਲਤ ਨਿਸ਼ਾਨ
ਗਾਵਤ ਗਰਜਤ ਪ੍ਰੇਮ ਸੋਂ, ਸ੍ਰੀ ਗੁਰ ਸਬਦ ਨਿਧਾਨ।।੨੩।। (ਦੂੱਨਾ ਸਿੰਘ ਹੰਡੂਰੀਆ)।

ਇਹ ਕਿੰਨਾ ਬਿਖੜਾ ਅਤੇ ਨਾਜ਼ਕ ਸਮਾਂ ਸੀ। ਪੱਤਾ ਪੱਤਾ ਸਿੰਘਾਂ ਦਾ ਵੈਰੀ ਸੀ। ਹਕੂਮਤ ਦਾ ਜ਼ੁਲਮ ਇੰਤਹਾ 'ਤੇ ਸੀ। ਪਰ ਐਸੇ ਸਮੇਂ ਵੀ ਨਵਾਬ ਸ਼ੇਰ ਮੁਹੰਮਦ ਖਾਨ ਮਲੇਰਕੋਟੀਏ ਨੇ ਹਾਅ ਦਾ ਨਾਅਰਾ ਮਾਰਿਆ ਤੇ ਨਬੀ ਖਾਂ-ਗ਼ਨੀ ਖਾਂ ਭਰਾ ਅਤੇ ਰਾਇ ਕੱਲਾ ਜੀ ਨੇ ਜ਼ੁਲਮ ਅਤੇ ਜ਼ਬਰ ਦੀ ਰਤੀ ਭਰ ਵੀ ਪਰਵਾਹ ਨਾ ਕਰਦਿਆਂ ਗੁਰੂ ਸਾਹਿਬ ਦੀ ਉਹ ਸੇਵਾ ਕੀਤੀ ਜੋ ਕਿ ਰਹਿੰਦੀ ਦੁਨੀਆ ਤਕ ਰੋਸ਼ਨ ਮੀਨਾਰ ਰਹੇਗੀ। ਗੁਰੂ ਗੋਬਿੰਦ ਸਿੰਘ ਜੀ ਨੇ ਰਾਇ ਕੱਲਾ ਜੀ ਦੀ ਇਸ ਅਜ਼ੀਮ ਸੇਵਾ ਤੋਂ ਤਰੁੱਠ ਕੇ ਇਕ ਰੇਹਲ, ਇਕ ਕਰਾਮਾਤੀ ਗੰਗਾ ਸਾਗਰ ਅਤੇ ਭਾਈ ਸੰਤੋਖ ਸਿੰਘ ਜੀ ਦੇ ਮੁਤਾਬਕ ਚਾਰ ਸ੍ਰੀ ਸਾਹਿਬ ਉਹਨਾਂ ਨੂੰ ਬਖਸ਼ਿਸ਼ ਕੀਤੀਆਂ।

ਨਿਜ ਕਰ ਮਹਿ ਧਰਿ ਬਾਕ ਬਖਾਨਾ। ਤੁਝ ਕੋ ਬਖਸ਼ਹਿ ਚਾਰ ਕ੍ਰਿਪਾਨਾ।।
ਜਬ ਲਗਿ ਰਾਖਹੁ ਅਦਬ ਇਸ ਕੇਰਾ। ਰਹੈ ਬੰਸ ਹੋਇ ਰਾਜ ਬਡੇਰਾ।੧੮।।
ਨਹਿ ਪੂਜਹ, ਸਨਮਾਨਹੁ ਨਾਹੀ।। ਕਿਧੋਂ ਪਾਇ ਲੈ ਕੋ ਗਰ ਮਾਹੀ।।
ਦੇਸ ਰਾਜ ਤਿਸ ਦਿਨ ਤੇ ਛੀਨੇ।। ਕਛੁ ਨਹਿ ਰਹੇ, ਸਾਚ ਲਿਹੁ ਚੀਨੇ।।
(ਗੁਰਪ੍ਰਤਾਪ ਸੂਰਜ ਗ੍ਰੰਥ, ਰੁਤ ੬, ਅੰਸੂ ੫੩)।

ਸਰਹੰਦ ਬਾਰੇ ਮਸ਼ਹੂਰ ਸੀ, 'ਨੇਕੀ ਵਹੁ ਸ਼ੈ ਹੈ ਜੋ ਕਭੀ ਛੁਟ ਨਹੀਂ ਸਕਤੀ। ਸਰਹੰਦ ਤੋ ਲੁਟ ਸਕਤਾ ਹੈ ਮਗਰ ਯੇਹ ਕਭੀ ਲੁਟ ਨਹੀਂ ਸਕਤੀ'। ਪਰ ਮਾਨਵਤਾ ਦੇ ਇਤਿਹਾਸ ਦੇ ਇਸ ਕਲੰਕ ਨੇ ਸਰਹੰਦ ਦੀ ਉਸ ਸਲਤਨਤ ਨੂੰ ਨੇਸਤੋ-ਨਾਬੂਦ ਕਰ ਦਿੱਤਾ। ਸਾਹਿਬਜ਼ਾਦਿਆਂ ਦੀ ਸ਼ਹਾਦਤ ਨੇ ਕੁਰਬਾਨੀਆਂ ਦੀ ਉਹ ਜਵਾਲਾ ਪ੍ਰਚੰਡ ਕੀਤੀ ਜੋ ਰਹਿੰਦੀ ਦੁਨੀਆ ਤਕ ਪ੍ਰੇਰਨਾ ਸ੍ਰੋਤ ਰਹੇਗੀ। ਇਸ ਦੇ ਨਾਲ ਹੀ 'ਗੰਗਾ ਸਾਗਰ' ਦਰਸਾ ਰਿਹਾ ਹੈ ਕਿ ਅਹਿਸਾਨ ਅਤੇ ਗੁਰੂ ਦੀ ਸੇਵਾ ਹਮੇਸ਼ਾ ਹਮੇਸ਼ਾ ਲਈ ਕੁਲਾਂ ਨੂੰ ਤਾਰ ਦਿੰਦੀ ਹੈ। ਰਾਇ ਕੱਲਾ ਜੀ ਨੇ ਆਪਣੀ ਜੁੱਰਅਤ, ਨੇਕ ਨੀਅਤੀ ਕੁਰਬਾਨੀ ਦਾ ਉਹ ਬੀਜ ਬੀਜਿਆ ਜਿਸ ਦਾ ਦਰੱਖ਼ਤ ਹਮੇਸ਼ਾ ਲਈ ਫ਼ਲ ਦਿੰਦਾ ਰਹੇਗਾ। ਇਹ ਗੁਰੂ ਗੋਬਿੰਦ ਸਿੰਘ ਜੀ ਦੇ ਉਹਨਾਂ ਬਚਨਾਂ ਦੀ ਵਿਆਖਿਆ ਵੀ ਕਰ ਰਹੀ ਹੈ,

'ਜਾ ਤੇ ਛੂਟਿ ਗਯੋ ਭ੍ਰਮ ਉਰ ਕਾ।।
ਤਿਹ ਆਗੈ ਹਿੰਦੂ ਕਿਆ ਤੁਰਕਾ ॥੧੯।।'

## *23 ਅਪ੍ਰੈਲ ਵਿਸ਼ਵ ਪੁਸਤਕ ਦਿਵਸ ਤੇ ਵਿਸ਼ੇਸ਼*

# ...ਕਛੂਅਕ ਪੜੀਐ ਗਿਆਨ

ਇਕਵਾਕ ਸਿੰਘ ਪੱਟੀ
ਮੋ. 98150 24920

ਕਹਿੰਦੇ ਨੇ 'ਪੁਸਤਕ ਹੱਥ ਵਿੱਚ ਹੋਵੇ ਤਾਂ ਸ਼ਿੰਗਾਰ ਹੁੰਦੀ ਹੈ, ਸਿਰ ਤੇ ਚੜ੍ਹ ਜਾਵੇ ਤਾਂ ਹੰਕਾਰ ਹੁੰਦੀ ਹੈ ਪਰ ਜੇ ਦਿਲ ਵਿੱਚ ਵੱਸ ਜਾਵੇ ਤਾਂ ਪਿਆਰ ਹੁੰਦੀ ਹੈ।' ਕਿਉਂਕਿ ਕਿਤਾਬ ਜਾਂ ਪੁਸਤਕ ਸਾਡੇ ਜੀਵਨ ਵਿੱਚ ਇੱਕ ਅਹਿਮ ਮਹੱਤਤਾ ਰੱਖਦੀ ਹੈ। ਪੁਸਤਕਾਂ ਪੜ੍ਹ ਕੇ ਲੋਕਾਂ ਦੇ ਜੀਵਣ ਵਿੱਚ ਐਸੇ ਬਦਲਾਵ ਆਏ ਕਿ ਉਹਨਾਂ ਦੁਨੀਆਂ ਦੇ ਜਿਊਣ ਦੇ ਤੌਰ ਤਰੀਕੇ ਹੀ ਬਦਲ ਦਿੱਤੇ। ਪਣਡੁੱਬੀ, ਹੈਲੀਕਾਪਟਰ, ਰਾਕੇਟ, ਪ੍ਰਮਾਣੂ ਊਰਜਾ, ਬਣਾਉਣੀ ਅਤੇ ਅੱਜ ਦੇ ਸਮੇਂ ਦੀ ਸਭ ਤੋਂ ਮਕਬੂਲ ਅਤੇ ਮੁੱਢਲੀ ਲੋੜ ਬਣ ਚੁੱਕੇ ਮੋਬਾਇਲ ਫੋਨ ਸਮੇਤ ਹੋਰ ਕਈ ਮਹੱਤਵਪੂਰਨ ਉਪਰਕਰਣਾਂ ਦੀ ਖੋਜ ਪਿੱਛੇ ਵੀ ਕਿਸੇ ਨਾ ਕਿਸੇ ਰੂਪ ਵਿੱਚ ਪੁਸਤਕ/ਸਾਹਿਤ ਪੜ੍ਹਨ ਤੋਂ ਬਾਅਦ ਪੈਦਾ ਹੋਈ ਪ੍ਰੇਰਨਾ ਹੀ ਸੀ, ਜਿਸਨੇ ਇਹ ਜਿੰਦਗੀ ਦਾ ਹਿੱਸਾ ਬਣ ਚੁੱਕੇ ਉਪਕਰਨਾਂ ਨੂੰ ਹੋਂਦ ਵਿੱਚ ਲਿਆਂਦਾ।



ਜੇਕਰ ਅਸੀਂ ਕਿਤਾਬਾਂ ਨਾ ਪੜ੍ਹਨ ਦੇ ਸ਼ੌਕ ਨੂੰ ਆਪਣੀ ਜਿੰਦਗੀ ਦਾ ਇੱਕ ਵੱਡਾ ਔਗੁਣ ਮੰਨ ਲਈਏ ਤਾਂ ਇਸ ਵਿੱਚ ਕੋਈ ਦੋ ਰਾਵ੍ਹਾਂ ਨਹੀਂ ਹੋਣਗੀਆਂ, ਕਿਉਂਕਿ ਬੇਸ਼ੱਕ ਸਾਡੇ ਘਰ ਪਰਿਵਾਰ ਵਿੱਚ ਤਕਨੌਲਜੀ ਸਬੰਧੀ ਅਤੇ ਅਗਾਂਹਵਧੂ ਜ਼ਮਾਨੇ ਦੀਆਂ ਹਰ ਤਰ੍ਹਾਂ ਦੀ ਸੁੱਖ ਸਹੂਲਤਾਂ ਮੌਜੂਦ ਹੋਣ ਪਰ ਜੇਕਰ ਘਰ ਦੇ ਵਿੱਚ ਕੋਈ ਕਿਤਾਬਾਂ/ਪੁਸਤਕਾਂ ਪੜ੍ਹਨ ਦਾ ਸ਼ੌਕੀਨ ਨਹੀਂ ਹੈ ਜਾਂ ਸਾਹਿਤ ਨੇ ਕਦੇ ਸਾਡੇ ਘਰ ਦੀ ਦਿਹਲੀਜ਼ ਪਾਰ ਨਹੀਂ ਕੀਤੀ ਤਾਂ ਅਜਿਹੇ ਘਰ ਨੂੰ ਬੌਧਿਕ ਤੌਰ ਤੇ ਸੱਖਣਾ ਘਰ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਇਹ ਮੇਰੇ ਸਮਾਜ ਜਾਂ ਸਾਡੇ ਪੰਜਾਬੀ ਸਮਾਜ ਦਾ ਇੱਕ ਕੌੜਾ ਸੱਚ ਹੈ, ਜਦਕਿ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਿਸ ਤਰ੍ਹਾਂ ਪੱਛਮੀ ਸਮਾਜ ਤੋਂ ਅਸੀਂ ਆਪਣੇ ਕੱਪੜਿਆਂ ਤੋਂ ਲੈ ਕੇ ਰਹਿਣ ਸਹਿਣ ਅਤੇ ਖਾਣ ਪੀਣ ਤੱਕ ਦੀ ਨਕਲ ਕਰਦੇ ਹਾਂ, ਉਸ ਪੱਛਮੀ ਸਮਾਜ ਵਿੱਚ ਸਾਹਿਤ ਨੂੰ ਆਪਣੀ ਜਿੰਦਗੀ ਵਿੱਚ ਸੱਭ ਤੋਂ ਅਹਿਮ ਸਥਾਨ ਦਿੱਤਾ ਜਾਂਦਾ ਹੈ। ਕੋਈ ਤਿਉਹਾਰ ਹੋਵੇ ਜਾਂ ਫਿਰ ਖੁਸ਼ੀ ਦਾ ਕੋਈ ਮੌਕਾ ਉੱਥੇ ਤੋਹਫੇ ਵਜੋਂ ਕਿਤਾਬਾਂ ਦਾ ਅਦਾਨ ਪ੍ਰਦਾਨ ਕੀਤਾ ਜਾਂਦਾ ਹੈ। ਕਿਉਂਕਿ ਕਿਤਾਬਾਂ ਸਾਨੂੰ ਦੁਨੀਆ ਦੇ ਵਿਦਵਾਨਾਂ/ਬੁੱਧੀਜੀਵੀਆਂ ਦੇ ਤਜਰਬੇ ਅਤੇ ਦੇਸ਼ ਦੁਨੀਆ ਸਬੰਧੀ ਹਰ ਪੱਖ ਤੋਂ ਹਰ ਵਿਸ਼ੇ ਤੇ ਭਰਪੂਰ ਗਿਆਨ ਦਿੰਦੀਆਂ ਹਨ ਉੱਥੇ ਜਿੰਦਗੀ ਜਿਊਣ ਦਾ ਢੰਗ ਵੀ ਦੱਸਦੀਆਂ ਹਨ। ਇਹੀ ਕਾਰਣ ਹੈ ਕਿ ਅੰਗਰੇਜ਼ੀ ਦੇ ਪ੍ਰਸਿੱਧ ਵਿਦਵਾਨ ਰਾਬਰਟ ਸਾਊਥੇ ਨੇ ਕਿਹਾ ਸੀ, 'ਪੁਸਤਕਾਂ ਮੇਰੀਆਂ ਸਭ ਤੋਂ ਚੰਗੀਆਂ ਦੋਸਤ ਹਨ, ਜੋ ਹਮੇਸ਼ਾਂ ਦੁੱਖ ਵਿੱਚ ਮੈਨੂੰ ਸਹਾਰੇ ਦਾ ਅਤੇ ਦਰਦ ਵਿੱਚ ਅਰਾਮ ਦਾ ਅਹਿਸਾਸ ਕਰਾਉਂਦੀਆਂ ਹਨ।'

ਹੁਣ ਅਸੀਂ ਆਪਣੇ ਸਮਾਜ ਦੀ ਗੱਲ ਕਰੀਏ ਤਾਂ ਪੜ੍ਹਨ ਵਾਲਿਉਂ ਪਾਸੇ ਤੋਂ ਸਾਡਾ ਆਲਮ ਨਿਰਾਲਾ ਹੀ ਹੈ, ਕਿਉਂ ਜੋ ਅਸੀਂ ਆਪਣੀ ਪੜ੍ਹਨ ਵਾਲੀ ਰੁਚੀ ਨੂੰ ਪੈਦਾ ਹੀ ਨਹੀਂ ਹੋਣ ਦਿੰਦੇ। ਇੱਥੋਂ ਤੱਕ ਕੇ ਸਾਡੇ ਨੌਜਵਾਨ ਜਾਂ ਵਿਦਿਆਰਥੀ ਵੀ ਆਪਣੇ ਸਿਲੇਬਸ ਦੀਆਂ ਕਿਤਾਬਾਂ ਨੂੰ ਪੜ੍ਹਨ ਵੇਲੇ ਵੀ ਬੜੀ ਔਖ ਮਹਿਸੂਸ ਕਰਦੇ ਹਨ ਤਾਂ ਸਿਲੇਬਸ ਤੋਂ ਬਾਹਰ ਦੀਆਂ ਕਿਤਾਬਾਂ ਨੂੰ ਪੜ੍ਹਨਾ ਤਾਂ ਉਹਨਾਂ ਦੇ ਵੱਸ ਦੀ ਗੱਲ ਹੀ ਨਹੀਂ। ਸਿੱਟੇ ਵਜੋਂ ਸਾਡੇ ਪੰਜਾਬੀ ਸੱਭਿਆਚਾਰ ਵਿੱਚ ਲਾਇਬ੍ਰੇਰੀਆਂ ਦੀ ਗਿਣਤੀ ਘੱਟ ਹੁੰਦੀ ਜਾ ਰਹੀ ਹੈ। ਇੱਥੇ ਪ੍ਰਸਿੱਧ ਲੇਖਕ ਸ. ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਸਮਾਜ ਦੀ ਇਸ ਹਾਲਤ ਤੇ ਇੱਕ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਬੜੀ ਵਾਜਿਬ ਗੱਲ ਕਹੀ ਸੀ ਜੋ ਇੱਥੇ ਲਿਖਣੀ ਕੁਥਾਂਹ ਨਹੀਂ ਹੋਵੇਗੀ। ਉਹ ਲਿਖਦੇ ਹਨ, 'ਕਾਨੂੰਨ, ਥਾਣੇ, ਅਦਾਲਤਾਂ, ਜੇਲ੍ਹਾਂ ਆਦਿ ਮਨੁੱਖ ਦੀ ਜਹਾਲਤ ਅਤੇ ਮੂਰਖਤਾ ਵਿਚੋਂ ਉਪਜੀਆਂ ਸੰਸਥਾਵਾਂ ਹਨ। ਸਹੀ ਅਰਥਾਂ ਵਿਚ ਸਮਾਜ ਉਦੋਂ ਉੱਨਤੀ ਕਰੇਗਾ ਜਦੋਂ ਅਦਾਲਤਾਂ, ਥਾਣਿਆਂ ਅਤੇ ਜੇਲ੍ਹਾਂ ਨਾਲੋਂ ਸਾਡੀਆਂ ਲਾਈਬ੍ਰੇਰੀਆਂ ਵੱਡੀਆਂ ਅਤੇ ਵਧੇਰੇ ਹੋਣਗੀਆਂ।' ਹੁਣ ਲਾਇਬ੍ਰੇਰੀਆਂ ਤਾਂ ਹੀ ਵੱਡੀਆਂ ਹੋਣਗੀਆਂ ਜਦੋਂ ਪੜ੍ਹਨ ਵਾਲੇ ਵਧੇਰੇ ਹੋਣਗੇ। ਕਿਤਾਬਾਂ ਬਾਰੇ ਗੰਗਾਧਰ ਤਿਲਕ ਦੇ ਵਿਚਾਰ ਬੜੇ ਖ਼ੂਬ ਹਨ, ਉਹ ਕਹਿੰਦੇ ਹਨ, 'ਮੈਂ ਨਰਕ ਵਿੱਚ ਵੀ ਚੰਗੀਆਂ ਪੁਸਤਕਾਂ ਦਾ ਸਵਾਗਤ ਕਰਾਂਗਾ ਕਿਉਂਕਿ ਉਨ੍ਹਾਂ ਵਿੱਚ ਇਹ ਸ਼ਕਤੀ ਹੈ ਕਿ ਜਿੱਥੇ ਵੀ ਉਹ ਹੋਣਗੀਆਂ, ਉੱਥੇ ਹੀ ਸਵਰਗ ਬਣ ਜਾਏਗਾ।' ਪਰ ਸਾਡੇ ਤਾਂ ਇੱਥੇ ਘਰਾਂ ਵਿੱਚ ਅਖਬਾਰਾਂ ਵੀ ਲੋਕ ਘੱਟ ਹੀ ਪੜ੍ਹਦੇ ਹਨ। ਸ਼ਾਇਦ ਇਸੇ ਕਰਕੇ ਲੋਕਾਂ ਵਿੱਚ ਪੁਸਤਕ ਪ੍ਰੇਮ ਪੈਦਾ ਕਰਨ ਲਈ ਇੱਕ ਖ਼ਾਸ ਦਿਨ ਮਿੱਥ ਲਿਆ ਗਿਆ। ਦੁਨੀਆ ਭਰ ਵਿੱਚ ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਇਸ ਦਿਨ ਨੂੰ ਨਿਰਧਾਰਤ ਤੌਰ 'ਤੇ ਮਨਾਉਣ ਦੀ ਸ਼ੁਰੂਆਤ 23 ਅਪ੍ਰੈਲ 1995 ਤੋਂ ਯੂਨੈਸਕੋ ਵੱਲੋਂ ਕੀਤੀ ਗਈ ਸੀ ਅਤੇ ਇਸ ਨੂੰ ਵਿਸ਼ਵ ਪੁਸਤਕ ਦਿਵਸ ਜਾਂ ਪੁਸਤਕ ਪ੍ਰਕਾਸ਼ਨ ਅਧਿਕਾਰ ਦੇ ਤੌਰ 'ਤੇ ਮਨਾਇਆ ਜਾਣ ਲੱਗ ਪਿਆ। ਪਹਿਲੀ ਵਾਰ ਪੁਸਤਕ ਦਿਹਾੜਾ 23 ਅਪ੍ਰੈਲ 1923 ਨੂੰ ਸਪੇਨ ਵਿੱਚ ਮਨਾਇਆ ਗਿਆ ਸੀ, ਜਦਕਿ 1923 ਤੋਂ ਪਹਿਲਾਂ ਇਹ ਦਿਨ ਗੁਲਾਬ ਦਿਨ ਵੱਜੋਂ ਮਨਾਇਆ ਜਾਂਦਾ ਸੀ ਅਤੇ ਇਸ ਦਿਨ ਲੋਕ ਇੱਕ ਦੂਜੇ ਨੂੰ ਗੁਲਾਬ ਦਾ ਫੁੱਲ ਦਿਆ ਕਰਦੇ ਸਨ ਪਰ ਇਸੇ ਦਿਨ ਸਪੇਨ ਦੇ ਪ੍ਰਸਿੱਧ ਲੇਖਕ ਮਿਗੁਏਲ ਦੇ ਸਰਵਾਂਤੇਸ ਦੀ ਮੌਤ ਹੋ ਗਈ ਸੀ, ਜਿਸ ਕਰਕੇ ਇਹ ਦਿਨ ਸਪੇਨ ਦੇ ਲੋਕਾਂ ਵਿਚ ਸ਼ਰਧਾਂਜਲੀ ਦੇ ਰੂਪ ਵਿੱਚ ਇੱਕ ਦੂਜੇ ਨੂੰ ਪੁਸਤਕਾਂ ਦੇ ਕੇ ਮਨਾਇਆ ਗਿਆ ਜੋ ਕਿ ਵਿਸ਼ਵ ਭਰ ਵਿੱਚ ਪੁਸਤਕ ਦਿਵਸ ਮਨਾਉਣ ਦਾ ਪ੍ਰੇਰਨਾ ਸਰੋਤ ਬਣਿਆ।

ਇਤਫਾਕਵੱਸ ਵੈਸੇ 23 ਅਪ੍ਰੈਲ ਦਾ ਦਿਨ ਵਿਸ਼ਵ ਸਾਹਿਤ ਦੇ ਖੇਤਰ ਵਿੱਚ ਕਈ ਮਹਾਨ ਲੇਖਕਾਂ ਦੇ ਜਨਮ ਅਤੇ ਮੌਤ ਦੇ ਦਿਨ ਨਾਲ ਵੀ ਸਬੰਧ ਰੱਖਦਾ ਹੈ। ਵਿਲੀਅਮ ਸ਼ੈਕਸਪੀਅਰ ਦਾ ਜਨਮ ਅਤੇ ਮੌਤ (1564-1616 ਈ.) ਵੀ ਇਸੇ ਦਿਨ ਹੋਈ ਸੀ। ਮਿਗੈਲ ਦੇ ਸਰਵਾਂਤੇਸ, ਪੇਰੂ ਦੇ ਇੰਕਾ ਗਾਰਸੀਲਾਸੋ ਡੀ ਲਾ ਵੇਗਾ (23 ਅਪ੍ਰੈਲ 1616), ਜੌਸੇਪ ਪਲਾ (ਸਪੇਨ ਦਾ ਪੱਤਰਕਾਰ ਅਤੇ ਲੇਖਕ 23 ਅਪ੍ਰੈਲ 1981), ਪੀ.ਐੱਲ. ਟਰੇਵਰਸ (ਅਸਟ੍ਰੇਲੀਆ ਦੀ ਪ੍ਰਸਿੱਧ ਨਾਵਲਕਾਰ ਅਤੇ ਪੱਤਰਕਾਰ 23 ਅਪ੍ਰੈਲ਼ 1996) ਦੇ ਦਿਹਾਂਤ ਇਸ ਦਿਨ ਹੋਏ ਸਨ। ਮਾਰੀਸ ਦਰੂਓ (ਫਰਾਂਸਸੀਸੀ ਸਾਹਿਤਕਾਰ 23 ਅਪ੍ਰੈਲ 1918), ਵਲਾਦੀਮੀਰ ਨਾਬੋਕੋਵ (ਰੂਸੀ ਅਮਰੀਕੀ ਨਾਵਲਾਕਾਰ), ਮੈਨੁਇਲ ਮੇਜ਼ੀਆ ਵਲੇਜ਼ੋ (ਕੋਲੰਬੀਆਈ ਪੱਤਰਕਾਰ ਅਤੇ ਲੇਖਕ 23 ਅਪ੍ਰੈਲ 1923) ਅਤੇ ਹਾਲਦਾਰ ਲੈਕਸਨੈਸ (ਆਈਸਲੈਂਡ ਦਾ ਲੇਖਕ 23 ਅਪ੍ਰੈਲ 1902) ਜਿਹੇ ਕਈ ਹੋਰ ਮਹੱਤਵਪੂਰਨ ਲੇਖਕਾਂ ਦਾ ਜਨਮ ਇਸੇ ਦਿਨ ਹੋਇਆ ਸੀ।

ਖ਼ੈਰ! 'ਵਿਸ਼ਵ ਪੁਸਤਕ ਦਿਵਸ' ਪੜ੍ਹਨ ਅਤੇ ਪੁਸਤਕ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਹੁਣ ਜਾਣਿਆ-ਪਛਾਣਿਆ ਦਿਵਸ ਬਣ ਗਿਆ ਹੈ। ਇਹ ਦਿਨ ਇੱਕ ਸੌ ਤੋਂ ਵੱਧ ਦੇਸ਼ਾਂ ਵਿੱਚ ਮਨਾਇਆ ਜਾਂਦਾ ਹੈ। ਇਸ ਮੌਕੇ ਯੂਨੈਸਕੋ ਵੱਲੋਂ ਹਰ ਸਾਲ ਵਿਸ਼ਵ ਦੇ ਕਿਸੇ ਇੱਕ ਦੇਸ਼ ਦੇ ਸ਼ਹਿਰ ਨੂੰ 'ਯੂਨੈਸਕੋ ਵਿਸ਼ਵ ਪੁਸਤਕ ਰਾਜਧਾਨੀ' ਦਾ ਦਰਜਾ ਪ੍ਰਦਾਨ ਕੀਤਾ ਜਾਂਦਾ ਹੈ। ਉਹ ਸ਼ਹਿਰ ਉਸ ਵਿਸ਼ੇਸ਼ ਸਾਲ, ਜੋ 23 ਅਪ੍ਰੈਲ ਤੋਂ ਅਗਲੇ ਸਾਲ 22 ਅਪ੍ਰੈਲ ਤੱਕ 'ਯੂਨੈਸਕੋ ਵਿਸ਼ਵ ਪੁਸਤਕ ਰਾਜਧਾਨੀ' ਹੁੰਦਾ ਹੈ। ਭਾਰਤ ਦੀ ਰਾਜਧਾਨੀ ਦਿੱਲੀ ਸ਼ਹਿਰ ਨੂੰ ਸਾਲ 2005 ਵਿੱਚ ਵਿਸ਼ਵ ਪੁਸਤਕ ਰਾਜਧਾਨੀ ਬਣਨ ਦਾ ਮਾਣ ਪ੍ਰਾਪਤ ਹੋਇਆ ਸੀ।

ਦੋਸਤੋ! ਚੰਗੀ ਕਿਤਾਬ ਰੂਹ ਦੀ ਖ਼ੁਰਾਕ ਹੁੰਦੀ ਹੈ। ਭਾਵੇਂ ਕਿ ਅੱਜ ਕੱਲ੍ਹ ਇੰਟਰਨੈੱਟ ਦੇ ਜ਼ਮਾਨੇ ਵਿੱਚ ਹਰ ਵਿਸ਼ੇ 'ਤੇ ਜਾਣਕਾਰੀ ਪ੍ਰਾਪਤ ਕਰਨਾ ਬੜਾ ਸੌਖਾ ਹੋ ਗਿਆ ਹੈ ਪਰ ਬਾਵਜੂਦ ਇਸ ਦੇ ਪੁਸਤਕ ਪੜ੍ਹਨ ਦਾ ਇੱਕ ਆਪਣਾ ਹੀ ਸੁਆਦ ਹੈ। ਇਸ ਲਈ ਆਉ! 23 ਅਪ੍ਰੈਲ ਦੇ ਦਿਨ ਕੋਈ ਵੀ ਨਾਵਲ, ਕਹਾਣੀ, ਕਵਿਤਾ, ਨਾਟਕ ਜਾਂ ਆਪਣੀ ਪਸੰਦ ਦੇ ਕਿਸੇ ਵਿਸ਼ੇ ਦੀ ਕੋਈ ਇੱਕ ਪੁਸਤਕ ਖਰੀਦ ਕੇ ਪੜ੍ਹਨਾ ਸ਼ੁਰੂ ਕਰੀਏ, ਸ਼ਾਇਦ ਮਨ 'ਤੇ ਕੋਈ ਅਸਰ ਹੋ ਜਾਵੇ। ਗੁਰਬਾਣੀ ਅੰਦਰ ਵੀ ਦਰਜ ਹੈ : ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ॥ ਤਾਂ ਫਿਰ ਸੋਚਣਾ ਕਿਉਂ? ਆਉ! ਸ਼ੁਰੂਆਤ ਕਰੀਏ। ਪੁਸਤਕ ਪੜ੍ਹੀਏ, ਪੁਸਤਕ ਵਿਚਾਰੀਏ! ਪੁਸਤਕ ਪੜ੍ਹ ਕੇ ਜੀਵਨ ਸੰਵਾਰੀਏ!! ਆਮੀਨ



# ਪਾਠਕਾਂ ਦਾ ਨਜ਼ਰੀਆ

## ਲੋਕ ਸਭਾ ਚੋਣਾਂ, ਰਾਸ਼ਟਰਵਾਦ, ਕੌਮੀ ਸੁਰੱਖਿਆ ਤੇ ਲੋਕਾਂ ਦੇ ਮਸਲੇ

ਦੁਨੀਆ ਭਰ ਵਿਚ ਕੌਮੀ ਸੁਰੱਖਿਆ ਦੇ ਮਾਇਨੇ ਤਬਦੀਲ ਹੋ ਰਹੇ ਹਨ। ਕੇਵਲ ਫੌਜੀ ਤਾਕਤ ਹੀ ਕੌਮੀ ਸੁਰੱਖਿਆ ਨਹੀਂ ਬਲਕਿ ਸਿਆਸੀ ਸੱਤਾ ਵਿਚ ਲੋਕਾਂ ਦੀ ਵੱਧ ਤੋਂ ਵੱਧ ਹਿੱਸੇਦਾਰੀ, ਸਭ ਲਈ ਇਕੋ ਜਿਹੀ ਵਿੱਦਿਆ, ਖੁਰਾਕ ਲਈ ਆਤਮ-ਨਿਰਭਤਾ, ਜਾਗਰੂਕ ਲੋਕ, ਮਨੁੱਖੀ ਅਧਿਕਾਰਾਂ ਦਾ ਮਿਆਰ, ਸਹਿਹੋਂਦ, ਭਾਈਚਾਰਕ ਸਾਂਝ ਵੀ ਓਨੀ ਹੀ ਜ਼ਰੂਰੀ ਹੈ। ਧਨ ਅਤੇ ਬਾਹੂਬਲ ਦੇ ਵਧ ਰਹੇ ਦਖ਼ਲ ਕਾਰਨ ਆਮ ਆਦਮੀ ਦਾ ਸਿਆਸੀ ਸੱਤਾ ਵਿਚ ਦਾਖ਼ਲਾ ਤਕਰੀਬਨ ਬੰਦ ਹੋ ਚੁੱਕਾ ਹੈ। ਗਰੀਬੀ-ਅਮੀਰੀ ਦੇ ਪਾੜੇ ਵਿਚ ਭਾਰਤ ਪਹਿਲੇ ਨੰਬਰ ਉੱਤੇ ਹੈ। ਗਰੀਬਾਂ ਦੇ ਨਾਮ ਉੱਤੇ ਵੋਟ ਮੰਗਣ ਅਤੇ ਸਭ ਨੀਤੀਆਂ ਅਮੀਰ ਕਾਰਪੋਰੇਟ ਘਰਾਣਿਆਂ ਦੀ ਸੇਵਾ ਵਿਚ ਸਮਰਪਿਤ ਕਰਨ ਦਾ ਤਰੀਕਾ ਰਾਸ਼ਟਰੀ ਮਜ਼ਬੂਤੀ ਦਾ ਤਰੀਕਾ ਨਹੀਂ ਹੋ ਸਕਦਾ। ਦੇਸ਼ ਅਤੇ ਪੰਜਾਬ ਵਰਗੇ ਸਿਰਮੌਰ ਸੂਬੇ ਵਿਚੋਂ ਨੌਜਵਾਨ ਵਰਗ ਬਾਹਰ ਦੌੜ ਜਾਣਾ ਚਾਹੁੰਦਾ ਹੈ। ਭਾਰਤ ਬਿਹਤਰੀਨ ਮਨੁੱਖੀ ਦਿਮਾਗ ਅਤੇ ਪ੍ਰਤਿਭਾ ਆਪਣੇ ਕੋਲ ਰੱਖਣ ਵਿਚ ਨਾਕਾਮ ਹੋ ਰਿਹਾ ਹੈ।

ਅਜਿਹੀ ਅਸਫਲਤਾ ਦੇ ਕਾਰਨ ਹੀ ਨਰਿੰਦਰ ਮੋਦੀ ਸ਼ਾਇਦ ਇਤਿਹਾਸ ਦੁਹਰਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦਾ ਇਹ ਕਹਿਣਾ ਕਿ ਮੈਂ ਰਾਸ਼ਟਰ ਮਜ਼ਬੂਤ ਕਰਨ ਦੀ ਗੱਲ ਕਰਦਾ ਹਾਂ ਅਤੇ ਵਿਰੋਧੀ ਮੋਦੀ ਹਟਾਉਣ ਦੀ ਗੱਲ ਕਰਦੇ ਹਨ। ਕਦੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਕਿਹਾ ਸੀ: ਮੈਂ ਕਹਿੰਦੀ ਹਾਂ, ਗਰੀਬੀ ਹਟਾਓ - ਵਿਰੋਧੀ ਕਹਿੰਦੇ ਹਨ, ਇੰਦਰਾ ਹਟਾਓ। ਇਸ ਨਾਅਰੇ ਨਾਲ ਉਨ੍ਹਾਂ ਦੀ ਅਗਵਾਈ ਵਿਚ ਕਾਂਗਰਸ ਮਾਰਚ 1971 ਵਿਚ ਹੋਈਆਂ ਚੋਣਾਂ ਜਿੱਤਣ ਵਿਚ ਕਾਮਯਾਬ ਰਹੀ। ਉਸੇ ਸਾਲ ਦਸੰਬਰ ਵਿਚ ਬੰਗਲਾਦੇਸ਼ ਵਿਚ ਹੋਈ ਬਗਾਵਤ ਨੂੰ ਸਹਿਯੋਗ ਦੇ ਕੇ ਨਵਾਂ ਦੇਸ਼ ਬਣਾਉਣ ਵਿਚ ਭੂਮਿਕਾ ਨਿਭਾ ਕੇ ਮਜ਼ਬੂਤ ਆਗੂ ਵਜੋਂ ਸਥਾਪਿਤ ਹੋ ਗਈ ਪਰ ਇਹ ਜਲਵਾ ਜ਼ਿਆਦਾ ਦੇਰ ਨਹੀਂ ਚੱਲਿਆ। ਗਰੀਬੀ, ਬੇਰੁਜ਼ਗਾਰੀ ਅਤੇ ਹੋਰ ਸੰਕਟਾਂ ਨਾਲ ਜੂਝਦੇ ਗੁਜਰਾਤ, ਬਿਹਾਰ ਅਤੇ ਹੋਰ ਸੂਬਿਆਂ ਦੇ ਲੋਕਾਂ ਤੇ ਵਿਦਿਆਰਥੀ ਲਹਿਰਾਂ ਜ਼ੋਰ ਫੜਨ ਲੱਗ ਗਈਆਂ। ਇਸੇ ਦੌਰਾਨ ਪਹਿਲੀ ਵਾਰ ਨਿਰਧਾਰਤ ਹੱਦ ਤੋਂ ਵੱਧ ਪੈਸਾ ਲਗਾਉਣ ਦੇ ਦੋਸ਼ ਹੇਠ ਰਾਜ ਨਾਰਾਇਣ ਵੱਲੋਂ ਦਰਜ ਕਰਾਏ ਮਾਮਲੇ ਵਿਚ ਅਲਾਹਾਬਾਦ ਹਾਈਕੋਰਟ ਦਾ ਫੈਸਲਾ ਉਲਟਾ ਆ ਗਿਆ ਤਾਂ ਸਮੁੱਚੇ ਹਾਲਾਤ ਨੂੰ ਦੇਖਦਿਆਂ ਜੂਨ 1975 ਵਿਚ ਦੇਸ਼ ਐਮਰਜੈਂਸੀ ਦੇ ਹਵਾਲੇ ਕਰ ਦਿੱਤਾ ਗਿਆ।

ਫਿਰ 1977 ਦੀਆਂ ਚੋਣਾਂ ਵਿਚ ਜਿਸ ਤਰ੍ਹਾਂ ਲੋਕਾਂ ਦਾ ਫਤਵਾ ਆਇਆ, ਉਸ ਨੇ ਪਹਿਲੀ ਵਾਰ ਕੇਂਦਰ ਵਿਚ ਗੈਰ ਕਾਂਗਰਸੀ ਸਰਕਾਰ ਬਣਾਉਣ ਦਾ ਰਾਹ ਸਾਫ ਕਰ ਦਿੱਤਾ। ਇਹ ਅਲੱਗ ਗੱਲ ਹੈ ਕਿ ਉਸ ਵਕਤ ਦੇ ਜਨ ਸੰਘ ਅਤੇ ਸਮਾਜਵਾਦੀਆਂ ਸਮੇਤ ਬਣੀ ਸਿਆਸੀ ਖਿਚੜੀ ਬਹੁਤਾ ਦੇਰ ਤੱਕ ਕਾਇਮ ਨਹੀਂ ਰਹਿ ਸਕੀ। 1980 ਵਿਚ ਹੀ ਮੁੜ ਇੰਦਰਾ ਗਾਂਧੀ ਸੱਤਾ ਵਿਚ ਆ ਗਈ। ਉਸ ਤੋਂ ਬਾਅਦ 1984 ਦੇ ਦਰਬਾਰ ਸਾਹਿਬ ਉੱਤੇ ਹਮਲੇ ਅਤੇ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸਿੱਖ ਵਿਰੋਧੀ ਕਤਲੇਆਮ ਪਿੱਛੋਂ ਦੇਸ਼ ਭਰ ਵਿਚ ਫੈਲੀਆਂ ਬਹੁਗਿਣਤੀ ਧਾਰਮਿਕ ਭਾਵਨਾਵਾਂ ਕਰਕੇ ਕਾਂਗਰਸ ਇਤਿਹਾਸਕ ਵੋਟਾਂ ਨਾਲ ਸਰਕਾਰ ਬਣਾਉਣ ਵਿਚ ਸਫਲ ਰਹੀ ਸੀ।

ਇਸ ਵਕਤ ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਅਲੱਗ ਵਿਚਾਰਾਂ, ਪਛਾਣਾਂ ਅਤੇ ਜੀਵਨ ਜਾਚ ਵਾਲੇ ਲੋਕ ਐਮਰਜੈਂਸੀ ਵਰਗੇ ਹਾਲਾਤ ਵਿਚ ਰਹਿ ਰਹੇ ਹਨ; ਖਾਸ ਤੌਰ ਉੱਤੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾ ਕੇ ਭਾਜਪਾ ਬਹੁਗਿਣਤੀ ਭਾਵਨਾਵਾਂ ਉੱਤੇ ਸਵਾਰ ਹੋਣ ਦੀ ਰਣਨੀਤੀ ਉੱਤੇ ਚੱਲ ਰਹੀ ਹੈ। ਇਸ ਦੇ ਡਰ ਤੋਂ ਹੀ ਰਾਹੁਲ ਗਾਂਧੀ ਮੰਦਰਾਂ ਵਿਚ ਜਾ ਕੇ ਖੁਦ ਨੂੰ ਹਿੰਦੂ ਦਿਖਾਉਣ ਦੀ ਸਿਆਸਤ ਕਰ ਰਹੇ ਹਨ। ਪਾਰਟੀਆਂ ਦੇ ਅੰਦਰ ਜੀ ਹਜ਼ੂਰੀ ਵਾਲੇ ਸੱਭਿਆਚਾਰ ਦਾ ਪਸਾਰਾ ਹੋ ਰਿਹਾ ਹੈ। ਪੱਤਰਕਾਰੀ ਵਿਚ ਸੁਆਲ ਪੁੱਛੇ ਜਾਣ ਦਾ ਰੁਝਾਨ ਕਮਜ਼ੋਰ ਹੋ ਰਿਹਾ ਹੈ ਤਾਂ ਫਿਰ ਤਾਕਤਵਰ ਲੋਕਾਂ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਦਾ ਕੰਮ ਕੌਣ ਕਰੇਗਾ?

ਜਮਹੂਰੀ ਪ੍ਰਬੰਧ ਵਿਚ ਲੋਕ ਸਰਬ ਉੱਚ ਮੰਨੇ ਜਾਂਦੇ ਹਨ। ਸਰਕਾਰੀ ਤੰਤਰ ਦਾ ਹਰ ਸ਼ਖ਼ਸ ਜਾਂ ਵਿੰਗ ਲੋਕਾਂ ਪ੍ਰਤੀ ਜਵਾਬਦੇਹ ਹੋਣਾ ਚਾਹੀਦਾ ਹੈ। ਫੌਜ ਬਾਰੇ ਗੱਲ ਕਰਨ ਨੂੰ ਵੀ ਦੇਸ਼ਧ੍ਰੋਹ, ਪ੍ਰਧਾਨ ਮੰਤਰੀ ਉੱਤੇ ਸੁਆਲ ਉਠਾਉਣ ਨੂੰ ਦੇਸ਼ਧ੍ਰੋਹੀ ਦੇ ਖ਼ਿਤਾਬ ਨਾਲ ਨਵਾਜਣ ਵਰਗਾ ਮਾਹੌਲ ਤਾਂ ਤਾਨਾਸ਼ਾਹੀ ਰੁਝਾਨਾਂ ਵਿਚ ਹੀ ਸੰਭਵ ਹੈ। ਲੋਕ ਸਭਾ ਚੋਣਾਂ ਦੌਰਾਨ ਪਿਛਲੇ ਦਾ ਲੇਖਾ ਜੋਖਾ ਜ਼ਰੂਰੀ ਹੈ। ਕਾਂਗਰਸ ਦੇ ਚੋਣ ਮਨੋਰਥ ਪੱਤਰ ਵਿਚ ਖੇਤੀ ਦਾ ਅਲੱਗ ਬਜਟ, ਦੇਸ਼ ਦੇ 20 ਫੀਸਦ ਗਰੀਬਾਂ ਨੂੰ ਸਾਲ ਵਿਚ 72 ਹਜ਼ਾਰ ਰੁਪਏ ਦੇਣ ਅਤੇ ਸਰਬਵਿਆਪਕ ਬੁਨਿਆਦੀ ਆਮਦਨ, ਰੁਜ਼ਗਾਰ ਦੇਣ, ਅਫਸਪਾ ਨੂੰ ਹਟਾਉਣ, ਅੰਗਰੇਜ਼ਾਂ ਦੇ ਸਮੇਂ ਬਣੇ ਦੇਸ਼ਧ੍ਰੋਹੀ ਕਾਨੂੰਨ ਨੂੰ ਖ਼ਤਮ ਕਰਨ ਵਰਗੇ ਕਈ ਮੁੱਦੇ ਹਨ। ਇਸ ਨਾਲ ਲੋਕਾਂ ਦੇ ਸਰੋਕਾਰਾਂ ਬਾਰੇ ਚਰਚਾ ਸ਼ੁਰੂ ਹੋ ਸਕਦੀ ਹੈ ਪਰ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਵੀ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨ ਦੀ ਗੱਲ ਕੀਤੀ ਸੀ, ਘਰ ਘਰ ਰੋਜ਼ਗਾਰ ਦਾ ਵਾਅਦਾ ਕੀਤਾ ਸੀ, ਉਸ ਦਾ ਕੀ ਬਣਿਆ? ਚੋਣ ਮਨੋਰਥ ਪੱਤਰ ਕਾਨੂੰਨੀ ਦਸਤਾਵੇਜ਼ ਨਾ ਹੋਣ ਕਰਕੇ ਵਾਅਦੇ ਕਰਕੇ ਮੁਕਰਨਾ ਕੋਈ ਮੁਸ਼ਕਿਲ ਕੰਮ ਨਹੀਂ ਹੈ। ਵਿਕਾਸ ਦੇ ਮੌਜੂਦਾ ਮਾਡਲ ਨਾਲ ਵਾਤਾਵਰਨਕ ਸੰਕਟ ਅਤੇ ਗਰੀਬੀ-ਅਮੀਰੀ ਦੇ ਵਧ ਰਹੇ ਪਾੜੇ ਤੋਂ ਨਿਜਾਤ ਪਾਉਣੀ ਕਿਵੇਂ ਸੰਭਵ ਹੈ? ਇਸ ਬੁਨਿਆਦੀ ਸੁਆਲ ਨਾਲ ਸਿੱਝਣ ਤੋਂ ਹਰ ਪਾਰਟੀ ਕੰਨੀ ਕਤਰਾ ਰਹੀ ਹੈ।

-ਹਮੀਰ ਸਿੰਘ

## ਬੇਰੁਜ਼ਗਾਰੀ ਦੀ ਮਾਰ ਝੱਲ ਰਿਹਾ ਪੰਜਾਬ ਦਾ ਨੌਜਵਾਨ ਵਰਗ

ਪੰਜਾਬ ਦਾ ਨੌਜਵਾਨ ਵਰਗ ਬੁਰੀ ਤਰ੍ਹਾਂ ਨਾਲ ਬੇਰੁਜ਼ਗਾਰੀ ਦੀ ਮਾਰ ਝੱਲ ਰਿਹਾ ਹੈ ਪਰ ਪੰਜਾਬ ਸਰਕਾਰ ਨੌਕਰੀਆਂ ਬਾਹਰਲੇ ਸੂਬਿਆਂ ਦੇ ਵਸਨੀਕਾਂ ਨੂੰ ਵੰਡ ਰਹੀ ਹੈ। ਇਹ ਗੱਲ ਬਿਲਕੁਲ ਸਮਝ ਤੋਂ ਪਰੇ ਹੈ ਕਿ ਆਖਰ ਕਿਉਂ ਪੰਜਾਬ ਸਰਕਾਰ ਪੰਜਾਬ ਦੇ ਨੌਜਵਾਨ ਵਰਗ ਨਾਲ ਧੱਕਾ ਕਰ ਰਹੀ ਹੈ। ਵੋਟ ਰਾਜਨੀਤੀ ਦੇ ਤਹਿਤ ਸਰਕਾਰ ਪੰਜਾਬੀ ਨੌਜਵਾਨ ਵਰਗ ਨੂੰ ਅੱਖੋਂ ਪਰੋਖੇ ਕਰਕੇ ਬਾਹਰਲਾ ਵੋਟ ਬੈਂਕ ਵਧਾਉਣ ਵੱਲ ਜ਼ਿਆਦਾ ਧਿਆਨ ਦੇ ਰਹੀ ਹੈ, ਜਿਸ ਸਦਕਾ ਨਿਰਾਸ਼ਾ ਦੇ ਆਲਮ ਵਿਚ ਡੁੱਬਿਆ ਪੰਜਾਬੀ ਨੌਜਵਾਨ ਜਾਂ ਤਾਂ ਨਸ਼ਿਆਂ ਵਿਚ ਧਸਦਾ ਜਾ ਰਿਹਾ ਹੈ ਜਾਂ ਵਿਦੇਸ਼ਾਂ ਵੱਲ ਨੂੰ ਵਹੀਰਾਂ ਘੱਤ ਰਿਹਾ ਹੈ। ਪੰਜਾਬੀ ਨੌਜਵਾਨ ਦੀ ਇਸ ਤ੍ਰਾਸਦੀ ਲਈ ਸਿੱਧੇ ਤੌਰ 'ਤੇ ਪੰਜਾਬ ਸਰਕਾਰ ਦੀਆਂ ਗਲਤ ਨੀਤੀਆਂ ਹੀ ਜ਼ਿੰਮੇਵਾਰ ਹਨ। ਸਾਡੀ ਸਰਕਾਰ ਨੂੰ ਇਹੀ ਰਾਇ ਹੈ ਕਿ ਉਹ ਦੂਜੇ ਸੂਬਿਆਂ, ਹਰਿਆਣਾ, ਹਿਮਾਚਲ ਅਤੇ ਜੰਮੂ-ਕਸ਼ਮੀਰ ਤੋਂ ਸਬਕ ਲਵੇ ਤੇ ਆਪਣੀ ਨੌਜਵਾਨ ਪੀੜ੍ਹੀ ਨੂੰ ਖੱਜਲ-ਖੁਆਰ ਹੋਣ ਤੋਂ ਬਚਾਵੇ।

-ਸੁਖਵਿੰਦਰ ਕੌਰ ਵੱਟ

## ਪੰਜਾਬ ਵਿਚ ਕੈਂਸਰ ਦਾ ਕਹਿਰ

ਕੈਂਸਰ ਦੀ ਬਿਮਾਰੀ ਦਾ ਪੰਜਾਬ ਵਿਚ ਬੜੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਪੰਜਾਬ ਦੇ ਹਰ ਪਿੰਡ, ਸ਼ਹਿਰ, ਕਸਬੇ ਵਿਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਮਹਾਂਮਾਰੀ ਨੇ ਅਨੇਕਾਂ ਕੀਮਤੀ ਮਨੁੱਖੀ ਜਾਨਾਂ ਨੂੰ ਆਪਣੀ ਲਪੇਟ ਵਿਚ ਲਿਆ ਤੇ ਮੌਤ ਦੇ ਮੂੰਹ ਵਿਚ ਪਾ ਦਿੱਤਾ। ਡਾਕਟਰਾਂ ਤੇ ਮਾਹਿਰਾਂ ਅਨੁਸਾਰ ਇਸ ਬਿਮਾਰੀ ਦੇ ਲਗਾਤਾਰ ਵਧਣ ਦਾ ਖਦਸ਼ਾ ਹੈ। ਅੱਜ ਮਨੁੱਖ ਦੁਆਰਾ ਕੀਤੀ ਜਾਂਦੀ ਕੁਦਰਤ ਨਾਲ ਖਿਲਵਾੜ, ਪ੍ਰਦੂਸ਼ਣ ਦਾ ਵਾਧਾ ਗੰਧਲਾ ਹੋ ਰਿਹਾ ਪੌਣ-ਪਾਣੀ, ਖਾਣ ਵਾਲੀਆਂ ਵਸਤਾਂ ਵਿਚ ਕੀਤੀ ਜਾਂਦੀ ਮਿਲਾਵਟ ਇਸ ਦਾ ਮੁੱਖ ਕਾਰਨ ਹਨ। ਇਸ ਜਾਨਲੇਵਾ ਬਿਮਾਰੀ ਤੋਂ ਬਚਣ ਲਈ ਅੱਜ ਸਮੁੱਚੇ ਸਮਾਜ ਨੂੰ ਇਸ ਪ੍ਰਤੀ ਜਾਗਰੂਕ ਹੋਣਾ ਪਵੇਗਾ। ਸਰਕਾਰਾਂ ਨੂੰ ਵਾਤਾਵਰਨ ਸ਼ੁੱਧ ਕਰਨ ਲਈ ਪ੍ਰਦੂਸ਼ਣ ਵਿਰੁੱਧ ਸਖ਼ਤ ਮਾਪਦੰਡ ਬਣਾਉਣੇ ਤੇ ਲਾਗੂ ਕਰਨੇ ਚਾਹੀਦੇ ਹਨ। ਕੈਂਸਰ ਦੇ ਇਲਾਜ ਲਈ ਵੱਡੇ ਹਸਪਤਾਲ ਬਣਾਏ ਜਾਣ। ਸਰਕਾਰ ਨਾਗਰਿਕਾਂ ਨੂੰ ਪੀਣ ਲਈ ਸ਼ੁੱਧ ਪਾਣੀ ਮੁਹੱਈਆ ਕਰਵਾਏ।

-ਮੁਹੰਮਦ ਇਕਬਾਲ ਪਾਲੀ
ਪਿੰਡ ਫਲੌਂਡ ਕਲਾਂ (ਸੰਗਰੂਰ)

## ਨਸ਼ਾ ਬਨਾਮ ਪੰਜਾਬ

ਅਜੋਕੇ ਸਮੇਂ ਪੰਜਾਬ ਵਿਚ ਨਸ਼ਿਆਂ ਦੀ ਵਰਤੋਂ, ਵਿਕਰੀ, ਵਪਾਰ ਤੇ ਸਿਆਸੀ ਸਰਪ੍ਰਸਤੀ ਦੀ ਅਖ਼ਬਾਰੀ ਤੇ ਸਮਾਜਿਕ ਚਰਚਾ ਪੂਰੇ ਜ਼ੋਰਾਂ ਉਪਰ ਹੈ। ਪੰਜਾਬ ਦੀ ਵੱਡੀ ਬਦਕਿਸਮਤੀ ਇਹ ਹੈ ਕਿ ਪੰਜਾਬ ਦੀ ਮੁੱਢੋਂ ਅਗਵਾਈ ਕਰਨ ਵਾਲੀਆਂ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਅਜੋਕੇ ਆਗੂ ਆਪਣੇ ਸਿਆਸੀ ਆਕਾਵਾਂ ਤੋਂ ਡਰ ਕੇ ਆਪਣੇ ਫਰਜ਼ ਭੁੱਲਾ ਬੈਠੇ ਹਨ। ਸੋ, ਇਕ ਬੇਨਤੀ ਹੈ, ਇਕ ਅਪੀਲ ਹੈ, ਸਮੂਹ ਪੰਜਾਬੀਆਂ ਦੇ ਨਾਂਅ, 'ਛੱਡ ਦਿਓ ਪੰਜਾਬੀਓ, ਮਾਰੂ ਨਸ਼ਿਆਂ ਨੂੰ, ਮੁੜ ਆਓ, ਦੁੱਧ ਦਹੀਂ ਘੀ ਮੱਖਣ ਲੱਸੀ ਦੀ ਨਰੋਈ ਖੁਰਾਕ ਵੱਲ। ਜੇਕਰ 'ਆਪਣਾ ਪੰਜਾਬ' ਬਚਾਉਣਾ ਹੈ ਤਾਂ।'

-ਇੰਜ. ਕੁਲਦੀਪ ਸਿੰਘ ਲੁੱਧਰ

## ਮਾਪਿਆਂ ਦਾ ਸਤਿਕਾਰ

ਫੋਕੀ ਤਰੱਕੀ ਤੇ ਝੂਠੀ ਐਸ਼ੋ-ਇਸ਼ਰਤ ਵਿਚ ਮਨੁੱਖ ਆਪਣੇ ਮਾਪਿਆਂ ਦਾ ਸਤਿਕਾਰ ਕਰਨਾ ਭੁੱਲ ਬੈਠਾ ਹੈ। ਸਿੱਟੇ ਵਜੋਂ ਮਾਪੇ ਆਪਣਾ ਦਰਦ ਬਿਆਨ ਕਰਦੇ ਹਨ ਤੇ ਕਦੀ ਕੁਝ ਨਹੀਂ ਬੋਲਦੇ ਤੇ ਝੱਲ ਲੈਂਦੇ ਹਨ। ਪਰ ਇਹ ਸੋਚਣਾ ਹੋਵੇਗਾ ਕਿ ਅਜਿਹਾ ਕਿਉਂ ਹੋ ਰਿਹਾ ਹੈ। ਅੱਜ ਹਰ ਜੋੜਾ ਵਿਆਹ ਤੋਂ ਬਾਅਦ ਅਲੱਗ ਹੋਣ ਲਈ ਸੋਚਦਾ ਹੈ ਕਿ ਸਾਨੂੰ ਪੂਰੀ ਆਜ਼ਾਦੀ ਹੋਵੇ, ਕੋਈ ਕੁਝ ਨਾ ਕਹੇ, ਪਰ ਕੀ ਇਹ ਸਹੀ ਹੈ। ਅਜੋਕੀ ਪੀੜ੍ਹੀ ਨੂੰ ਚਾਹੀਦਾ ਹੈ ਕਿ ਉਹ ਉਨ੍ਹਾਂ ਮਾਪਿਆਂ ਬਾਰੇ ਸੋਚਣ ਕਿ ਉਨ੍ਹਾਂ ਨੇ ਉਨ੍ਹਾਂ ਨੂੰ ਕਿਵੇਂ ਪਾਲਿਆ, ਪੜ੍ਹਾਇਆ ਤੇ ਇਸ ਯੋਗ ਬਣਾਇਆ ਕਿ ਉਹ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ। ਪਰ ਅੱਜ ਹਰ ਤੀਜੇ ਜਾਂ ਚੌਥੇ ਘਰ ਦੀ ਅਜਿਹੀ ਹੀ ਦਾਸਤਾਨ ਹੈ। ਮਾਪੇ ਉਹ ਬੋਹੜ ਹਨ, ਜਿਨ੍ਹਾਂ ਦੀ ਛਾਵੇਂ ਬੈਠ ਅਸੀਂ ਠੰਢੀ ਛਾਂ ਦਾ ਆਨੰਦ ਮਾਣਨਾ ਹੈ। ਇਕ ਮਾਂ ਵੀਹ ਸਾਲਾਂ ਵਿਚ ਆਪਣੇ ਪੁੱਤਰ ਨੂੰ ਪਾਲਦੀ ਤੇ ਵੱਡਾ ਕਰਦੀ ਹੈ ਪਰ ਉਸ ਦੀ ਘਰ ਵਾਲੀ ਵੀਹ ਮਿੰਟਾਂ ਵਿਚ ਉਸ ਨੂੰ ਆਪਣੇ ਵੱਲ ਝੁਕਾ ਲੈਂਦੀ ਹੈ। ਸੋ, ਅੱਜ ਲੋੜ ਹੈ ਸਰਵਣ ਦੀ ਤਰ੍ਹਾਂ ਆਪਣੇ ਮਾਪਿਆਂ ਦੀ ਸੇਵਾ ਕਰਨ ਦੀ।

-ਜਸਦੀਪ ਸਿੰਘ ਖੰਨਾ

## ਅੰਧ-ਵਿਸ਼ਵਾਸ ਤੇ ਬਾਬੇ

ਸੰਤ, ਪੀਰ, ਫ਼ਕੀਰ ਤੇ ਬਾਬੇ ਭਾਰਤੀ ਦਰਸ਼ਨ ਦੇ ਸੰਕਲਪ ਰਹੇ ਹਨ। ਸੰਤਾਂ-ਮਹਾਂਪੁਰਸ਼ਾਂ ਦੀ ਸੰਗਤ ਵਿਚ ਭਾਰਤੀ ਲੋਕਾਂ ਨੂੰ ਰਾਹਤ ਮਹਿਸੂਸ ਹੁੰਦੀ ਹੈ। ਭਾਰਤ ਦੀ ਅਧਿਆਤਮਿਕਤਾ ਦੇ ਸੰਤ, ਮਹਾਂਪੁਰਸ਼ ਥੰਮ੍ਹ ਹਨ। ਸਵਾਮੀ ਵਿਵੇਕਾਨੰਦ, ਡਾ: ਰਵਿੰਦਰ ਨਾਥ ਟੈਗੋਰ ਉੱਚ ਕੋਟੀ ਦੇ ਅਧਿਆਤਮਕ ਗੁਰੂ ਸਨ। ਸਮੇਂ ਦੇ ਬਦਲਣ ਨਾਲ ਇਨ੍ਹਾਂ ਸਨਮਾਨਯੋਗ ਸ਼ਬਦਾਂ ਵਿਚ ਹੋਈ ਆਧੁਨਿਕ ਘੁਸਪੈਠ ਨੇ ਇਨ੍ਹਾਂ ਪਵਿੱਤਰ ਸ਼ਬਦਾਂ ਨੂੰ ਬੇਇੱਜ਼ਤ ਕਰ ਦਿੱਤਾ ਹੈ। ਹੁਣ ਦੇ ਪਾਖੰਡੀ ਸੰਤ, ਬਾਬੇ, ਸਾਧ ਲੋਕਾਂ ਦੇ ਅੰਧ-ਵਿਸ਼ਵਾਸ ਦਾ ਸਹਾਰਾ ਲੈ ਕੇ ਆਪਣੀ ਰੋਜ਼ੀ-ਰੋਟੀ ਚਲਾ ਰਹੇ ਹਨ ਅਤੇ ਅੱਯਾਸ਼ ਜੀਵਨ ਜੀਅ ਰਹੇ ਹਨ। ਬਾਪੂ ਆਸਾ ਰਾਮ ਦੀਆਂ ਕਰਤੂਤਾਂ ਜੱਗ ਜ਼ਾਹਰ ਹਨ। ਭਾਰਤੀ ਦਰਸ਼ਨ ਦੇ ਇਹ ਪਵਿੱਤਰ ਸ਼ਬਦਾਂ ਅੱਗੇ ਸਵਾਲੀਆ ਚਿੰਨ੍ਹ ਲੱਗ ਗਿਆ ਹੈ। ਲੋਕਾਂ ਨੂੰ ਹੁਣ ਤਾਂ ਸੰਭਲ ਜਾਣਾ ਚਾਹੀਦਾ ਹੈ। ਰਾਜਨੀਤਕ ਲੋਕ ਵੋਟ ਦੀ ਰਾਜਨੀਤੀ ਲਈ ਇਨ੍ਹਾਂ ਪਖੰਡੀ ਬਾਬਿਆਂ ਨੂੰ ਸ਼ਰਨ ਦੇ ਰਹੇ ਹਨ। ਅਨਪੜ੍ਹ ਤੇ ਅੰਧ-ਵਿਸ਼ਵਾਸੀ ਲੋਕ ਇਨ੍ਹਾਂ ਨੂੰ ਨਾਇਕ ਮੰਨਦੇ ਹਨ। ਦੇਸ਼ ਦੇ ਜਾਗਦੇ ਲੋਕਾਂ ਨੂੰ ਇਸ ਅਨਿਆਂ ਖਿਲਾਫ਼ ਸੰਘਰਸ਼ ਕਰਨਾ ਚਾਹੀਦਾ ਹੈ। ਪ੍ਰਿੰਟ ਮੀਡੀਆ ਅਤੇ ਬਿਜਲਈ ਮੀਡੀਏ ਨੂੰ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਣੀ ਚਾਹੀਦੀ ਹੈ।

-ਕੇ. ਐਸ. ਅਮਰ

## ਉਸਤਤ ਨਿੰਦਿਆ ਦੋਨੋ ਤਿਆਗੋ

ਅਲੋਚਨਾ ਵਧੀਆ ਵਿਸ਼ਾ ਹੈ, ਪਰ ਮੇਰਾ ਕਹਿਣਾ ਹੈ ਕਿ ਅਲੋਚਨਾ ਉਸਾਰੂ ਹੋਣੀ ਚਾਹੀਦੀ ਹੈ। ਜਿਵੇਂ ਗੁਰੂ ਸਾਹਿਬਾਨ ਜੀ ਦਾ ਕਹਿਣਾ ਹੈ ਕਿ ਉਸਤਤ ਨਿੰਦਿਆ ਦੋਨੋ ਤਿਆਗੋ। ਭਾਵ ਨਿੰਦਿਆਂ ਉਹ ਹੈ ਜੋ ਸੱਚ ਨੂੰ ਝੂਠ, ਸੋਨੇ ਨੂੰ ਪਿੱਤਲ ਆਖਣਾ ਜਿਹੜੀ ਕਿ ਅਣਮਨੁੱਖੀ ਹੈ। ਇਸੇ ਤਰ੍ਹਾਂ ਉਸਤਤ ਨਿੰਦਿਆਂ ਦਾ ਉਲਟਾ ਪਾਸਾ ਹੈ ਜਿਵੇਂ ਕਿਸੇ ਦੇ ਗੁਣਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨਾ, ਨਿੰਦਿਆਂ ਅਤੇ ਉਸਤਤ ਦੋਨੋਂ ਹੀ ਭੈੜੀਆਂ ਹਨ।

ਇਸੇ ਤਰ੍ਹਾਂ ਅਲੋਚਨਾ ਹੈ, ਇਸ ਵਿਚ ਵੀ ਦੋਨੋਂ ਪੱਖ ਪੇਸ਼ ਕਰਨੇ ਚਾਹੀਦੇ ਹਨ ਭਾਵੇਂ ਚੰਗਾ ਅਤੇ ਮਾੜਾ। ਇਕ ਪੱਤਰਕਾਰ ਦਾ ਕਹਿਣਾ ਹੈ ਕਿ ਅਲੋਚਨਾ ਕਰਨਾ ਮਨੁੱਖ ਦਾ ਅਧਿਕਾਰ ਹੈ ਭਾਵ ਦੂਜੇ ਨੂੰ ਜੋ ਮਰਜ਼ੀ ਕਹਿਣ ਦਾ ਅਧਿਕਾਰ ਹੈ, ਪਰ ਮੈਂ ਇਸ ਅਲੋਚਨਾ ਨਾਲ ਸਹਿਮਤ ਨਹੀਂ। ਅਲੋਚਨਾ ਉਸਾਰੂ ਹੋਣੀ ਚਾਹੀਦੀ ਹੈ, ਜਿਵੇਂ ਗੁਰੂ ਜੀ ਫ਼ੁਰਮਾਉਂਦੇ ਹਨ 'ਉਸਤਤ ਨਿੰਦਿਆ ਦੋਨੋ ਤਿਆਗੋ'।

ਮਾਸਟਰ ਨਿਰਮਲ ਲਾਲੀ
530-777-0955

## ਮਿੰਨੀ ਕਹਾਣੀ

# ਪਬ ਜੀ

ਕੇਵਲ ਸਿੰਘ ਧਰਮਪੁਰਾ
98788 01561

ਇੱਕ ਵਿਦਿਆਰਥੀ ਪ੍ਰਾਈਵੇਟ ਸਕੂਲ ਵਿੱਚੋਂ ਹਟ ਕੇ ਸਰਕਾਰੀ ਸਕੂਲ ਵਿੱਚ ਨਵੇਂ ਦਾਖਲੇ ਲਈ ਆਇਆ। ਮੈਂ ਉਸ ਤੋਂ ਉਸ ਦਾ ਨਾਮ ਤੇ ਉਸ ਦੇ ਪਿਤਾ ਦੇ ਕੰਮ ਆਦਿ ਬਾਰੇ ਜਾਣਕਾਰੀ ਲਈ। ਉਸ ਨੇ ਸਭ ਦੱਸ ਦਿੱਤਾ। ਮੈਂ ਹੋਰ ਜਾਨਣ ਲਈ ਪੁੱਛ ਲਿਆ, "ਬੇਟਾ ਤੇਰੇ ਕੋਲ ਗੇਮ ਕਿਹੜੀ ਹੈ, ਕੀ ਖੇਡਦਾ ਹੈਂ?" ਬੱਚੇ ਨੂੰ ਇਹ ਸਵਾਲ ਵਧੀਆ ਲੱਗਿਆ। ਉਸ ਨੇ ਝੱਟ ਉੱਤਰ ਦਿੱਤਾ, "ਸਰ, ਪਬ ਜੀ।"

# ਕੁੰਵਰ ਵਿਜੈ ਨੂੰ ਅਹੁਦੇ ਤੋਂ ਲੁਹਾ ਕੇ ਬਾਦਲ ਦਲ ਨੇ ਆਪਣੇ ਪੈਰਾਂ 'ਤੇ ਆਪ ਕੁਹਾੜੀ ਮਾਰੀ

ਸਿੱਖ ਵੋਟਾਂ ਨੂੰ 'ਘੜੇ ਦੀ ਮੱਛੀ' ਜਾਣਦਿਆਂ ਹੋਰ ਵੋਟਾਂ ਦੇ ਲਾਲਚ ਵਿਚ ਆ ਕੇ ਸਿਰਸਾ ਸਾਧ ਵਿਰੁੱਧ ਚਲਦੇ ਕੇਸ ਵਾਪਸ ਲਏ, ਉਹਦੇ ਪੈਰੋਕਾਰਾਂ ਕੋਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਕਰਵਾਈਆਂ, ਬੇਅਦਬੀ ਵਿਰੁੱਧ ਰੋਸ ਪ੍ਰਗਟਾਉਂਦੇ ਸਿੱਖਾਂ 'ਤੇ ਗੋਲੀ ਚਲਵਾ ਕੇ ਦੋ ਸਿੰਘ ਸ਼ਹੀਦ ਕਰਨੇ, ਸੌਦੇ ਸਾਧ ਨੂੰ ਮੁਆਫ਼ੀ ਦਿਵਾਉਣੀ, ਮੁਆਫ਼ੀ ਨੂੰ ਸਹੀ ਠਹਿਰਾਉਣ ਲਈ ਹੁਕਮਨਾਮੇ ਜਾਰੀ ਕਰਵਾਉਣੇ, ਗੁਰੂ ਕੀ ਗੋਲਕ ਲੁਟਾ ਕੇ ਮਨ ਭਾਉਂਦੀ ਇਸ਼ਤਿਹਾਰਬਾਜ਼ੀ ਕਰਾਉਣੀ, ਫਿਰ ਮੁਆਫ਼ੀ ਰੱਦ ਕਰਵਾਉਣੀ, ਬੇਅਦਬੀ ਕਾਂਡ ਦੀ ਅਸਰਦਾਰ ਢੰਗ ਨਾਲ ਜਾਂਚ ਕਰਨ ਵਾਲੇ ਜਸਟਿਸ ਰਣਜੀਤ ਸਿੰਘ ਵਿਰੁੱਧ ਉਲ-ਜਲੂਲ ਬੋਲਣਾ ਅਤੇ ਉਸ ਵਲੋਂ ਕੀਤੀ ਸਿੱਕੇ-ਬੰਦ ਜਾਂਚ ਰਿਪੋਰਟ ਨੂੰ ਪੈਰਾਂ ਹੇਠ ਰੋਲਣ ਵਰਗੀਆਂ ਘਿਨਾਉਣੀਆਂ ਚੰਮ ਦੀਆਂ ਚਲਾਉਣ ਵਾਲੇ ਬਾਦਲ ਦਲ ਦੇ ਪੈਰ, ਸਿੱਖ ਸਿਆਸਤ ਦੇ ਪਿੜ ਵਿਚੋਂ ਤਾਂ ਪਹਿਲੋਂ ਹੀ ਉਖੜ ਚੁੱਕੇ ਹਨ, ਪਰ ਹੁਣ 'ਸਿੱਟ' ਮੁਖੀ ਇਮਾਨਦਾਰ ਅਫ਼ਸਰ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਅਹੁਦੇ ਤੋਂ ਲੁਹਾ ਕੇ ਬਾਦਲ ਦਲ ਨੇ ਆਪਣੇ ਉਖੜੇ ਪੈਰਾਂ 'ਤੇ ਇਕ ਹੋਰ ਕੁਹਾੜੀ ਮਾਰ ਲਈ ਹੈ।



'ਸਿੱਟ' ਦੀ ਟੀਮ ਵਲੋਂ ਵੱਡੇ ਮਗਰਮੱਛਾਂ ਨੂੰ ਹੱਥ ਪਾਉਣ ਉਪਰੰਤ ਬੇਅਦਬੀ ਅਤੇ ਗੋਲੀ ਕਾਂਡ ਦੀ ਜਾਂਚ ਨਿਰਣਾਇਕ ਸਟੇਜ 'ਤੇ ਪਹੁੰਚ ਚੁੱਕੀ ਸੀ, ਜਿਸ ਨੂੰ ਸਾਰਾ ਸਿੱਖ ਜਗਤ ਵੱਡੀ ਤਸੱਲੀ ਨਾਲ ਦੇਖ ਰਿਹਾ ਸੀ ਪਰ ਚੋਰ ਦੀ ਦਾੜ੍ਹੀ ਵਿਚ ਤਿਣਕੇ ਵਾਲੇ ਅਖਾਣ ਨੂੰ ਸੱਚ ਸਿੱਧ ਕਰਦਿਆਂ ਬਾਦਲ ਦਲ ਵਲੋਂ ਆਪਣੇ ਕੇਂਦਰੀ ਮਾਲਕਾਂ ਕੋਲੋਂ 'ਸਿੱਟ' ਦੀ ਜਾਂਚ ਠੱਪ ਕਰਵਾ ਦਿੱਤੀ ਗਈ ਹੈ। ਬਾਦਲ ਦਲ ਦਾ ਇਹ ਨਵਾਂ ਕਾਰਾ ਦੇਖ ਕੇ ਦੇਸ਼-ਵਿਦੇਸ਼ ਦੇ ਸਿੱਖਾਂ ਅਤੇ ਪੰਜਾਬੀਆਂ 'ਚ ਗਮ ਅਤੇ ਗੁੱਸੇ ਦੀ ਲਹਿਰ ਪੈਦਾ ਹੋ ਗਈ ਹੈ। ਆਪਣੀ ਹਿੰਡ ਪੁਗਾ ਕੇ ਭਲੇ ਹੀ ਬਾਦਲ ਦਲ ਕੱਛਾਂ ਵਜਾ ਰਿਹਾ ਹੈ, ਪਰ ਉਸ ਦੀ ਇਹ ਖੁਸ਼ੀ ਛਿਣ ਭੰਗਰੀ ਸਾਬਤ ਹੋਵੇਗੀ। ਕਿਉਂਕਿ ਮੌਜੂਦਾ ਲੋਕ ਸਭਾ ਦੀ ਚੋਣ ਪ੍ਰਕਿਰਿਆ ਦੇ ਮੁੱਢਲੇ ਦੌਰ ਵਿਚ ਹੀ ਬਾਦਲਕਿਆਂ ਦਾ ਪਿੰਡਾਂ-ਸ਼ਹਿਰਾਂ ਵਿਚ ਸਖ਼ਤ ਵਿਰੋਧ ਹੋ ਰਿਹਾ ਹੈ। ਉਨ੍ਹਾਂ ਵਲੋਂ ਢੀਠ ਹੋ ਕੇ ਕੀਤੀ ਜਾ ਰਹੀ ਸੰਪਰਕ ਮੁਹਿੰਮ ਦੌਰਾਨ ਲੋਕਾਂ ਵਲੋਂ ਬੇਅਦਬੀ ਅਤੇ ਬਹਿਬਲ ਕਲਾਂ ਗੋਲੀ ਕਾਂਡ ਬਾਰੇ ਜ਼ੋਰਦਾਰ ਸਵਾਲ ਪੁੱਛੇ ਜਾ ਰਹੇ ਹਨ। ਕੁੰਵਰ ਵਿਜੈ ਪ੍ਰਤਾਪ ਸਿੰਘ ਵਾਲੇ ਮਾਮਲੇ ਨੇ ਲੋਕਾਂ ਦਾ ਰੋਹ ਹੋਰ ਵੀ ਪ੍ਰਚੰਡ ਕਰ ਦਿੱਤਾ ਹੈ।

ਲੋਕ ਸਭਾ ਚੋਣਾਂ ਦੇ ਨਿਬੇੜੇ ਉਪਰੰਤ ਜੇ ਮਈ ਦੇ ਅਖ਼ੀਰ ਵਿਚ ਕੈਪਟਨ ਸਰਕਾਰ ਨੇ ਜੁਅੱਰਤ ਦਿਖਾਉਂਦਿਆਂ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਮੁੜ 'ਸਿੱਟ' ਵਿਚ ਭੇਜ ਦਿੱਤਾ ਤਾਂ ਉਸ ਹਾਲਤ ਵਿਚ ਬਾਦਲ ਕੇ ਕਿਹੜੀ ਮਾਂ ਨੂੰ ਮਾਸੀ ਕਹਿਣਗੇ? ਸਿੱਖਾਂ ਦੇ ਨਾਲ ਨਾਲ ਹੋਰ ਲੋਕ ਵੀ ਚੋਣ ਕਮਿਸ਼ਨ ਦੇ ਉਕਤ ਫੈਸਲੇ 'ਤੇ ਨਾ ਖੁਸ਼ ਹਨ ਅਤੇ ਉਹ ਬਾਦਲ ਦਲ ਦੇ ਆਗੂਆਂ ਤੋਂ ਪੁੱਛਦੇ ਹਨ ਕਿ ਬੇਅਦਬੀ ਕਾਂਡ ਤੋਂ ਇੰਨਾ ਤ੍ਰਹਿੰਦੇ ਕਿਉਂ ਹਨ? ਕਿਉਂ ਨਹੀਂ ਉਹ ਪੜਤਾਲ ਸਿਰੇ ਚਾੜ੍ਹਨ ਦੇ ਰਹੇ?

ਤਰਲੋਚਨ ਸਿੰਘ ਦੁਪਾਲਪੁਰ
001-408-915-1268

# ਮਹਾਨ ਸ਼ਖ਼ਸੀਅਤ ਭਾਈ ਰਣਧੀਰ ਸਿੰਘ

**ਹਰਚਰਨ ਸਿੰਘ**

ਪੰਜਾਬ ਦੀ ਧਰਤੀ ਨੂੰ ਇਸ ਗੱਲ ਦਾ ਮਾਣ ਹੈ ਕਿ ਇਸ ਨੂੰ ਗੁਰੂਆਂ, ਪੀਰਾਂ, ਪੈਗੰਬਰਾਂ ਤੋਂ ਇਲਾਵਾ ਰਿਸ਼ੀਆਂ, ਮੁਨੀਆਂ ਤੇ ਸੰਤਾਂ-ਮਹਾਤਮਾ ਦੀ ਚਰਨ ਛੋਹ ਵੀ ਪ੍ਰਾਪਤ ਹੈ। ਹਰ ਮਹਾਪੁਰਸ਼ ਦੀ ਆਪਣੀ ਵਿਲੱਖਣ ਸ਼ਖਸੀਅਤ ਹੁੰਦੀ ਹੈ ਤੇ ਕੁਝ ਹੀ ਅਜਿਹੀਆਂ ਉੱਚ ਸ਼ਖਸੀਅਤਾਂ ਹੁੰਦੀਆਂ ਹਨ, ਜਿਨ੍ਹਾਂ ਦੀ ਸਮਾਜ ਵਿੱਚ ਇਕ ਖਾਸ ਪਛਾਣ ਹੁੰਦੀ ਹੈ। ਇਹ ਸ਼ਖਸੀਅਤਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਉਤਸ਼ਾਹ ਅਤੇ ਉਤੇਜਨਾ ਦਾ ਸਰੋਤ ਬਣ ਜਾਂਦੀਆਂ ਹਨ। ਸਿੱਖ ਪੰਥ ਵਿੱਚ ਅਨੇਕਾਂ ਉੱਚ ਕੋਟੀ ਦੇ



ਮਹਾਨ ਸੰਤ, ਮਹਾਂਪੁਰਖ, ਗੁਰੂ ਦੇ ਅਨਿਨ ਸੇਵਕ, ਨਾਮ ਸਿਮਰਨ ਦੇ ਧਨੀ ਤੇ ਸੰਗਤਾਂ ਨੂੰ ਗੁਰੂ ਨਾਲ ਜੋੜਨ ਵਾਲੇ ਹੋਏ ਹਨ। ਭਾਈ ਰਣਧੀਰ ਸਿੰਘ ਇਸੇ ਲੜੀ ਦੇ ਇਕ ਸੁੱਚੇ ਮੋਤੀ ਸਨ, ਜੋ ਗੁਰੂ ਦਰ ਤੋਂ ਵਰਸੋਏ ਸਨ। ਉਨ੍ਹਾਂ ਨੂੰ ਸਿੱਖ ਕੌਮ ਵਿੱਚ ਬਹੁਤ ਸਤਿਕਾਰ ਵਾਲਾ ਅਸਥਾਨ ਪ੍ਰਾਪਤ ਹੈ। ਭਾਈ ਰਣਧੀਰ ਸਿੰਘ ਦਾ ਜਨਮ 7 ਜੁਲਾਈ, 1878 ਨੂੰ ਪਿੰਡ ਨਾਰੰਗਵਾਲ, ਜ਼ਿਲ੍ਹਾ ਲੁਧਿਆਣਾ ਵਿੱਚ ਮਾਤਾ ਪੰਜਾਬ ਕੌਰ ਦੀ ਕੁਖੋਂ ਹੋਇਆ। ਇਨ੍ਹਾਂ ਦਾ ਪਹਿਲਾ ਨਾਂ ਬਸੰਤ ਸਿੰਘ ਸੀ। ਪਿਤਾ ਸ. ਨੱਥਾ ਸਿੰਘ ਪੜ੍ਹੇ-ਲਿਖੇ ਤੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਸਨ ਅਤੇ ਬਾਅਦ ਵਿੱਚ ਨਾਭਾ ਰਿਆਸਤ ਦੀ ਹਾਈ ਕੋਰਟ ਦੇ ਜੱਜ ਵੀ ਬਣੇ। ਆਪ ਜੀ ਦੀ ਮਾਤਾ, ਭਾਈ ਭਗਤੂ ਦੇ ਖਾਨਦਾਨ ਦੀ 7ਵੀਂ ਪੁਸ਼ਤ ਵਿੱਚੋਂ ਸਨ। ਭਾਈ ਭਗਤੂ ਜੀ ਪੰਜਵੇਂ ਗੁਰੂ ਤੇ ਫਿਰ ਛੇਵੇਂ ਗੁਰੂ ਦੇ ਅਨਿਨ ਸ਼ਰਧਾਲੂਆਂ ਵਿੱਚੋਂ ਸਨ। ਸੋ ਭਾਈ ਸਾਹਿਬ ਨੂੰ ਲਿਆਕਤ, ਮਨ ਦੀ ਦ੍ਰਿੜ੍ਹਤਾ, ਸ਼ਰਧਾ ਤੇ ਹਲੀਮੀ ਤਾਂ ਵਿਰਸੇ ਵਿੱਚੋਂ ਹੀ ਆਈ ਸੀ। ਇਨ੍ਹਾਂ ਦੀ ਮੁੱਢਲੀ ਸਿੱਖਿਆ ਨਾਭੇ ਦੇ ਸਕੂਲ ਵਿੱਚ ਹੋਈ ਤੇ ਫਿਰ ਦਾਖਲਾ ਲਿਆ ਸਰਕਾਰੀ ਕਾਲਜ ਲਾਹੌਰ ਵਿੱਚ। ਸ਼ੁਰੂ ਵਿੱਚ ਤਾਂ ਸਿੱਖੀ ਤੇ ਗੁਰਬਾਣੀ ਦਾ ਜ਼ਿਆਦਾ ਪ੍ਰਭਾਵ ਨਹੀਂ ਸੀ, ਪਰ ਕਾਲਜ ਦਾਖਲ ਹੋਣ ‘ਤੇ ਪਿਤਾ ਦਾ ਆਦੇਸ਼ ਕਿ ਸਵੇਰੇ ਜਪੁਜੀ ਸਾਹਿਬ ਤੇ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਜ਼ਰੂਰ ਕਰਨਾ ਹੈ, ਉਤੇ ਪੂਰਾ ਪਹਿਰਾ ਦਿੱਤਾ। ਭਾਈ ਰਣਧੀਰ ਸਿੰਘ ਨੇ ਸੰਨ 1903 ਵਿੱਚ ਖੰਡੇ ਬਾਟੇ ਦਾ ਅੰਮ੍ਰਿਤਪਾਨ ਕੀਤਾ। ਇਥੇ ਇਕ ਅਸਚਰਜ ਗੱਲ ਇਹ ਹੈ ਕਿ ਅੰਮ੍ਰਿਤ ਛਕਣ ਸਮੇਂ ਆਪ ਜੀ ਦੇ ਇਕ ਮੁਸਲਮਾਨ ਸਾਥੀ ਨੇ ਵੀ ਅੰਮ੍ਰਿਤਪਾਨ ਕੀਤਾ, ਜੋ ਮੌਲਵੀ ਕਰੀਮ ਬਖਸ਼ ਦੇ ਪਰਿਵਾਰ ਵਿੱਚੋਂ ਸੀ। ਇਹ ਗੱਲ ਇਕ ਵਿਵਾਦ ਦਾ ਕਾਰਨ ਬਣੀ, ਪਰ ਭਾਈ ਸਾਹਿਬ ਨੇ ਇਸ ਗੱਲ ਦੀ ਕੋਈ ਪ੍ਰਵਾਹ ਨਾ ਸਮਝੀ। ਇਨ੍ਹਾਂ ਦੀ ਇਹ ਪੱਕੀ ਨਿਸ਼ਠਾ ਸੀ ਕਿ ਅੰਮ੍ਰਿਤ ਛਕਣਾ ਇਕ ਨਿਰੀ ਰਸਮ ਨਹੀਂ, ਬਲਕਿ ਇਹ ਤਾਂ ਇਕ ਗੁਰੂ ਨਮਿਤ ਹੋ ਕੇ ਇਕ ਨਵਾਂ ਜੀਵਨ ਗ੍ਰਹਿਣ ਕਰਨਾ ਹੈ। ਗੁਰੂ ਮੰਤਰ ਤਾਂ ਸਿਰਫ ਗੁਰੂ ਗ੍ਰੰਥ ਸਾਹਿਬ ਵਿੱਚੋਂ ਹੀ ਲਿਆ ਜਾ ਸਕਦਾ ਹੈ। ਸੋ ਵਾਹਿਗੁਰੂ ਦਾ ਉਚਾਰਨ ਆਪ ਲਈ ਗੁਰੂ ਮੰਤਰ ਬਣ ਗਿਆ ਤੇ ਇਸ ਦੀ ਧੁਨੀ ਹੀ ਉਨ੍ਹਾਂ ਦੇ ਨਾਮ ਸਿਮਰਨ ਦਾ ਜੀਵਨ ਆਧਾਰ ਹੋ ਨਿਬੜਿਆ। ਇਹ ਖਾਹਸ਼ ਭਾਈ ਸਾਹਿਬ ਦੀ ਪਿਆਸ ਬਣ ਗਈ, ਹਰ ਪਲ ਉਨ੍ਹਾਂ ਦੀ ਜ਼ੁਬਾਨ ‘ਤੇ ਸੁੱਤੇ ਸਿੱਧ ਹੀ ਵਾਹਿਗੁਰੂ ਦਾ ਨਾਮ ਹੀ ਹੋਣ ਲੱਗਾ। ਇਸ ਦੀ ਨਿਰੰਤਰ ਇਕਾਗਰਤਾ ਨਾਲ ਰੱਟ ਨੇ ਸਰੀਰ ਤੇ ਮਨ ਨੂੰ ਸ਼ਾਂਤੀ ਦਿੰਦੇ ਰਹਿਣਾ। ਸੰਨ 1904 ਵਿੱਚ ਆਪ ਨੇ ਸਰਬ ਲੋਹ ਬਿਬੇਕ ਧਾਰਨ ਕੀਤਾ ਤੇ 1904 ਤੇ ਫਿਰ 1905 ਵਿੱਚ ਸ੍ਰੀ ਅਖੰਡ ਪਾਠ, ਇਕੋ ਚੌਕੜੇ ਵਿੱਚ ਸੁਣੇ। ਜਦੋਂ ਫਿਰ ਇਹ ਅਵਸਥਾ ਹੋ ਗਈ ਤਾਂ ਫਿਰ ਸਰਕਾਰੀ ਨੌਕਰੀ ਨੂੰ ਤਿਲਾਂਜਲੀ ਦੇ ਦਿੱਤੀ ਤੇ ਗੁਰਮਤਿ ਦੇ ਸਿਧਾਂਤ ਮੁਤਾਬਕ ਹੀ ਜੀਵਨ ਬਤੀਤ ਕਰਨਾ ਸ਼ੁਰੂ ਕੀਤਾ, ਪਰ ਪਰਿਵਾਰ ਤੇ ਸਮਾਜ ਪ੍ਰਤੀ ਆਪਣੇ ਫਰਜ਼ਾਂ ਤੋਂ ਦੂਰੀ ਨਹੀਂ ਰੱਖੀ। ਗੁਰਦੁਆਰਿਆਂ ਵਿੱਚ ਪ੍ਰਬੰਧਕੀ ਮਨਮਾਨੀਆਂ ਦਾ ਵਿਰੋਧ ਕੀਤਾ ਅਤੇ ਦੁਰਾਚਾਰੀਆਂ ਮਹੰਤਾਂ ਦੇ ਖਿਲਾਫ ਆਵਾਜ਼ ਉਠਾਈ। ਗੁਰਦੁਆਰਾ ਸੁਧਾਰ ਲਹਿਰ ਦਾ ਜੇ ਆਪ ਨੂੰ ਮੋਢੀ ਕਿਹਾ ਜਾਵੇ ਤਾਂ ਇਹ ਕੋਈ ਅਤਿਕਥਨੀ ਨਹੀਂ। ਸੰਨ 1914 ਦੀ ਗੱਲ ਹੈ ਕਿ ਦਿੱਲੀ ਵਿੱਚ ਪਾਰਲੀਮੈਂਟ ਦੀ ਬਿਲਡਿੰਗ ਬਣਾਉਣ ਵੇਲੇ ਸੜਕ ਸਿੱਧੀ ਕਰਨ ਲਈ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਕੰਧ ਢਾਹ ਦਿੱਤੀ ਗਈ। (**ਬਾਕੀ ਸਫ਼ਾ 26 ’ਤੇ**)

# ਬਾਪੂ ਬੋਹੜ ਦੇ ਸਾਏ ਹੇਠ ਉੱਗਿਆ ਸਾਹਿਤਕ ਬੋਹੜ ਹੈ ਡਾ. ਅਮਨਦੀਪ ਸਿੰਘ ਟੱਲੇਵਾਲੀਆ





**ਮਨਦੀਪ ਖੁਰਮੀ ਹਿੰਮਤਪੁਰਾ**

ਅਕਸਰ ਹੀ ਕਿਹਾ ਜਾਂਦੈ ਕਿ “ਬੋਹੜ ਹੇਠਾਂ ਬੋਹੜ ਨਹੀਂ ਉੱਗਦਾ।” ਮੇਰਾ ਮੰਨਣਾ ਹੈ ਕਿ ਜੇ ਪੱਥਰਾਂ ਦੀ ਹਿੱਕ ਪਾੜ ਕੇ ਬੀਜ ਪੁੰਗਰ ਸਕਦੇ



ਹਨ ਤਾਂ ਬੋਹੜ ਹੇਠ ਇੱਕ ਗੋਲ੍ਹ ਚੋਂ ਨਿਕਲਿਆ ਬੀਜ ਬੋਹੜ ਦਾ ਰੁਤਬਾ ਕਿਉਂ ਨਹੀਂ ਹਾਸਲ ਕਰ ਸਕਦਾ? ਅਜਿਹਾ ਹੀ ਬੋਹੜ ਮੈਂ ਖੁਦ ਤੱਕਿਆ ਹੈ ਤੇ ਉਸਦੀ ਛਾਂ ਮਾਨਣ ਦਾ ਮੁੱਦਈ ਵੀ ਹਾਂ, ਜੋ ਆਪਣੇ ਬੋਹੜ ਪਿਓ ਦੀ ਬੁੱਕਲ ਦਾ ਨਿੱਘ ਮਾਣ ਕੇ, ਉਂਗਲ ਫੜ ਕੇ, ਕਦਮ ਨਾਲ ਕਦਮ ਮਿਲਾ ਕੇ ਖੁਦ ਵੀ ਬੋਹੜ ਵਰਗੀ ਹਸਤੀ ਦਾ ਮਾਲਕ ਬਣਿਆ ਹੈ। ਉਸ ਮੋਹ-ਮੱਤੇ, ਸ਼ਹਿਦ ਵਰਗੇ ਬੋਲਾਂ ਦੇ ਮਾਲਕ ਦਾ ਨਾਂ ਹੈ ਡਾ. ਅਮਨਦੀਪ ਸਿੰਘ ਟੱਲੇਵਾਲੀਆ। ਲੇਖਕਾਂ ਦੀ ਨਗਰੀ ਵਜੋਂ ਜਾਣੇ ਜਾਂਦੇ ਸ਼ਹਿਰ ਬਰਨਾਲਾ ਦੇ ਕਚਹਿਰੀ ਚੌਕ ਲਾਗੇ ਆਪਣਾ ਡੇਰਾ ਜਮਾਈ ਬੈਠਾ ਅਮਨਦੀਪ ਸਿੰਘ ਟੱਲੇਵਾਲੀਆ ਆਪਣੇ ਘਰ ਵਿੱਚ ਹੀ ਹੋਮਿਓਪੈਥੀ ਕਲੀਨਿਕ ਚਲਾ ਰਿਹਾ ਹੈ। ਉਹਨਾਂ ਦੇ ਕਲੀਨਿਕ ਅੰਦਰ ਬਣਿਆ ਮਰੀਜ਼ਾਂ ਲਈ ਬਣਿਆ ਉਡੀਕ ਕਮਰਾ ਪਹਿਲੀ ਨਜ਼ਰੇ ਕਿਸੇ ਲਾਇਬਰੇਰੀ ਦਾ ਝਾਉਲਾ ਪਾਉਂਦਾ ਹੈ। ਚਾਰੇ ਕੰਧਾਂ ਉੱਪਰ ਨਿਵੇਕਲੇ ਢੰਗ ਨਾਲ ਸਜਾਈਆਂ ਪੁਸਤਕਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਸਾਹਿਤਕਾਰ ਪਿਓ ਡਾ. ਸੰਪੂਰਨ ਸਿੰਘ ਟੱਲੇਵਾਲੀਆ ਦੀ ਛਤਰ ਛਾਇਆ ਮਾਣ ਕੇ ਉਹਨਾਂ ਦਾ ਬੀਬਾ ਪੁੱਤ ਅਮਨਦੀਪ ਸਿਰਫ ਡਾ. ਅਮਨਦੀਪ ਸਿੰਘ ਟੱਲੇਵਾਲੀਆ ਹੀ ਨਹੀਂ ਬਣਿਆ ਸਗੋਂ ਸਾਹਿਤ ਤੇ ਕਲਾ ਨਾਲ ਵੀ ਆਪਣਾ ਪਿਆਰ ਪ੍ਰਵਾਨ ਚੜ੍ਹਾ ਰਿਹਾ ਹੈ। ਜ਼ਿਕਰਯੋਗ ਹੈ ਕਿ ਦੋਵੇਂ ਪਿਓ ਪੁੱਤ ਗਾਉਣ ਦੇ ਵੀ ਡਾਹਢੇ ਸ਼ੌਕੀਨ ਹਨ। ਜਿੱਥੇ ਕੁਝ ਸਮਾਂ ਪਹਿਲਾਂ ਦੋਵੇਂ ਬੋਹੜਾਂ ਨੇ ਆਪਣੀ ਆਵਾਜ਼ ਚ “ਨਿਮਾਣਿਆਂ ਦੇ ਮਾਣ” ਕਵੀਸ਼ਰੀ ਰਾਹੀਂ ਆਪਣੇ ਅੰਦਰਲੇ ਕਲਾਕਾਰ ਦੇ ਦੀਦਾਰੇ ਬਾਖੂਬੀ ਕਰਵਾਏ ਸਨ, ਉੱਥੇ ਡਾ. ਅਮਨਦੀਪ ਸਿੰਘ ਨੇ “ਸ਼ਹੀਦ ਊਧਮ ਸਿੰਘ” ਅਤੇ “ਪੈਸੇ ਦੇ ਪੁੱਤ” ਗੀਤ ਵੀ ਸੰਗੀਤ ਜਗਤ ਦੀ ਝੋਲੀ ਪਾਏ ਹਨ। ਜ਼ਿਲ੍ਹਾ ਬਰਨਾਲਾ ਦੇ ਪਿੰਡ ਟੱਲੇਵਾਲ ਚ ਪਿਤਾ ਸੰਪੂਰਨ ਸਿੰਘ ਤੇ ਮਾਤਾ ਜੁਗਰਾਜ ਕੌਰ ਦੇ ਘਰ ਜਨਮੇ ਅਮਨਦੀਪ ਸਿੰਘ ਨੇ ਮੁੱਢਲੀ ਪੜ੍ਹਾਈ ਪਿੰਡ ਦੇ ਸਰਕਾਰੀ ਸਕੂਲ ਚੋਂ ਹਾਸਲ ਕਰਕੇ ਆਪਣੇ ਪਿਤਾ ਜੀ ਵਾਂਗ ਡਾਕਟਰ ਬਣਨ ਲਈ ਹੋਮਿਓਪੈਥਿਕ ਬੀ ਐੱਚ ਐੱਮ ਐੱਸ ਦੀ ਡਿਗਰੀ ਅਬੋਹਰ ਕਾਲਜ ਤੋਂ ਲਈ। ਗੁਰੂ ਨਾਨਕ ਦੇਵ ਹੋਮਿਓਪੈਥਿਕ ਕਾਲਜ ਲੁਧਿਆਣਾ ਤੋਂ ਐੱਮ ਡੀ ਦੀ ਡਿਗਰੀ ਹਾਸਲ ਕਰਕੇ ਆਪਣੇ ਨਾਮ ਨਾਲ ਡਾਕਟਰ ਵਿਸ਼ੇਸ਼ਣ ਲਗਾਉਣ ਦਾ ਮਾਣ ਹਾਸਲ ਕੀਤਾ। ਡਾ. ਅਮਨਦੀਪ ਸਿੰਘ ਟੱਲੇਵਾਲੀਆ ਵਰ੍ਹਿਆਂ ਬੱਧੀ ਕਿਤਾਬਾਂ ਨਾਲ ਜੂਝ ਕੇ ਸਿਰਫ ਡਾਕਟਰ ਬਣ ਕੇ, ਸਿਰਫ ਤੇ ਸਿਰਫ ਕਮਾਈ ਕਰਨ ਦੀ ਹੀ ਸੋਚ ਤੋਂ ਲੱਖਾਂ ਕੋਹਾਂ ਦੂਰ ਰਹਿਣ ਵਾਲੀ ਰੂਹ ਹੈ। ਆਪਣੀਆਂ ਸਰੀਰਕ ਸਮੱਸਿਆਵਾਂ ਦੀ ਦਵਾਈ ਲੈਣ ਆਏ ਮਰੀਜ਼ ਨੂੰ ਮਿੱਠੇ ਤੇ ਹਮਦਰਦੀ ਭਰੇ ਬੋਲਾਂ ਨਾਲ ਮਾਨਸਿਕ ਤੌਰ ਤੇ ਭਲਵਾਨ ਬਣਾ ਕੇ ਤੋਰਨਾ ਉਸ ਦੀ ਯੋਗਤਾ ਹੈ। ਜ਼ਿੰਦਗੀ ਦੀਆਂ ਬਾਤਾਂ ਪਾਉਂਦਾ ਇਹ ਰੰਗ ਰੰਗੀਲਾ ਸੱਜਣ ਜਿੱਥੇ ਮਲਵਈ ਗਿੱਧੇ, ਭੰਗੜੇ ਦਾ ਦਿਲੋਂ ਮੁਰੀਦ ਹੈ ਉੱਥੇ ਪੰਜਾਬੀ ਪਾਠਕਾਂ ਦੀ ਝੋਲੀ ਹੌਸਲਿਆਂ ਦੇ ਟੀਕੇ ਲਾਉਣ ਵਰਗੀ ਲੇਖਾਂ ਦੀ ਕਿਤਾਬ “ਆਓ ਜਿਉਣਾ ਸਿੱਖੀਏ” ਵੀ ਪਾ ਚੁੱਕਾ ਹੈ। ਵੱਖ ਵੱਖ ਅਖ਼ਬਾਰਾਂ ਰਾਂਹੀਂ ਆਪਣੀ ਕਲਮ ਦਾ ਚਾਨਣ ਬਿਖੇਰਦਾ ਰਹਿਣ ਵਾਲਾ ਡਾ. ਅਮਨਦੀਪ ਸਿੰਘ ਤੇ ਪਿਤਾ ਡਾ: ਸੰਪੂਰਨ ਸਿੰਘ ਮਾਲਵਾ ਸਾਹਿਤ ਸਭਾ ਬਰਨਾਲਾ ਦੀ ਰੀੜ੍ਹ ਦੀ ਹੱਡੀ ਬਣ ਕੇ ਸਾਹਿਤਕ ਖੇਤਰ ਵਿੱਚ ਬਹੁਮੁੱਲਾ ਯੋਗਦਾਨ ਪਾਉਂਦੇ ਆ ਰਹੇ ਹਨ। ਜਿਸ ਤਰ੍ਹਾਂ ਅਮਨਦੀਪ ਸਿੰਘ ਨੇ ਸਪੂਤ ਬਣ ਕੇ ਆਪਣੇ ਪਿਤਾ ਦੇ ਸਦਗੁਣਾਂ ਨੂੰ ਚਾਰ ਚੰਨ ਲਾਏ ਹਨ ਤਾਂ ਕਿਹੜਾ ਬੋਹੜ ਪਿਓ ਨਹੀਂ ਚਾਹੇਗਾ ਕਿ ਉਸ ਦਾ ਪੁੱਤ ਵੀ ਉਸ ਵਾਂਗ ਬੋਹੜ ਨਾ ਬਣੇ?

# ਗੱਤਕੇ ਨੂੰ ਦਿਵਾਈ ਜਾਵੇਗੀ ਕੌਮਾਂਤਰੀ ਮਾਨਤਾ : ਬਲਜੀਤ ਸਿੰਘ ਸੈਣੀ

## *ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ ਵੱਲੋਂ 6ਵਾਂ ਵਿਰਸਾ ਸੰਭਾਲ ਵਿਸਾਖੀ ਗੱਤਕਾ ਟੂਰਨਾਮੈਂਟ*

**ਸ੍ਰੀ ਆਨੰਦਪੁਰ ਸਾਹਿਬ/ਏਟੀ ਨਿਊਜ਼ :**

ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ (ਇਸਮਾ) ਅਤੇ ਗੱਤਕਾ ਐਸੋਸੀਏਸ਼ਨ ਪੰਜਾਬ ਵੱਲੋਂ ਆਰੰਭੀ ਵਿਰਸਾ ਸੰਭਾਲ ਗੱਤਕਾ ਲੜੀ ਤਹਿਤ ਵਿਸਾਖੀ ਦੇ ਪਵਿੱਤਰ ਦਿਹਾੜੇ ਮੌਕੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਜ਼ਿਲਾ ਰੂਪਨਗਰ ਗੱਤਕਾ ਐਸੋਸੀਏਸ਼ਨ ਦੇ ਸਹਿਯੋਗ ਨਾਲ 6ਵਾਂ ਵਿਰਸਾ ਸੰਭਾਲ ਅਤੇ ਵਿਸਾਖੀ ਗੱਤਕਾ ਕੱਪ ਕਰਵਾਇਆ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਇਸਮਾ ਦੇ ਵਿੱਤ ਸਕੱਤਰ ਬਲਜੀਤ ਸਿੰਘ ਸੈਣੀ ਦੱਸਿਆ ਕਿ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਦੇ ਪ੍ਰਧਾਨ ਅਤੇ ਇਸਮਾ ਦੇ ਚੇਅਰਮੈਨ ਹਰਜੀਤ ਸਿੰਘ ਗਰੇਵਾਲ ਦੀ ਅਗਵਾਈ ਹੇਠ ਕਰਵਾਏ ਗਏ ਇਸ ਵਿਰਾਸਤੀ ਟੂਰਨਾਮੈਂਟ ਵਿੱਚ ਪ੍ਰਮੁੱਖ ਗੱਤਕਾ ਟੀਮਾਂ ਨੇ ਸ਼ਮਸ਼ੀਰਾਂ, ਢਾਲਾਂ, ਤੇਗੇ ਤੇ ਖੜਕਦੇ ਖੰਡਿਆਂ ਦੀਆਂ ਆਵਾਜ਼ਾਂ ਦਰਮਿਆਨ ਆਪਣੇ ਜੰਗਜੂ ਕਰਤੱਬ ਦਿਖਾ ਕੇ ਦਰਸ਼ਕਾਂ ਨੂੰ ਦੰਦ ਜੋੜਨ ਲਈ ਮਜਬੂਰ ਕਰ ਦਿੱਤਾ। ਵਿਰਾਸਤੀ ਸਿੱਖ ਜੰਗਜੂ ਕਲਾ ਦੇ ਵੱਖ-ਵੱਖ ਸ਼ਸ਼ਤਰਾਂ ਦੀ ਬਾਖੂਬੀ ਪ੍ਰਦਰਸ਼ਨ ਦੌਰਾਨ ਗੱਤਕੇਬਾਜ਼ਾਂ ਵੱਲੋਂ ਇਸ ਮੌਕੇ ਪੇਸ਼ ਕੀਤੇ ਯੁੱਧ ਦੇ ਸੀਨ ਨੂੰ ਦੇਖ ਕੇ ਦਰਸ਼ਕ ਦੰਗ ਰਹਿ ਗਏ।

ਇਸ ਮੌਕੇ ਬੋਲਦਿਆਂ ਸਕੱਤਰ ਬਲਜੀਤ ਸਿੰਘ ਸੈਣੀ ਅਤੇ ਜ਼ਿਲ੍ਹਾ ਗੱਤਕਾ ਐਸੋਸੀਏਸ਼ਨ ਰੂਪਨਗਰ ਦੇ ਪ੍ਰਧਾਨ ਅਮਰਜੀਤ ਸਿੰਘ ਨੇ ਕਿਹਾ ਕਿ ਦੇਸ਼ ਦੀ ਮਾਣਮੱਤੀ ਖੇਡ ਗੱਤਕਾ ਨੂੰ ਕੌਮਾਂਤਰੀ ਪੱਧਰ ‘ਤੇ ਪ੍ਰਫੁੱਲਤ ਕਰ ਰਹੀ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ ਅਤੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੀ ਅਗਵਾਈ ਹੇਠ ਗੱਤਕੇ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ ‘ਤੇ ਹੋਰਨਾਂ ਖੇਡਾਂ ਵਾਂਗ ਪ੍ਰਸਿੱਧੀ ਦਿਵਾਈ ਜਾਵੇਗੀ ਤਾਂ ਜੋ ਗੱਤਕਾ ਖਿਡਾਰੀ ਵੀ ਦੂਜੇ ਖਿਡਾਰੀਆਂ ਵਾਂਗ ਆਪਣਾ ਬਣਦਾ ਹੱਕ ਅਤੇ ਮਾਣ-ਸਨਮਾਨ ਹਾਸਲ ਕਰ ਸਕਣ। ਉਨ੍ਹਾਂ ਉਪਰੋਕਤ ਗੱਤਕਾ ਖੇਡ ਸੰਸਥਾਵਾਂ ਵੱਲੋਂ ਗੱਤਕੇ ਨੂੰ ਅਮੀਰ ਵਿਰਸੇ



ਪੱਖੋਂ ਅਤੇ ਖੇਡ ਦੇ ਤੌਰ ‘ਤੇ ਵਿਕਸਤ ਕਰਨ ਸਬੰਧੀ ਕੀਤੇ ਜਾ ਰਹੇ ਉਪਰਾਲਿਆਂ ਦਾ ਜ਼ਿਕਰ ਕਰਦਿਆਂ ਇਸ ਵਿਰਾਸਤੀ ਖੇਡ ਨੂੰ ਘਰ-ਘਰ ਦੀ ਖੇਡ ਬਣਾਉਣ ਲਈ ਸਮੂਹ ਸਮਾਜ ਸੇਵੀ ਤੇ ਧਾਰਮਿਕ ਸੰਸਥਾਵਾਂ ਸਮੇਤ ਸਿੰਘ ਸਭਾਵਾਂ ਤੋਂ ਪੂਰਨ ਸਹਿਯੋਗ ਦੀ ਮੰਗ ਕੀਤੀ ਤਾਂ ਜੋ ਇਸ ਖੇਡ ਦੀ ਮਕਬੂਲੀਅਤ ਵਿੱਚ ਹੋਰ ਵਾਧਾ ਕੀਤਾ ਜਾ ਸਕੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਇਸਮਾ ਦੇ ਵਾਈਸ ਚੇਅਰਮੈਨ ਅਵਤਾਰ ਸਿੰਘ ਪਟਿਆਲ਼ਾ, ਇਸਮਾ ਦੇ ਜਾਇੰਟ ਸਕੱਤਰ ਗੁਰਮੀਤ ਸਿੰਘ ਰਾਜਪੁਰਾ, ਇਮਸਾ ਦੇ ਜਿਲਾ ਕੋਆਰਡੀਨੇਟਰ ਹੁਸ਼ਿਆਰਪੁਰ ਸਚਨਾਮ ਸਿੰਘ, ਜਨਰਲ ਸਕੱਤਰ ਗੁਰਵਿੰਦਰ ਸਿੰਘ ਕਾਕੂ ਅਤੇ ਗੁਰਦੀਪ ਸਿੰਘ ਭਿਓਰਾ ਵੀ ਹਾਜ਼ਰ ਸਨ।

# ਪੰਜਾਬੀ ਗਾਇਕ ਜਸਬੀਰ ਜੱਸੀ ਗੁਰਦਾਸਪੁਰੀਏ ਦਾ ਸਿਆਟਲ ਪਹੁੰਚਣ ‘ਤੇ ਨਿੱਘਾ ਸਵਾਗਤ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :**

ਪੰਜਾਬੀਆਂ ਦੇ ਹਰਮਨ-ਪਿਆਰੇ ਗਾਇਕ ਜਸਬੀਰ ਜੱਸੀ ਗੁਰਦਾਸਪੁਰੀਏ ਦਾ ਨਿੱਜੀ ਦੌਰ ’ਤੇ ਸਿਆਟਲ ਹਵਾਈ



ਅੱਡੇ ਪਹੁੰਚਣ ‘ਤੇ ਪੰਜਾਬੀ ਭਾਈਚਾਰੇ ਦੇ ਪਤਵੰਤਿਆਂ ਨੇ ਫੁੱਲਾਂ ਦੇ ਗੁਲਦਸਤੇ ਨਾਲ ਨਿੱਘਾ ਸਵਾਗਤ ਕੀਤਾ। ਗੌਰਤਲਬ ਹੈ ਕਿ ਜਸਬੀਰ ਜੱਸੀ ਨੇ ਪੁਰਾਣੇ ਤੇ ਨਵੇਂ ਬਹੁਤ ਸਾਰੇ ਮਕਬੂਲ ਗੀਤ ਗਾ ਕੇ ਸਰੋਤਿਆਂ ਦੇ ਮਨਾਂ ‘ਤੇ ਰਾਜ ਕੀਤਾ ਹੈ, ਜਿਨ੍ਹਾਂ ਵਿਚੋਂ ‘ਦਿਲ ਲੈ ਗਈ ਕੁੜੀ ਗੁਜਰਾਤ ਦੀ’, ਕੇਸਰੀ ਫਿਲਮ ਵਿਚ ‘ਏਕਮਕਾਰ’ ਗੀਤਾਂ ਨੇ ਕਾਫੀ ਨਾਮਣਾ ਖੱਟਿਆ। ਜਸਬੀਰ ਜੱਸੀ ਬਹੁਤ ਮਿਹਨਤੀ, ਮਿਲਾਪੜੇ ਅਤੇ ਸਾਊ ਸੁਭਾਅ ਦੇ ਇਨਸਾਨ ਹਨ ਜਿਨ੍ਹਾਂ ਨੇ ਗਾਇਕੀ ਵਿਚ ਆਪਣਾ ਨਾਮ ਚਮਕਾਇਆ ਹੈ।

# ਵਿਸਾਖੀ ਕਬੱਡੀ ਕੱਪ ਚ ਅੰਤਰਰਾਸ਼ਟਰੀ ਪਾਵਰਲਿ.ਫਟਰ ਅਜੇ ਗੋਗਨਾ ਦਾ ਵਿਸ਼ੇਸ਼ ਸਨਮਾਨ

**ਕਪੂਰਥਲਾ/ਏਟੀ ਨਿਊਜ਼ :** ਵਿਸਾਖੀ ਦੇ ਸ਼ੁਭ ਮੌਕੇ ‘ਤੇ ਭੁਲੱਥ ਦੀ ਨੈਸ਼ਨਲ ਸਪੋਰਟਸ ਕਲੱਬ ਵੱਲੋਂ 51ਵਾਂ ਕਬੱਡੀ ਕੱਪ ਨੈਸ਼ਨਲ ਸਟੇਡੀਅਮ ਨੇੜੇ ਗੁਰਦੁਆਰਾ ਸੰਤਸਰ ਸਾਹਿਬ ਬਾਈਪਾਸ ਭੁਲੱਥ ਵਿਖੇ ਕਰਵਾਇਆ ਗਿਆ। ਇਹ ਕਬੱਡੀ ਮਹਾਕੁੰਭ ਖੇਡ ਮੇਲਾ ਕਲੱਬ ਦੇ ਪਹਿਲੇ ਪ੍ਰਧਾਨ ਸਵ. ਅਵਤਾਰ ਸਿੰਘ ਬੱਲ ਨੂੰ ਸਮਰਪਿਤ ਸੀ, ਜਿਸ ਵਿੱਚ ਕਬੱਡੀ ਦੀਆਂ ਨਾਮਵਰ ਟੀਮਾਂ ਨੇ ਭਾਗ ਲਿਆ। ਕਲੱਬ ਵੱਲੋਂ ਜੇਤੂ ਟੀਮਾਂ ਨੂੰ ਪਹਿਲਾ ਨਗਦ ਇਨਾਮ ਇਕ ਲੱਖ ਰੂਪਏ ਅਤੇ ਦੂਸਰਾ ਇਨਾਮ 71,000 ਹਜ਼ਾਰ ਰੁਪਏ ਦਿੱਤਾ ਗਿਆ। ਇਸ ਮੌਕੇ ਮਾਰਚ ਮਹੀਨੇ ‘ਚ ਆਸਟ੍ਰੇਲੀਆ ਦੇ ਗੋਲ਼ਡ ਕੋਸਟ ਸ਼ਹਿਰ ਵਿਖੇ ਹੋਈ ਏਸ਼ੀਅਨ ਪਾਵਰਲਿਫਟਿਗ ਦੇ ਮੁਕਾਬਲਿਆਂ ਵਿਚ ਭੁਲੱਥ ਦਾ ਮਾਣ ਵਧਾਉਣ ਵਾਲੇ ਗੋਲ਼ਡ ਮੈਡਲ ਜੇਤੂ ਪਾਵਰਲਿਫਟਰ ਅਜੇ ਗੋਗਨਾ ਦਾ ਯਾਦਗਾਰੀ ਟਰਾਫੀ ਅਤੇ ਦੋ ਲੱਖ ਰੁਪਏ ਦੀ ਨਗਦ ਰਾਸ਼ੀ ਨਾਲ ਸਨਮਾਨ ਕੀਤਾ ਗਿਆ। ਕਾਂਗਰਸ ਪਾਰਟੀ ਦੇ ਹਲਕਾ ਭੁਲੱਥ ਤੋਂ ਇੰਚਾਰਜ ਰਣਜੀਤ ਸਿੰਘ ਰਾਣਾ, ਸਪੋਰਟਸ ਕਲੱਬ ਦੇ ਪ੍ਰਧਾਨ ਸਰਵਣ ਸਿੰਘ ਬੱਲ, ਨੰਬਰਦਾਰ ਰਣਜੀਤ ਸਿੰਘ ਰਿੰਪੀ, ਨੈਸ਼ਨਲ ਕਬੱਡੀ ਖਿਡਾਰੀ ਕਾਲਾ ਬਾਗੜੀਆਂ ਅਤੇ ਇਲਾਕੇ ਦੀਆਂ ਹੋਰ ਪਮੁੱਖ ਸ਼ਖ਼ਸੀਅਤਾਂ ਨੇ ਅਜੇ ਗੋਗਨਾ ਦੀਆਂ ਪ੍ਰਾਪਤੀਆਂ ਉਤੇ ਮਾਣ ਕਰਨ ਦੀ ਗੱਲ ਆਖੀ।



# ਭਾਰਤ ਅੜਿੱਕੇ ਵੀ ਡਾਹਵੇ ਤਦ ਵੀ ਪਾਕਿਸਤਾਨ ਕਰਤਾਰਪੁਰ ਸਾਹਿਬ ਦਾ ਲਾਂਘਾ ਜ਼ਰੂਰ ਬਣਾਵੇਗਾ : ਮੁਹੰਮਦ ਸਰਵਰ

*ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ 'ਚ ਸ਼ਾਮਿਲ ਹੋਣ ਵਾਲੀਆਂ ਸੰਗਤਾਂ ਦਾ ਪਲਕਾਂ ਵਿਛਾ ਕੇ ਸਵਾਗਤ ਕਰਾਂਗੇ*

**ਫਰੀਮੌਂਟ/ਐਸ.ਅਸ਼ੋਕ ਭੌਰਾ, ਬਲਵਿੰਦਰਪਾਲ ਸਿੰਘ ਖ਼ਾਲਸਾ :** ਪਾਕਿਸਤਾਨ ਸਰਕਾਰ ਸਿੱਖ ਕੌਮ ਦੀ 72 ਸਾਲਾਂ ਤੋਂ ਚੱਲੀ ਆ ਰਹੀ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਮੰਗ ਨੂੰ ਪੂਰਾ ਕਰਕੇ ਇਤਿਹਾਸ ਸਿਰਜਣ ਜਾ ਰਹੀ ਹੈ। ਇਮਰਾਨ ਖਾਨ ਦੀ ਸਰਕਾਰ ਪਾਕਿਸਤਾਨ ਦੇ ਹੋਰ ਰੁਝੇਵਿਆਂ 'ਚੋਂ ਸਭ ਤੋਂ ਵੱਧ ਸਮਾਂ ਏਸ ਵੇਲੇ ਭਾਰਤ ਅਤੇ ਪਾਕਿਸਤਾਨ ਦਰਮਿਆਨ ਇਸ ਸ਼ਾਂਤੀ ਦੇ ਲਾਂਘੇ ਨੂੰ ਮੁਕੰਮਲ ਕਰਨ ਲਈ ਦੇ ਰਹੀ ਹੈ। ਪੰਜਾ ਸਾਹਿਬ, ਨਨਕਾਣਾ ਸਾਹਿਬ, ਕਰਤਾਰਪੁਰ ਸਾਹਿਬ 'ਚ ਦੁਨੀਆਂ ਭਰ ਤੋਂ ਪਹੁੰਚਣ ਵਾਲੀਆਂ ਸੰਗਤਾਂ ਨੂੰ ਪਹਿਲੀ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਪਾਕਿਸਤਾਨ ਦੇ ਲੋਕ ਪਲਕਾਂ ਵਿਛਾ ਕੇ ਉਡੀਕ ਕਰ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਇੱਥੇ ਪੈਰਾਡਾਈਜ਼ ਬਾਲਰੂਮ ਵਿਖੇ ਕਰਦਿਆਂ ਪਾਕਿਸਤਾਨ ਵਿਚਲੇ ਪੰਜਾਬ ਦੇ ਗਵਰਨਰ ਮੁਹੰਮਦ ਸਰਵਰ ਨੇ ਕਿਹਾ ਕਿ ਨਾ ਕਿਸੇ ਨੂੰ ਵੀਜ਼ੇ ਦੀ ਸਮੱਸਿਆ ਆਉਣ ਦਿੱਤੀ ਜਾਵੇਗੀ ਅਤੇ ਨਾ ਹੀ ਇਤਿਹਾਸਕ ਘੜੀਆਂ ਤੋਂ ਵਿਰਵਾ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਸਰਕਾਰ ਇਸ ਲਾਂਘੇ ਲਈ ਕਿੰਨੇ ਵੀ ਅੜਿੱਕੇ ਕਿਉਂ ਨਾ ਡਾਹਵੇ, ਪਾਕਿਸਤਾਨ ਸਰਕਾਰ ਆਪਣੇ ਇਸ ਮਿਸ਼ਨ ਨੂੰ ਪੂਰਾ ਕਰਕੇ ਹੀ ਰਹੇਗੀ। ਇਹ ਨਾ ਸਿਰਫ ਇਕ ਲਾਂਘਾ ਹੈ ਇਹ ਸਗੋਂ ਇਕ ਸ਼ਾਂਤੀ ਮਿਸ਼ਨ ਹੈ ਤੇ ਪਾਕਿ ਇਸੇ ਕਰਕੇ ਭਾਰਤ ਨਾਲ ਯੁੱਧ ਨਹੀਂ ਸ਼ਾਂਤੀ ਚਾਹੁੰਦਾ ਹੈ। ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਡਾ. ਪ੍ਰਿਤਪਾਲ ਸਿੰਘ ਹੁਰਾਂ ਦੇ ਸੱਦੇ 'ਤੇ ਦੋ ਦਿਨਾਂ ਲਈ ਕੈਲੀਫੋਰਨੀਆਂ ਪੁੱਜੇ ਲਹਿੰਦੇ ਪੰਜਾਬ ਦੇ ਗਵਰਨਰ ਮੁਹੰਮਦ ਸਰਵਰ ਦਾ ਪੂਰੇ ਉਤਸ਼ਾਹ ਸਵਾਗਤ ਕੀਤਾ ਗਿਆ ਤੇ ਸਿੱਖ ਕੌਮ ਦੇ ਇਸ ਸੁਪਨੇ ਨੂੰ ਪੂਰਾ ਕਰਨ ਲਈ ਉਨ੍ਹਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ 'ਤੇ ਡਾ. ਪ੍ਰਿਤਪਾਲ ਸਿੰਘ ਨੇ ਮੁਹੰਮਦ ਸਰਵਰ ਨੂੰ ਜੀ ਆਇਆਂ ਆਖਿਆ ਅਤੇ ਉਨ੍ਹਾਂ ਵਲੋਂ ਲਹਿੰਦੇ ਪੰਜਾਬ ਵਿਚ ਆਮ ਲੋਕਾਂ ਲਈ ਪੀਣ ਵਾਲੇ ਪਾਣੀ ਦੀ ਸਹੂਲਤ ਲਈ ਚਲਾਈ ਜਾ ਰਹੀ ਮੁਹਿੰਮ ਵਿਚ ਅਮਰੀਕਨ ਸਿੱਖਾਂ ਵਲੋਂ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਾਅਦਾ ਵੀ ਕੀਤਾ। ਡਾ. ਅਮਰਜੀਤ ਸਿੰਘ ਨੇ ਆਪਣੀ ਤਕਰੀਰ ਵਿਚ ਕਿਹਾ ਕਿ ਪਾਕਿਸਤਾਨ ਸਰਕਾਰ ਇਸ ਗੱਲ ਦਾ ਖਿਆਲ ਰੱਖੇ ਕਿ ਕੋਈ ਸ਼ਰਾਰਤੀ ਅਨਸਰ ਇਨ੍ਹਾਂ ਪਵਿੱਤਰ ਸਮਾਗਮਾਂ ਵਿਚ ਦਾਖਲ ਹੋ ਕੇ ਸਮੱਸਿਆ ਨਾ ਖੜ੍ਹੀ ਕਰ ਸਕੇ। ਅੰਮ੍ਰਿਤ ਸਿੰਘ, ਫਾਰੂਕ ਅਰਸ਼ਦ, ਦਵਿੰਦਰ ਸਿੰਘ, ਜਸਦੇਵ ਸਿੰਘ ਨੇ ਵੀ ਇਸ ਮੌਕੇ 'ਤੇ ਆਪਣੇ ਵਿਚਾਰਾਂ 'ਚ ਕਰਤਾਰਪੁਰ ਪੀਸ ਕੋਰੀਡੋਰ ਲਈ ਪਾਕਿਸਤਾਨ ਸਰਕਾਰ ਵਲੋਂ ਕੀਤੇ ਜਾ ਰਹੇ ਸਰਗਰਮ ਯਤਨਾਂ ਦੀ ਸ਼ਲਾਘਾ ਕੀਤੀ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਅਹਿਮ ਸਖਸ਼ੀਅਤਾਂ ਵਲੋਂ ਇਸ ਮੌਕੇ 'ਤੇ ਮੁਹੰਮਦ ਸਰਵਰ ਤੇ ਉਹਨਾਂ ਦੀ ਬੇਗਮ ਸਾਹਿਬਾ ਨੂੰ ਯਾਦ ਚਿੰਨ੍ਹ ਦੇ ਕੇ ਮਾਣ ਸਨਮਾਨ ਵੀ ਦਿੱਤਾ ਗਿਆ। ਗੁਲਵਿੰਦਰ ਸਿੰਘ ਗਾਖਲ, ਜਸਜੀਤ ਸਿੰਘ, ਸੁਰਿੰਦਰ ਸਿੰਘ ਨਿੱਝਰ, ਪ੍ਰੋ. ਲਾਲੀ ਧਨੋਆ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਜੌਹਨ ਸਿੰਘ ਗਿੱਲ, ਮੱਖਣ ਸਿੰਘ ਬੈਂਸ, ਬਿੱਟੂ ਨਿੱਝਰ, ਜਸਵਿੰਦਰ ਜੰਡੀ, ਕਸ਼ਮੀਰ ਸਿੰਘ ਸ਼ਾਹੀ, ਤਜਿੰਦਰ ਧਾਮੀ ਤੇ ਹੋਰ ਅਨੇਕਾਂ ਸ਼ਖ਼ਸੀਅਤਾਂ ਇਸ ਮੌਕੇ 'ਤੇ ਹਾਜ਼ਰ ਸਨ।



# ਮਹਾਨ ਸ਼ਖ਼ਸੀਅਤ ਭਾਈ ਰਣਧੀਰ ਸਿੰਘ

ਸਫ਼ਾ 25 ਦੀ ਬਾਕੀ

ਭਾਈ ਰਣਧੀਰ ਸਾਹਿਬ ਭਾਈ ਕਰਤਾਰ ਸਿੰਘ ਸਰਾਭਾ ਨਾਲ ਰਲ ਕੇ ਆਪਣੇ ਸਾਥੀਆਂ ਸਮੇਤ ਇਹ ਸਕੀਮ ਬਣਾਈ ਕਿ ਫਿਰੋਜ਼ਪੁਰ ਛਾਉਣੀ ਵਿੱਚ ਫੌਜੀਆਂ ਵੱਲੋਂ ਅੰਗਰੇਜ਼ਾਂ ਖਿਲਾਫ ਬਗ਼ਾਵਤ ਦਾ ਬਾਨ੍ਹਣੂੰ ਬੰਨ੍ਹਿਆ ਜਾਵੇ। ਇਕ ਮੁਖ਼ਬਰ ਨੇ ਫਿਰੋਜ਼ਪੁਰ ਵਿੱਚ ਫੌਜੀਆਂ ਦੇ ਸੰਭਾਵਿਤ ਵਿਦਰੋਹ ਦੀ ਖ਼ਬਰ ਅੰਗਰੇਜ਼ਾਂ ਕੋਲ ਪਹੁੰਚਾ ਦਿੱਤੀ ਤੇ ਫਿਰ ਨਾਲ ਹੀ ਫੜੋ-ਫੜੀ ਸ਼ੁਰੂ ਹੋ ਗਈ। ਭਾਈ ਸਾਹਿਬ ਨੂੰ ਨਾਭੇ ਤੋਂ ਗ੍ਰਿਫਤਾਰ ਕਰ ਲਿਆ ਤੇ ਮੁਕੱਦਮੇ ਤੋਂ ਬਾਅਦ 15 ਸਾਲ ਦੀ ਨਜ਼ਰਬੰਦੀ ਦਾ ਹੁਕਮ ਹੋ ਗਿਆ। ਭਾਈ ਸਾਹਿਬ ਦੀ 38 ਸਾਲ ਦੀ ਉਮਰ ਸੀ ਤੇ ਦੋ ਲੜਕੀਆਂ ਤੇ ਇਕ ਬੇਟਾ ਸੀ। ਜਾਇਦਾਦ ਦੀ ਕੁਰਕੀ ਦੇ ਹੁਕਮ ਹੋਏ। ਆਪ ਜੀ ਦੀ 10 ਸਾਲ ਦੀ ਵੱਡੀ ਬੇਟੀ ਗ੍ਰਿਫਤਾਰੀ ਤੋਂ ਇਕ ਮਹੀਨੇ ਬਾਅਦ ਗੁਜ਼ਰ ਗਈ ਅਤੇ 6 ਸਾਲ ਦਾ ਲੜਕਾ ਬਲਬੀਰ ਸਿੰਘ ਤੇ ਕੇਵਲ 2 ਸਾਲ ਦੀ ਬੱਚੀ ਦਲੇਰ ਕੌਰ ਪਿਤਾ ਦੇ ਪਿਆਰ ਤੋਂ ਵਾਂਝੇ ਹੋ ਗਏ। ਮੁਲਤਾਨ ਦੀ ਸਖ਼ਤ ਜੇਲ੍ਹ ਤੇ ਅਤਿ ਦੀ ਗਰਮੀ ਨੇ ਸਰੀਰਕ ਤੇ ਮਾਨਸਿਕ ਤਕਲੀਫਾਂ ਵਧਾ ਦਿੱਤੀਆਂ।ਭਾਈ ਸਾਹਿਬ ਨੇ ਜੇਲ੍ਹ ਦਾ ਬਣਿਆ ਖਾਣਾ ਲੈਣ ਤੋਂ ਇਨਕਾਰ ਕੀਤਾ ਤੇ ਕਈ ਦਿਨ ਬਿਨਾ ਅੰਨ-ਜਲ ਦੇ ਬਿਤਾਏ ਅਤੇ ਗੁਰੂ ਅਰਾਧਨਾ ਹੀ ਕਰਦੇ ਰਹੇ। ਆਖ਼ਰ ਆਪ ਨੂੰ ਆਗਿਆ ਦਿੱਤੀ ਗਈ ਕਿ ਆਪਣਾ ਖਾਣਾ ਆਪ ਤਿਆਰ ਕਰਕੇ ਲੈ ਲਿਆ ਜਾਵੇ। ਖਾਲਸਾ ਪੰਥ ਵਿੱਚ ਜਦੋਂ ਭਾਈ ਸਾਹਿਬ 'ਤੇ ਜ਼ੁਲਮ ਤੇ ਵਧੀਕੀਆਂ ਦੀ ਗੱਲ ਪਹੁੰਚੀ ਤਾਂ 2 ਫਰਵਰੀ, 1923 ਨੂੰ ਮਤਾ ਪਾਸ ਕਰਕੇ ਭਾਈ ਸਾਹਿਬ ਲਈ ਅਰਦਾਸ ਦਿਵਸ ਮਨਾਇਆ ਗਿਆ ਤੇ ਕੌਮ ਨੂੰ ਆਦੇਸ਼ ਦਿੱਤਾ ਗਿਆ ਕਿ ਹਰ 15 ਸਾਲ ਤੋਂ ਵੱਧ ਉਮਰ ਵਾਲਾ ਸਿੱਖ ਸਵੇਰ ਤੋਂ ਲੈ ਕੇ ਰਹਿਰਾਸ ਸਾਹਿਬ ਦੇ ਪਾਠ ਤਕ ਅੰਨ-ਜਲ ਗ੍ਰਹਿਣ ਨਾ ਕਰੇ। ਕੌਮ ਨੇ ਭਾਈ ਸਾਹਿਬ ਦੀ ਨਿਸ਼ਠਾ ਤੇ ਕੁਰਬਾਨੀ ਨੂੰ ਸਲਾਹਿਆ।ਹਰਚਰਨ ਸਿੰਘ ਮੁਲਤਾਨ ਜੇਲ੍ਹ ਵਿੱਚ ਜਿੱਥੇ ਭਾਈ ਰਣਧੀਰ ਸਿੰਘ ਨੂੰ ਬਤੌਰ ਕੈਦੀ ਰੱਖਿਆ ਸੀ, ਉਥੇ ਹੀ ਸਨ। ਸ. ਭਗਤ ਸਿੰਘ, ਜਿਸ ਨੂੰ ਫਾਂਸੀ ਦੀ ਸਜ਼ਾ ਸੀ, ਨੇ ਭਾਈ ਸਾਹਿਬ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ। ਭਾਈ ਸਾਹਿਬ ਨੇ ਭਗਤ ਸਿੰਘ ਨੂੰ ਦੁਬਾਰਾ ਸਿੱਖੀ ਜਾਮੇ ਵਿੱਚ ਆਉਣ ਲਈ ਸਮਝਾਇਆ। ਭਾਈ ਸਾਹਿਬ ਦੀ ਰਿਹਾਈ ਸੰਨ 1930 ਵਿੱਚ ਹੋਈ ਤਾਂ ਅਕਾਲ ਤਖ਼ਤ ਸਾਹਿਬ ਤੋਂ ਆਪ ਨੂੰ ਧਰਮ ਵਿੱਚ ਪ੍ਰਪੱਕਤਾ ਤੇ ਕੁਰਬਾਨੀ ਕਰਕੇ ਮਾਣ ਬਖ਼ਸ਼ਿਆ ਗਿਆ। ਹਿਮਾਚਲ ਵਿੱਚ ਕੁਮਾਰ ਹੱਟੀ 'ਤੇ ਇਕ ਛੋਟੀ ਜਿਹੀ ਕੁਟੀਆ ਵਿੱਚ ਤਪ ਸਾਧਨਾ ਕੀਤੀ ਤੇ ਫਿਰ ਅਖੰਡ ਕੀਰਤਨੀ ਜਥੇ ਦੀ ਸਥਾਪਨਾ ਕੀਤੀ। ਉਨ੍ਹਾਂ ਦੇ ਚਿਹਰੇ 'ਤੇ ਤੇਜ ਤੇ ਲਾਲੀ, ਚੌੜਾ ਮੱਥਾ, ਅੱਖਾਂ ਵਿੱਚ ਨੂਰ, ਦਸਤਾਰ ਵਿੱਚ ਖੰਡਾ ਤੇ ਚੱਕਰ ਯਾਦ ਕਰਾਉਂਦੇ ਸਨ ਕਿ ਗੁਰੂ ਗੋਬਿੰਦ ਸਿੰਘ ਦੀ ਸਿੱਖ ਫੌਜ ਦੇ ਮਰਜੀਵੜੇ ਸਿਪਾਹੀ ਕਿਹੋ ਜਿਹੇ ਹੁੰਦੇ ਹੋਣਗੇ। ਭਾਈ ਸਾਹਿਬ ਗੁਰੂ ਪੰਥ ਦੀਆਂ ਪਰੰਪਰਾਵਾਂ ਦੇ ਪੱਕੇ ਧਾਰਨੀ ਸਨ।ਭਾਈ ਸਾਹਿਬ ਨੇ 6 ਪੁਸਤਕਾਂ-'ਜੇਲ੍ਹ ਚਿੱਠੀਆਂ', ਰੰਗਲੇ ਸੱਜਣ', 'ਗੁਰਮਤ ਬਿਬੇਕ ਕੀ ਹੈ', 'ਸਿੱਖਾਂ ਦਾ ਪੰਥ ਨਿਰਾਲਾ', 'ਗੁਰੂ ਨਾਮ ਅਭਿਆਸ' ਅਤੇ 'ਨਾਮ ਦੀ ਲੋੜ' ਲਿਖੀਆਂ। ਇਨ੍ਹਾਂ ਪੁਸਤਕਾਂ ਵਿੱਚ ਜ਼ਿੰਦਗੀ ਦਾ ਉਹ ਭਾਗ ਹੈ ਜਿਸ ਦਾ ਸਬੰਧ ਸਿਰਫ ਪ੍ਰਮਾਰਥ ਨਾਲ ਹੈ।

ਭਾਈ ਰਣਧੀਰ ਸਿੰਘ, ਸੰਸਾਰੀ ਮਨੁੱਖ ਹੁੰਦੇ ਹੋਏ ਵੀ ਇਕ ਪੂਰਨ ਪੁਰਖ ਵਜੋਂ ਵਿਚਰੇ, ਜਿਨ੍ਹਾਂ ਨੇ ਇਸ ਸੰਸਾਰਕ ਜੀਵਨ ਵਿੱਚ ਨਿਰਮਲ ਰਹਿ ਕੇ ਜ਼ਿੰਦਗੀ ਬਤੀਤ ਕੀਤੀ। ਆਪ ਗਹਿਰ, ਗੰਭੀਰ, ਦੀਨ ਦੁਨੀਆ ਦੇ ਗੁਣਾਂ ਦੇ ਪਾਲਕ, ਗੁਰੂ 'ਤੇ ਮੁਕੰਮਲ ਭਰੋਸਾ ਰੱਖਣ ਵਾਲੇ ਅਦੁੱਤੀ ਇਨਸਾਨ ਹੋਏ ਹਨ। ਤਕਰੀਬਨ 83 ਸਾਲ ਦੀ ਉਮਰ ਭੋਗ ਕੇ ਭਾਈ ਸਾਹਿਬ 16 ਅਪਰੈਲ 1961 ਵਿੱਚ ਗੁਰੂ ਗੋਦ ਵਿੱਚ ਜਾ ਬਿਰਾਜੇ। ਭਾਈ ਰਣਧੀਰ ਸਿੰਘ ਇਕ ਮਹਾਨ ਤਪੱਸਵੀ, ਧਰਮ ਦੀ ਪ੍ਰਪੱਕਤਾ ਤੇ ਸਿਧਾਂਤਾਂ 'ਤੇ ਪਹਿਰਾ ਦੇਣ ਵਾਲੇ ਸੁਤੰਤਰਤਾ ਸੰਗਰਾਮੀ ਮਹਾਂਪੁਰਸ਼ ਸਨ।

## ਸਿਆਟਲ 'ਚ ਵਿਸਾਖੀ ਸੱਭਿਆਚਾਰਕ ਪ੍ਰੋਗਰਾਮ 'ਚ ਜਸਬੀਰ ਜੱਸੀ ਨੇ ਰੰਗ ਬੰਨ੍ਹਿਆ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਸਿਆਟਲ ਦੇ ਪੰਜਾਬੀ ਭਾਈਚਾਰੇ ਲਈ ਡਾ. ਪ੍ਰਭਜੋਤ ਸਿੰਘ ਗਿੱਲ ਦੀ ਅਗਵਾਈ ਹੇਠ ਹੋਏ ਸੱਭਿਆਚਾਰਕ ਪ੍ਰੋਗਰਾਮ ਵਿਚ 200 ਤੋਂ ਵੱਧ ਪਰਿਵਾਰਕ ਮੈਂਬਰਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਜਸਬੀਰ ਸਿੰਘ ਜੱਸੀ ਦੇ ਨਵੇਂ ਤੇ ਪੁਰਾਣੇ ਮਕਬੂਲ ਗੀਤਾਂ ਨਾਲ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। ਮਹਿੰਦਰ ਸਿੰਘ ਸਿੱਧੂ ਤੇ ਬੀਬੀ ਹਰਜੀਤ ਕੌਰ ਦੇ ਸਪੁੱਤਰ ਡਾ. ਪ੍ਰਭਜੋਤ ਸਿੰਘ ਸਿੱਧੂ ਤੇ ਬੀਬੀ ਡਾ. ਅਮਨਦੀਪ ਕੌਰ ਸਿੱਧੂ ਨੇ ਸੱਭਿਆਚਾਰਕ ਪ੍ਰੋਗਰਾਮ 'ਤੇ ਸਿਆਟਲ ਦੀਆਂ ਨਾਮਵਰ ਸ਼ਖ਼ਸੀਅਤਾਂ ਨੂੰ ਸੱਦਿਆ ਸੀ। ਨਵੇਂ ਬਣੇ ਗੋਲਡਨ ਬੈਂਕੁਟ ਹਾਲ ਵਿਚ ਸ਼ਾਨਦਾਰ ਇੰਤਜਾਮ ਕਰਕੇ ਪ੍ਰੋਗਰਾਮ ਕਰਵਾਇਆ ਗਿਆ ਜਿਸ ਦਾ ਲੋਕਾਂ ਨੇ ਖੂਬ ਆਨੰਦ ਮਾਣਿਆ। ਵੈਟਕਾਮ ਕਾਊਂਟੀ ਦੇ ਕੌਂਸਿਲ ਮੈਂਬਰ ਸਤਪਾਲ ਸਿੱਧੂ, ਰਛਪਾਲ ਸਿੰਘ ਸੰਧੂ ਬੈਲਗਹਿਮ, ਹਰਬੀਰ ਗੋਰਾਇਆ, ਜਸਮਿੰਦਰ ਛੀਨਾ, ਮਨਮੋਹਣ ਸਿੰਘ ਧਾਲੀਵਾਲ, ਡਾ. ਬਲਜਿੰਦਰ ਬੁੱਟਰ, ਡਾ. ਪਰਮਿੰਦਰ ਸਿੰਘ, ਡਾ. ਗੌਰਵ ਸ਼ਰਮਾ, ਰੁਪਿੰਦਰ ਢੀਂਡਸਾ, ਰਣਦੀਪ ਮਲਹੋਤਰਾ ਸਮੇਤ ਕਈ ਅਹਿਮ ਸ਼ਖ਼ਸੀਅਤਾਂ ਨੇ ਇਥੇ ਪਹੁੰਚ ਕੇ ਸੱਭਿਆਚਾਰਕ ਪ੍ਰੋਗਰਾਮ ਦਾ ਆਨੰਦ ਮਾਣਿਆ ਤੇ ਪ੍ਰਬੰਧਕਾਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਜਸਬੀਰ ਗੁਣਾਚੌਰੀਆ, ਗੁਰਚਰਨ ਧਾਲੀਵਾਲ ਸਰੀ ਤੇ ਸੰਜੇ ਨੇ ਵੀ ਸੱਭਿਆਚਾਰ ਗੀਤ ਗਾ ਕੇ ਆਪਣੀ ਹਾਜ਼ਰੀ ਲਗਵਾਈ।



# ਜਲ੍ਹਿਆਂਵਾਲੇ ਬਾਗ ਦਾ ਸਾਕਾ

**ਡਾ. ਗੁਰਮੇਲ ਸਿੱਧੂ**

**ਭਾਗ ਦੂਜਾ**

ਜਲ੍ਹਿਆਂਵਾਲਾ ਬਾਗ ਦੇ ਕਤਲਾਮ ਬਾਰੇ ਸਾਹਿਤ-ਸਾਹਿਤ ਤਵਾਰੀਖ ਦਾ ਪ੍ਰਤੀਬਿੰਬ ਹੁੰਦਾ ਹੈ। ਇਸ ਵਿੱਚੋਂ ਗੁਜ਼ਰ ਚੁਕੀਆਂ ਘਟਨਾਵਾਂ, ਵਾਕਿਆਤ ਅਤੇ ਹਾਦਸਿਆਂ ਦੀ ਤਸਵੀਰ ਦੇਖ ਜਾ ਸਕਦੀ ਹੈ। ਜਲ੍ਹਿਆਂਵਾਲਾ ਬਾਗ ਦੇ ਕਲਮ ਬਾਰੇ ਕਵੀਆਂ ਨੇ ਕਵਿਤਾਵਾਂ ਲਿਖੀਆਂ ਜੋ ਕਈ ਕਈ ਪੁਸਤਕਾਂ ਦੇ ਰੂਪ ਵਿਚ ਮਿਲਦੀਆਂ ਹਨ, ਜਿਨ੍ਹਾਂ ਵਿਚ ਹਰਨਾਮ ਸਿੰਘ 'ਮਸਤ ਪੰਛੀ', ਦੀ "ਜ਼ੁਲਮ ਦੇ ਬਾਣ"; ਗਿਆਨੀ ਮਾਨ ਸਿੰਘ ਦੀ "ਤਾਜ਼ੇ ਜ਼ਖ਼ਮ:ਗੁਰੂ ਕੇ ਬਾਗ ਦਾ ਨਜ਼ਾਰਾ" ਅਤੇ ਭਾਈ ਵਿਧਾਤਾ ਸਿੰਘ ਤੀਰ ਦੀ "ਤੀਰ ਤ੍ਰੰਗ" ਸ਼ਾਮਿਲ ਹਨ। ਤਿੰਨੋ ਪੁਸਤਕਾਂ ਦੇ ਸਰਵਰਕ ਹੇਠ ਦਿੱਤੇ ਗਏ ਹਨ (ਚਿਤਰ-3)। ਪੰਜਾਬੀ ਦੇ ਨਾਮਵਰ ਨਾਵਲਕਾਰ, ਨਾਨਕ ਸਿੰਘ, ਦੀ ਲੰਬੀ ਬਿਰਤਾਂਤਿਕ ਕਵਿਤਾ ਜਲ੍ਹਿਆਂਵਾਲਾ ਬਾਗ ਦੇ ਹਾਦਸੇ ਦੀ ਦਰਦਨਾਲ ਘਟਨਾ ਦੀ ਮੂੰਹ ਬੋਲਦੀ ਤਸਵੀਰ ਹੈ। ਪੰਜਾਬੀ ਦਾ ਪ੍ਰਸਿੱਧ ਕਵੀ ਫਿਰੋਜ਼ ਦੀਨ ਸ਼ਰਫ, ਜਿਸ ਨੂੰ ਪੰਜਾਬ ਦੀ ਬੁਲਬੁਲ ਕਿਹਾ ਜਾਂਦਾ ਸੀ, ਦੀ ਪੁਸਤਕ "ਦੁੱਖਾਂ ਦੇ ਕੀਰਨੇ" 'ਚੋਂ ਇਕ ਸ਼ੇਅਰ ਹਾਜ਼ਰ ਹੈ:

ਨਾਦਰ ਸ਼ਾਹ ਵੀ ਹਿੰਦ ਨੂੰ ਭੁੱਲ ਗਿਆ ਏ, ਚੱਲੇ ਇੰਗਲਸ਼ੀ ਐਸੇ ਫ਼ਰਮਾਨ ਏਥੇ।<br>
ਕਰਾਂ ਕੇਹੜੇ ਅੱਖਰਾਂ ਵਿਚ ਜ਼ਾਹਿਰ, ਜੋ ਜੋ ਜ਼ੁਲਮ ਦੇ ਹੋਏ ਸਮਾਨ ਏਥੇ।

ਜਲ੍ਹਿਆਂਵਾਲਾ ਬਾਗ ਨਾਲ ਸਬੰਧਤ ਪੁਸਤਕਾਂ 'ਤੇ ਕਵਿਤਾਵਾਂ ਦਾ ਜਨਤਾ 'ਤੇ ਐਨਾ ਪ੍ਰਭਾਵ ਪਿਆ ਕਿ ਸਰਕਾਰ ਨੂੰ ਇਨ੍ਹਾਂ 'ਤੇ ਪਾਬੰਦੀ ਲਾਉਣੀ ਪਈ। ਡਾ. ਗੁਰਦੇਵ ਸਿੰਘ ਸਿੱਧੂ ਅਨੁਸਾਰ, ਲੋਕਾਂ ਵਿਚ ਸਰਕਾਰ ਵਿਰੋਧੀ ਨਵੀਂ ਕਿਸਮ ਦੀ ਸੋਚ ਪੈਦਾ ਹੋ ਗਈ। ਪੰਜਾਬੀ ਕਵਿਤਾ ਲਈ ਜਲ੍ਹਿਆਂਵਾਲਾ ਬਾਗ ਦਾ ਹਾਦਸਾ ਇਕ ਅਲੰਕਾਰ ਬਣ ਗਿਆ ਜੋ ਬ੍ਰਿਟਿਸ਼ ਸਰਕਾਰ ਵਿਰੁੱਧ ਜੱਦੋਜਹਿਦ ਲਈ ਪ੍ਰੇਰਨਾ ਸਰੋਤ ਸਿੱਧ ਹੋਇਆ। ਕਤਲਾਮ ਦੀ ਯਾਦ ਨੂੰ ਦਾਜ਼ਾ ਰੱਖਣ ਲਈ, ਜਲ੍ਹਿਆਂਵਾਲਾ ਬਾਗ ਵਿਚ ਹਰ ਸਾਲ 13 ਅਪ੍ਰੈਲ ਨੂੰ ਕਵੀ ਦਰਬਾਰ ਹੋਣ ਲੱਗ ਪਿਆ। ਪੜ੍ਹੀਆਂ ਜਾਣ ਵਾਲੀਆਂ ਕਵਿਤਾਵਾਂ ਨੂੰ ਬਾਅਦ ਵਿਚ ਛੋਟੇ ਛੋਟੇ ਪੈਂਫਲਿਟਾਂ ਵਿਚ ਛਾਪ ਕੇ ਵੰਡਿਆਂ ਜਾਂਦਾ ਸੀ। ਮਈ 19, 1920 ਵਿਚ ਪੰਜਾਬ ਦੇ ਲੋਕ-ਸੰਪਰਕ ਵਿਭਾਗ ਦੇ ਡਾਇਰੈਕਟਰ ਨੇ ਗ੍ਰਹਿ-ਸੈਕਟਰੀ ਨੂੰ ਰਿਪੋਰਟ ਭੇਜੀ ਕਿ ਪੰਜਾਬੀ ਦੇ ਕਵੀ ਜਲ੍ਹਿਆਂਵਾਲਾ ਬਾਗ ਦੇ ਹਾਦਸੇ ਤੋਂ ਪ੍ਰਭਾਵਤ ਹੋ ਕੇ ਕਵਿਤਾਵਾਂ ਲਿਖ ਰਹੇ ਹਨ ਜੋ ਜਨਤਾ ਵਿਚ ਬਹੁਤ ਮਕਬੂਲ ਹੋ ਰਹੀਆਂ ਹਨ। ਸਰਕਾਰ ਨੇ ਸਾਹਿਤ 'ਤੇ ਪਾਬੰਦੀ ਲਾ ਦਿੱਤੀ ਅਤੇ ਛਪੇ ਹੋਏ ਸਾਹਿਤ ਨੂੰ ਜਬਤ ਕਰਨਾ ਸ਼ੁਰੂ ਕਰ ਦਿੱਤਾ। ਦਸੰਬਰ 6, 1922 ਨੂੰ ਪਹਿਲੀ ਪਾਬੰਦੀ ਹਰਨਾਮ ਸਿੰਘ ਰਚਤ ਕਾਵਿ-ਪੁਸਤਕ "ਅਕਾਲੀ ਗੂੰਜ" 'ਤੇ ਦਾਇਰ ਕੀਤੀ। ਜਿਹੜੇ ਸਿੱਖ, ਸਰਕਾਰ ਦੀ ਹਾਮੀ ਭਰਦੇ ਸਨ ਉਹ ਵੀ ਵਿਰੁੱਧ ਹੋ ਗਏ। ਜਲ੍ਹਿਆਂਵਾਲਾ ਬਾਗ ਦਾ ਸਾਕਾ ਬ੍ਰਿਟਿਸ਼ ਸਲਤਨਤ ਦੇ ਗਲ਼ੇ ਦੀ ਹੱਡੀ ਬਣ ਗਿਆ, ਫਲਸਰੂਪ, ਹਰ ਕਿਸਮ ਦੇ ਸਾਹਿਤ ਨੂੰ, ਜਿਸ ਵਿਚ 1919 ਦੇ ਹਾਦਸੇ ਦਾ ਜ਼ਿਕਰ ਸੀ, ਗੈਰਕਾਨੂੰਨੀ ਕਰਾਰ ਦੇ ਦਿੱਤਾ। ਭਾਵੇਂ ਅਜੇਹੇ ਸਾਹਿਤ ਦੀ ਪੂਰੀ ਸੂਚੀ ਦਰਕਾਰ ਨਹੀਂ, ਮੋਟੇ ਜਹੇ ਅੰਦਾਜ਼ੇ ਅਨੁਸਾਰ, ਦਿੱਲੀ ਦੇ 'ਨੈਸ਼ਨਲ ਆਰਕਾਈਵ ਤੇ ਇੰਡੀਆ ਔਫਿਸ ਲਾਇਬ੍ਰੇਰੀ ਅਤੇ ਲੰਡਨ ਦੇ 'ਬ੍ਰਿਟਿਸ਼ ਮਿਊਜ਼ੀਅਮ' ਵਿਚ 100 ਤੋਂ 125 ਅਜੇਹੀਆਂ ਸਹਿਤਕ ਕਿਰਤਾਂ ਪਈਆਂ ਹਨ। ਗ੍ਰਾਹਮ ਸ਼ਾ ਅਤੇ ਮੇਰੀ ਲੁਆਇਡ ਵਲੋਂ ਸੰਪਾਦਿਤ ਕੀਤੀ ਪੁਸਤਕ, "ਪਬਲੀਕੇਸ਼ਨਜ਼ ਪ੍ਰੋਸਕ੍ਰਾਈਬਡ ਬਾਈ ਦੀ ਗੌਰਮਿੰਟ ਆਫ ਇੰਡੀਆ (Publications proscribed by the Govrenment of India), ਜੋ ਬ੍ਰਿਟਿਸ਼ ਲਾਇਬ੍ਰੇਰੀ ਨੇ ਪ੍ਰਕਾਸ਼ਤ ਕੀਤੀ ਸੀ, ਅਨੁਸਾਰ ਜਿਹੜੀਆਂ ਪੁਸਤਕਾਂ 'ਤੇ ਪਾਬੰਦੀ ਲਾਈ ਸੀ, ਉਹ ਹਨ :

ਹਰਨਾਮ ਸਿੰਘ ਦੀ "ਅਕਾਲੀ ਗੂੰਜ", ਸੰਤ ਸੂਰਜ ਸਿੰਘ ਦੀ "ਜਾਗ੍ਰਿਤੀ ਖ਼ਾਲਸਾ", ਗਿਆਨੀ ਮਾਨ ਸਿੰਘ 'ਫਿਰੋਜ਼ਪੁਰੀ' ਦੀ "ਤਾਜ਼ੇ ਜ਼ਖ਼ਮ: ਗੁਰੂ ਕਾ ਬਾਗ ਕਾ ਨਜ਼ਾਰਾ", ਵਿਧਾਤਾ ਸਿੰਘ 'ਤੀਰ' ਦੀ "ਤੀਰ ਤਰੰਗ", ਹਰਨਾਮ ਸਿੰਘ 'ਮਸਤ ਪੰਛੀ' ਦੀ 'ਜ਼ੁਲਮ ਦੇ ਬਾਣ' ਅਤੇ ਕਿਸੇ ਅਣਜਾਣੇ ਕਵੀ ਦੀ "ਤਰਾਨਾ ਮਜ਼ਲੂਮ"।







ਪੰਜਾਬੀ ਸਾਹਿਤ ਵਿਚ ਹੀ ਨਹੀਂ, ਜਲ੍ਹਿਆਂਵਾਲਾ ਬਾਗ ਦੇ ਹਾਦਸੇ ਬਾਰੇ ਉਰਦੂ ਅਤੇ ਹਿੰਦੀ ਸਾਹਿਤ ਵਿਚ ਛਪੀਆਂ ਪੁਸਤਕਾਂ 'ਤੇ ਵੀ ਪਾਬੰਦੀ ਠੋਕ ਦਿੱਤੀ ਸੀ। ਉਰਦੂ ਵਿਚ ਤਿੰਨ-ਐਕਟ ਡਰਾਮਾ, "ਜ਼ਖ਼ਮੀ ਪੰਜਾਬ" ਹਿੰਦੀ ਵਿਚ ਰਾਮ ਸਰੂਪ ਗੁਪਤਾ ਦਾ "ਬਾਗੇ ਜੱਲ੍ਹਿਆਂ", ਜਗਨ ਨਾਥ ਪ੍ਰਸਾਦ ਗੁਪਤਾ ਦੀਆਂ ਕਵਿਤਾਵਾਂ ਅਤੇ ਘਨੱਈਆ ਲਾਲਾ ਦੀ "ਭਾਰਤੀਉਂ ਕੀ ਚਿਤਾਵਨੀ" ਵੀ ਪਾਬੰਦੀ ਮਾਰ ਹੇਠ ਆ ਗਈਆਂ ਸਨ। ਇਨ੍ਹਾਂ ਤੋਂ ਇਲਾਵਾ, ਵਤਨ ਪ੍ਰਸਤੀ ਬਾਰੇ ਲਿਖੇ ਗਾਣੇ, "ਮਹਾਤਮਾ ਗਾਂਧੀ ਕੀ ਜੈ" ਅਤੇ ਲਾਲਾ ਰਤਨ ਲਾਲਾ ਤੇ ਜਗਦੀਸ਼ ਪ੍ਰਸਾਦ ਦੇ ਗਾਣਿਆਂ 'ਤੇ ਵੀ ਪਾਬੰਦੀ ਸੀ। ਪੰਜਾਬੀ ਸਾਹਿੱਤਕਾਰ ਜਲ੍ਹਿਆਂਵਾਲਾ ਬਾਗ ਦੀ ਥਾਂ, ਪੰਜਾਬ ਨੂੰ ਮੁਖਾਤਿਬ ਹੋ ਕੇ ਲਿਖਣ ਲੱਗ ਪਏ ਸਨ।

ਨਾਵਲਿਸਟ ਨਾਨਕ ਸਿੰਘ ਦੀ ਲੰਬੀ ਕਵਿਤਾ, 'ਖੂਨੀ ਵਿਸਾਖੀ' 1920 ਵਿਚ ਛਪੀ ਸੀ। ਇਹ ਛੇ ਦਹਾਕੇ ਗੁੰਮ ਰਹੀ ਤੇ 1980 ਵਿਚ ਨਾਨਕ ਸਿੰਘ ਦੇ ਪੁੱਤਰ, ਕੁਲਵੰਤ ਸਿੰਘ ਸੂਰੀ, ਨੇ ਦੁਬਾਰਾ ਕਿਤਾਬਚੇ ਦੇ ਰੂਪ ਵਿਚ ਛਾਪੀ। ਇਹ ਕਵਿਤਾ ਗਿਆਨੀ ਜ਼ੈਲ ਸਿੰਘ ਦੇ ਉੱਦਮ ਨਾਲ ਦਰਕਾਰ ਹੋਈ। ਡਾ. ਸਿੱਧੂ ਦੀ ਅਣਥੱਕ ਮਿਹਨਤ ਦੇ ਬਾਵਜੂਦ ਇਹ ਗਿਆਤ ਨਹੀਂ ਹੋ ਸਕਿਆ ਕਿ ਇਸ ਕਵਿਤਾ 'ਤੇ ਪਾਬੰਦੀ ਲੱਗੀ ਸੀ ਜਾਂ ਨਹੀਂ। ਕਵਿਤਾ ਦੇ ਦਸ ਬੰਦ ਹਨ, ਇਨ੍ਹਾਂ 'ਚੋਂ ਇਕ ਹੇਠ ਦਿੱਤਾ ਜਾਂਦਾ ਹੈ ਜਿਸ ਵਿਚ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਦੀ ਅੰਤਿਮ ਫ਼ਤਿਹ ਹੈ।

ਅਸਾਂ ਵੀਰਾਂ ਨੂੰ ਰੱਖਣਾ ਯਾਦ ਹਰਦਮ<br>
ਮਤਾ ਦਿਓ ਵਸਾਰ ਜਮਾਤੀਆਂ ਨੂੰ।<br>
ਤੁਸਾਂ ਹੋਵਣਾ ਨਹੀਂ ਮਯੂਸ ਵੀਰੋ<br>
ਸੀਨੇ ਵਿੱਚ ਸਹਾਰਨਾ ਕਾਤੀਆਂ ਨੂੰ।<br>
ਜੇਕਰ ਨਹੀਂ ਇਤਬਾਰ ਜ਼ਬਾਨ ਉੱਤੇ,<br>
ਆਕੇ ਵੇਖ ਲਓ ਸਾਡੀਆਂ ਛਾਤੀਆਂ ਨੂੰ।<br>
ਲਓ ਹੁਣ ਅੰਤ ਦੀ ਫ਼ਤਿਹ ਬੁਲਾਂਵਦੇ ਹਾਂ,<br>
ਯਾਦ ਰੱਖਣਾ ਸਾਡੀਆਂ ਬਾਤੀਆਂ ਨੂੰ।

(ਚਲਦਾ)

# Sir Speedy Tustin
*Printers to the Community*




**Outdoor 3'x11' Promo Flag**

**Only $29/-**

Pole & Spike $55/-




**Outdoor 3'x6' Durable Banner**

All weather, durable to sunlight, rain and wear & tear. Text only.

**Only $69/-**




**Receipt Books**

Customized with your information and design. 2 part carbonless with numbering and perforation.

**Call for Price**




**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**




**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**




**11" Printed Balloons**

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

**Your Printed T-Shirts**

**Only $4.99**




1 color in 1 position. Min Qty. 100

**Your Printed Caps**

**Only $4.99**




**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**




*South Asian Wedding Cards*



CALL NOW

## ਕੁੱਕ ਦੀ ਜ਼ਰੂਰਤ

ਫਰੀਮੌਂਟ (ਕੈਲੀਫੋਰਨੀਆ) ਏਰੀਏ ਵਿਚ ਇੰਡੀਅਨ ਰੈਸਟੋਰੈਂਟ ਲਈ ਇਕ ਤਜ਼ਰਬੇਕਾਰ ਕੁੱਕ ਦੀ ਜ਼ਰੂਰਤ ਹੈ। ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰ 'ਤੇ ਸੰਪਰਕ ਕਰ ਸਕਦੇ ਹੋ ਜੀ।

**ਫੋਨ ਨੰਬਰ:**

**+1(682)-521-3263**



## ਘਰ ਦੇ ਕੰਮ ਲਈ ਇੱਕ ਬੀਬੀ ਦੀ ਲੋੜ

**Live-in housekeeper/ nanny needed**

ਕਾਲ ਕਰੋ

**510-938-7195**


## ਕੀ ਭਾਰਤ ਵਿਚ ਚੋਣਾਂ ਤੋਂ ਬਾਅਦ ਲੋਕਤੰਤਰ ਬਚੇਗਾ ?

ਗਿਆ ਹੈ। ਪ੍ਰੋਫੈਸਰ ਐੱਮ. ਐੱਮ. ਕੁਲਬਰਗੀ ਅਤੇ ਗੋਵਿੰਦ ਪੰਨਸਾਰੇ ਇਸ ਦੀ ਉਦਾਹਰਣ ਹਨ।

ਮੀਡੀਆ ਦੀ ਪਰੇਸ਼ਾਨੀ : ਮੀਡੀਆ ਨੂੰ ਲੋਕਤੰਤਰ ਦੇ ਚੌਥੇ ਥੰਮ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ ਅਤੇ ਇਕ ਸ਼ਕਤੀਸ਼ਾਲੀ ਲੋਕਤੰਤਰ ਵਿਚ ਇਸ ਦੀ ਅਹਿਮ ਭੂਮਿਕਾ ਹੁੰਦੀ ਹੈ। ਭਾਰਤ ਵਿਚ ਉਹ ਆਪਣੀ ਹੋਂਦ ਦੇ ਖਤਮ ਹੋਣ ਤੋਂ ਹੀ ਡਰਦੇ ਹਨ, ਜੇਕਰ ਉਹ ਸਰਕਾਰ ਦੀ ਲਾਈਨ ਨੂੰ ਨਹੀਂ ਮੰਨਦੇ। ਇਨ੍ਹਾਂ ਵਿਚੋਂ ਬਹੁਤ ਸਾਰੇ ਮੀਡੀਆ ਹਾਊਸਾਂ ਨੂੰ ਸਰਕਾਰ ਪੱਖੀ ਪੂੰਜੀਪਤੀਆਂ ਦੁਆਰਾ ਖਰੀਦ ਕੇ ਭਾਜਪਾ ਦੇ ਏਜੰਡੇ ਦੇ ਚੀਅਰਲੀਡਰ ਬਣਾ ਦਿੱਤਾ ਗਿਆ ਹੈ।

ਯੂਨੀਵਰਸਿਟੀਆਂ ਵਿਚ ਅਸਹਿਣਸ਼ੀਲਤਾ : ਯੂਨੀਵਰਸਿਟੀਆਂ ਮੋਦੀ ਸਰਕਾਰ ਦਾ ਇਕ ਹੋਰ ਪਸੰਦੀਦਾ ਨਿਸ਼ਾਨਾ ਬਣ ਗਈਆਂ ਹਨ। ਭਾਜਪਾ ਅਤੇ ਇਸ ਦੇ ਲੋਕ ਹਮੇਸ਼ਾ ਜੇ.ਐਨ.ਯੂ. ਵਰਗੇ ਸੰਸਥਾਨਾਂ ਨਾਲ ਨਫ਼ਰਤ ਕਰਦੇ ਹਨ, ਜਿੱਥੇ ਵਿਚਾਰਾਂ ਦੀ ਸੁਤੰਤਰਤਾ ਪ੍ਰਫੁੱਲਤ ਹੁੰਦੀ ਹੈ ਅਤੇ ਸਮਕਾਲੀ ਮੁੱਦਿਆਂ ਦੇ ਹਰ ਪੱਖ 'ਤੇ ਜੀਵੰਤ ਬਹਿਸ ਕਰਨ ਦੀ ਖੁੱਲ੍ਹ ਹੈ। ਅੱਜ ਇਨ੍ਹਾਂ ਸਨਮਾਨਿਤ ਅਦਾਰਿਆਂ ਵਿਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਹਿੰਦੂਵਾਦੀ ਏਜੰਡੇ ਦੀ ਕਤਾਰ ਵਿਚ ਸ਼ਾਮਿਲ ਨਾ ਹੋਣ 'ਤੇ ਡਰਾਇਆ, ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਰਾਸ਼ਟਰ-ਵਿਰੋਧੀ ਤਕ ਕਿਹਾ ਗਿਆ ਹੈ। ਵਿਰੋਧੀ ਵਿਚਾਰ ਵਾਲਿਆਂ ਉਤੇ ਅਕਸਰ ਹੀ ਰਾਜਧ੍ਰੋਹ ਦਾ ਦੋਸ਼ ਲਗਾਇਆ ਜਾਂਦਾ ਹੈ।

ਧਾਰਮਿਕ ਆਜ਼ਾਦੀ ਦਾ ਉਲੰਘਣ ਕਰਨਾ : ਸਾਲ-2017 ਵਿੱਚ ਸੰਯੁਕਤ ਰਾਸ਼ਟਰ ਦੀ ਕੌਮਾਂਤਰੀ ਧਾਰਮਿਕ ਆਜ਼ਾਦੀ ਦੀ ਸਲਾਨਾ ਰਿਪੋਰਟ ਦੇ ਹਾਲ ਹੀ ਵਿਚ ਜਾਰੀ ਅੰਕੜਿਆਂ ਮੁਤਾਬਿਕ ਭਾਰਤ ਵਿਚ ਧਾਰਮਿਕ ਅਜ਼ਾਦੀ ਖਿਲਾਫ ਰੁਝਾਨ ਨਿਰੰਤਰ ਜਾਰੀ ਹੈ। ਇਸ ਵਿਚ ਕਿਹਾ ਗਿਆ ਹੈ ਕਿ ਸਰਕਾਰੀ ਅੰਕੜੇ ਦੱਸਦੇ ਹਨ ਕਿ ਪਿਛਲੇ ਦੋ ਸਾਲਾਂ ਵਿਚ ਫਿਰਕੂ ਹਿੰਸਾ ਵਧੀ ਹੈ, ਹਿੰਦੂ-ਰਾਸ਼ਟਰਵਾਦੀ ਸਮੂਹਾਂ ਨੇ ਦਲਿਤਾਂ ਵਿਰੁੱਧ ਹਿੰਸਾ, ਧਮਕਾਉਣ ਅਤੇ ਪਰੇਸ਼ਾਨ ਕਰਨ ਦੀਆਂ ਕਾਰਵਾਈਆਂ ਕੀਤੀਆਂ ਹਨ। ਸੰਵਿਧਾਨ ਦੁਆਰਾ ਧਰਮ ਦੀ ਅਜ਼ਾਦੀ ਦੀ ਗਰੰਟੀ ਦਿੱਤੀ ਜਾਂਦੀ ਹੈ। ਭਾਰਤ ਲਗਭਗ 172 ਮਿਲੀਅਨ ਮੁਸਲਮਾਨਾਂ ਦਾ ਘਰ ਹੈ ਜੋ ਕਿ ਦੁਨੀਆ ਵਿਚ ਤੀਸਰੀ ਸਭ ਤੋਂ ਵੱਡੀ ਮੁਸਲਿਮ ਆਬਾਦੀ ਹੈ। ਪ੍ਰਧਾਨ ਮੰਤਰੀ ਦੇ ਰੂਪ ਵਿਚ ਮੋਦੀ ਦੀ ਚੜ੍ਹਤ ਤੋਂ ਲੈ ਕੇ ਦੇਸ਼ ਦੇ ਕਈ ਹਿੱਸਿਆਂ ਵਿਚ ਮੁਸਲਮਾਨਾਂ ਅਤੇ ਹਿੰਦੂਆਂ ਵਿਚਾਲੇ ਤਣਾਅ ਵਧਿਆ ਹੈ। ਮੋਦੀ ਦੀ ਚੜ੍ਹਤ ਨੇ ਮੁਸਲਮਾਨਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਇਸੇ ਤਰ੍ਹਾਂ ਲਗਭਗ 2% ਆਬਾਦੀ ਵਾਲੇ ਮਸੀਹੀ ਭਾਈਚਾਰੇ ਦੇ ਲੋਕ ਹਮਲਿਆਂ ਕਾਰਨ ਬਹੁਤ ਤਣਾਅ ਵਿਚ ਹਨ। ਹਿੰਦੂ ਕੱਟੜਪੰਥੀ ਸੰਗਠਨਾਂ ਦੁਆਰਾ ਕੀਤੇ ਗਏ ਧਰਮ ਪਰਿਵਰਤਨ ਦੇ ਯਤਨਾਂ, ਕ੍ਰਿਸਮਸ ਦਿਨ ਅਤੇ ਈਸਟਰ ਦਿਵਸ ਨੂੰ ਰਾਸ਼ਟਰੀ ਕੈਲੰਡਰ ਤੋਂ ਹਟਾਉਣ ਅਤੇ ਹਜ਼ਾਰਾਂ ਮਸੀਹੀ ਚਰਚਾਂ ਦੇ ਐੱਫ.ਸੀ.ਆਰ.ਏ ਨੂੰ ਰੱਦ ਕਰ ਕੇ ਪ੍ਰਭਾਵਿਤ ਕੀਤਾ ਜਾ ਰਿਹਾ ਹੈ।

ਬਜਰੰਗ ਦਲ ਨਾਲ ਜੁੜੇ ਹੋਏ ਨੌਜਵਾਨਾਂ ਦੇ ਇਕ ਸਮੂਹ ਨੇ ਮੰਗਲੌਰ ਵਿਚ ਇਕ ਮੁਸਲਮਾਨ ਨੌਜਵਾਨ ਨੂੰ ਜਨਤਕ ਤੌਰ 'ਤੇ ਅਗਵਾ ਕੀਤਾ ਤੇ ਕੁੱਟਮਾਰ ਇਹ ਕਹਿ ਕੇ ਕੀਤੀ ਕਿ ਉਸ ਦੇ ਇਕ ਹਿੰਦੂ ਲੜਕੀ ਨਾਲ ਸਬੰਧ ਹਨ। ਸ਼ਕੀਰ ਦੇ ਰੂਪ ਵਿੱਚ ਪਛਾਣੇ ਗਏ ਇਸ ਵਿਅਕਤੀ ਨੇ ਦਾਅਵਾ ਕੀਤਾ ਕਿ ਜਦੋਂ ਉਸ ਉਤੇ ਹਮਲਾ ਹੋਇਆ ਤਾਂ ਉਹ ਸਿਰਫ ਇਕ ਲੜਕੀ ਦੀ ਬੇਨਤੀ 'ਤੇ ਹੀ ਉਸ ਨੂੰ ਆਪਣੀ ਕਾਰ 'ਤੇ ਰਾਈਡ ਦੇ ਰਿਹਾ ਸੀ।

ਬੁੱਚੜਖਾਨੇ ਜ਼ਬਰਦਸਤੀ ਬੰਦ ਕਰਵਾਉਣੇ : ਹਿੰਦੂ ਸੰਗਠਨਾਂ ਨੇ ਗਊਆਂ ਦੇ ਵਪਾਰੀਆਂ ਦਾ ਕੰਮ ਧੱਕੇ ਨਾਲ ਬੰਦ ਕਰਵਾਇਆ ਅਤੇ ਲੋਕਾਂ ਨੂੰ ਬੀਫ ਖਾਣ ਦੇ ਇਲਜ਼ਾਮ ਲਗਾ ਕੇ ਮਾਰਿਆ-ਕੁੱਟਿਆ। ਉਨ੍ਹਾਂ ਨੇ ਅਜਿਹਾ ਕਰ ਕੇ ਹਿੰਦੂ ਮਾਨਤਾਵਾਂ ਦੀ ਰੱਖਿਆ ਕਰਨ ਦਾ ਦਾਅਵਾ ਕੀਤਾ। ਨਵੀਂ ਦਿੱਲੀ ਦੇ ਮੁਹੰਮਦ ਇਖਲਾਕ ਨੂੰ ਆਪਣੇ ਘਰ 'ਚੋਂ ਘਸੀਟ ਕੇ ਮਾਰਿਆ ਗਿਆ ਸੀ।

ਕਲਾ ਦੇ ਪ੍ਰਗਟਾਵੇ ਨੂੰ ਪਾਬੰਦ ਕਰਨਾ : ਮਸ਼ਹੂਰ ਅਭਿਨੇਤਰੀ ਅਤੇ ਫ਼ਿਲਮ ਨਿਰਮਾਤਾ ਨੰਦਿਤਾ ਦਾਸ ਕਹਿੰਦੀ ਹੈ ਕਿ ਕਲਾਕਾਰਾਂ, ਲੇਖਕਾਂ ਅਤੇ ਤਰਕਸ਼ੀਲਤਾ ਦੇ ਨਾਲ-ਨਾਲ ਭਾਰਤ ਵਿਚ ਡੈਮੋਕਰੇਸੀ ਵੀ ਖ਼ਤਰੇ ਵਿਚ ਹੈ। ਉਨ੍ਹਾਂ ਕਿਹਾ ਕਿ ਕੰਜ਼ਰਵੇਟਿਵ ਅਤੇ ਸੱਜੇ-ਪੱਖੀ ਸਮੂਹ ਅਣਅਧਿਕਾਰਤ ਪੁਲਿਸ ਬਣ ਰਹੇ ਹਨ। ਭਾਰਤ ਵਿਚ ਵਧ ਰਹੀ ਅਸਹਿਣਸ਼ੀਲਤਾ ਦੀ ਮਿਸਾਲ ਹੈ ਕਿ ਸੰਜੇ ਲੀਲਾ ਭੰਸਾਲੀ ਦੀ ਫ਼ਿਲਮ "ਪਦਮਾਵਤੀ" ਜਾਂ "ਐਸ ਦੁਰਗਾ" ਦੇ ਮੁੱਦੇ 'ਤੇ ਬਹਿਸ ਹੋਈ ਅਤੇ ਪਾਕਿਸਤਾਨੀ ਪ੍ਰਤਿਭਾ ਤੇ ਕਲਾਕਾਰਾਂ ਉਤੇ ਹਿੰਦੀ ਫਿਲਮ ਉਦਯੋਗ 'ਚ ਕੰਮ ਕਰਨ ਉਤੇ ਅਸਥਾਈ ਤੌਰ 'ਤੇ ਪਾਬੰਦੀ ਲਾਉਣ ਦੀ ਬਹਿਸ ਛਿੜੀ ਰਹੀ ਹੈ। ਨੰਦਿਤਾ ਦਾਸ ਨੇ ਮਹਿਸੂਸ ਕੀਤਾ ਕਿ ਅਜਿਹਾ ਕਰ ਕੇ ਸਿਰਜਣਾਤਮਕ ਆਵਾਜ਼ਾਂ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਭਾਰਤ ਦੇ ਸਭ ਤੋਂ ਵੱਧ ਆਬਾਦੀ ਵਾਲੇ ਰਾਜ ਦੇ ਨਵੇਂ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਕਿਹਾ ਕਿ ਮਸ਼ਹੂਰ ਸਮਾਰਕ ਤਾਜ ਮਹੱਲ, "ਪ੍ਰਮਾਣਿਕ ਭਾਰਤੀ ਸੱਭਿਆਚਾਰ" ਦੀ ਨੁਮਾਇੰਦਗੀ ਨਹੀਂ ਕਰਦਾ। ਦਿੱਲੀ ਵਿਚ ਇਕ ਸਮਾਜਕ ਮਾਹਿਰ ਨੇ ਕਿਹਾ ਕਿ "ਅਸੀਂ ਪਾਕਿਸਤਾਨ ਵਿਚ ਬਦਲ ਰਹੇ ਹਾਂ।"

7. ਦਲਿਤ ਵਿਰੋਧੀ ਨੀਤੀਆਂ ਦੀ ਪ੍ਰੈਕਟਿਸ

ਸੱਤਾ ਵਿਚ ਆਉਣ ਤੋਂ ਬਾਅਦ ਭਾਜਪਾ ਦੇ ਸ਼ਾਸਨ ਵਿਚ ਅਜਿਹੀਆਂ ਘਟਨਾਵਾਂ ਦੀ ਇਕ ਲੜੀ ਹੈ ਜਿਸ ਨੇ ਇਸ ਪਾਰਟੀ ਦੀ ਮਾਨਸਿਕਤਾ ਪ੍ਰਗਟ ਕੀਤੀ ਹੈ। ਇਕ ਪਾਸੇ ਦਲਿਤਾਂ ਨੂੰ ਹਿੰਦੂਵਾਦ ਦੇ ਝੰਡੇ ਹੇਠ ਇਕਜੁੱਟ ਹੋਣ ਦੀ ਅਪੀਲ ਕੀਤੀ ਜਾਂਦੀ ਹੈ, ਪਰ ਦੂਜੇ ਪਾਸੇ ਉਨ੍ਹਾਂ ਦੇ ਰਾਖਵੇਂਕਰਨ ਵਰਗੇ ਸੰਵਿਧਾਨਕ ਅਧਿਕਾਰ ਨੂੰ ਖੋਹਣ ਲਈ ਕਮਿਸ਼ਨ ਦੀ ਸਥਾਪਨਾ ਕੀਤੀ ਜਾਂਦੀ ਹੈ। ਸਭ ਤੋਂ ਪਹਿਲਾਂ ਆਈਆਈਟੀ ਮਦਰਾਸ ਦੇ ਅੰਬੇਦਕਰ-ਪੈਰੀਅਰ ਸਟੱਡੀ ਸਰਕਲ ਨੂੰ ਨਿਸ਼ਾਨਾ ਬਣਾਉਣਾ, ਫਿਰ ਹਰਿਆਣਾ ਵਿਚ ਦਲਿਤ ਬੱਚਿਆਂ 'ਤੇ ਕਹਿਰ ਅਤੇ ਅਖੀਰ ਜਨਰਲ ਵੀ ਕੇ ਸਿੰਘ ਨੇ ਦਲਿਤਾਂ ਦੀ ਤੁਲਨਾ ਜਾਨਵਰਾਂ ਦੇ ਹਵਾਲੇ ਦੇ ਕੇ ਕਰਨੀ ਇਸ ਪਾਰਟੀ ਦੇ ਦਲਿਤ ਵਿਰੋਧੀ ਏਜੰਡੇ ਦੀਆਂ ਉਦਾਹਰਣਾਂ ਹਨ। ਇੱਕ ਦਲਿਤ ਵਿਦਵਾਨ ਰੋਹਿਤ ਵਾਮੁੱਲਾ ਦਾ ਖੁਦਕੁਸ਼ੀ ਨੋਟ, ਉਸ ਵੱਲੋਂ ਮਹਿਸੂਸ ਕੀਤਾ ਗਿਆ ਦਿਲ ਤੋੜਨ ਦੀ ਇਸ ਭਾਵਨਾ ਦਾ ਸਾਰ ਹੈ।

8. ਕਸ਼ਮੀਰ ਵਿਚ ਜ਼ੀਰੋ ਸਹਿਣਸ਼ੀਲਤਾ ਲਾਗੂ ਕਰਨਾ

ਪ੍ਰੇਮ ਸ਼ੰਕਰ ਝਾਅ ਦੇ ਅਨੁਸਾਰ "ਆਓ ਦੇਖੀਏ ਕਿ ਪਿਛਲੇ ਪੰਜ ਸਾਲਾਂ ਵਿਚ ਮੋਦੀ ਨੇ ਭਾਰਤ ਵਿਚ ਕੀ ਗੁੱਲ ਖਿਲਾਏ ਹਨ। ਕਸ਼ਮੀਰ ਵਿਚ ਉਸ ਨੇ ਰਾਜਨੀਤਿਕ ਅਸਹਿਮਤੀ ਲਈ ਜ਼ੀਰੋ ਸਹਿਣਸ਼ੀਲਤਾ ਦੇ ਵਿਚਾਰ ਦੇ ਆਧਾਰ 'ਤੇ ਆਤੰਕ ਵਾਲਾ ਸ਼ਾਸਨ ਦਿੱਤਾ ਹੈ।"

ਸੰਯੁਕਤ ਰਾਸ਼ਟਰ ਨੇ ਵੀ ਕਿਹਾ ਹੈ, ਕਿ "ਕਸ਼ਮੀਰ ਦੇ ਲੋਕਾਂ ਨੂੰ ਪਿਛਲੇ ਸਮੇਂ ਤੋਂ ਚੱਲ ਰਹੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਦੁਰਵਿਵਹਾਰ ਦੇ ਦੌਰ ਤੋਂ ਨਿਆਂ ਦੇਣ ਦੀ ਜ਼ਰੂਰਤ ਹੈ, ਜਿਨ੍ਹਾਂ ਨੇ ਸੱਤ ਦਹਾਕਿਆਂ ਲਈ ਸੰਘਰਸ਼ ਝੱਲਿਆ ਹੈ, ਜਿਸ ਨੇ ਜ਼ਿੰਦਗੀਆਂ ਤਬਾਹ ਕਰ ਦਿੱਤੀਆਂ ਹਨ।"

9. ਮਿਥਿਹਾਸ ਨੂੰ ਵਿਗਿਆਨ ਵਾਂਗ ਇਸਤੇਮਾਲ ਕਰਨਾ

ਭਾਰਤ ਦਾ ਮਨੁੱਖੀ ਸਰੋਤ ਵਿਕਾਸ ਮੰਤਰਾਲਾ ਕੰਮ-ਕਾਰ ਦਾ ਢੰਗ ਹੀ ਬਦਲ ਗਿਆ ਹੈ। ਉਹ ਸੰਘ ਪਰਿਵਾਰ ਦੇ ਬਿਰਤਾਂਤਾਂ ਨੂੰ ਫਿੱਟ ਕਰਨ ਲਈ ਇਤਿਹਾਸ ਨੂੰ ਮੁੜ ਲਿਖਣ 'ਤੇ ਰੁੱਝਿਆ ਹੋਇਆ ਹੈ। ਇਸ ਦੇ ਪ੍ਰਸ਼ਾਸਨ ਦੇ ਪਿੱਛੇ ਆਰਐਸਐਸ. ਹੈ, ਜੋ ਰੈਡੀਕਲ ਸੰਸਥਾ ਹੈ। ਆਧੁਨਿਕ ਭਾਰਤ ਦੇ ਰਚੇਤਾ ਜਵਾਹਰ ਲਾਲ ਨਹਿਰੂ ਅਲੋਪ ਹੋ ਰਹੇ ਹਨ।

ਸਿੱਟਾ : ਇਕ ਗੰਭੀਰ ਸਾਜ਼ਿਸ਼ ਤੇ ਹਮਲੇ ਤਹਿਤ ਭਾਰਤ ਦੇ ਲੋਕਤੰਤਰ ਅਤੇ ਸੈਕੂਲਰਇਜ਼ਮ ਨੂੰ ਖਤਮ ਕੀਤਾ ਜਾ ਰਿਹਾ ਹੈ। ਸੰਨ 2014 ਦੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਜਿੱਤ ਤੋਂ ਬਾਅਦ ਭਾਰਤ ਦੇ ਲੋਕਤੰਤਰ 'ਤੇ ਇਸ ਬੇਕਿਰਕ ਹਮਲੇ ਦੀ ਸ਼ੁਰੂਆਤ ਕੀਤੀ ਹੋਈ ਹੈ। ਦੇਸ਼ ਵਿਚ ਆਮ ਜੀਵਨ ਵਿਚ ਅਸਹਿਣਸ਼ੀਲਤਾ ਅਤੇ ਤਾਨਾਸ਼ਾਹੀ ਦੇ ਨਵੇਂ ਤੱਤ ਦਾ ਪ੍ਰਯੋਗ ਕੀਤਾ ਗਿਆ ਹੈ। ਰਾਸ਼ਟਰੀ ਸਵੈਮ ਸੇਵਕ ਸੰਘ ਦੁਆਰਾ ਵਿਦਿਅਕ ਅਤੇ ਸੱਭਿਆਚਾਰਕ ਸੰਸਥਾਵਾਂ ਦੀ ਦੁਰਵਰਤੋਂ ਕੀਤੀ ਗਈ ਹੈ। ਪ੍ਰਗਟਾਵੇ ਦੀ ਆਜ਼ਾਦੀ, ਧਰਮ ਦੀ ਆਜ਼ਾਦੀ, ਸੋਚ ਦੀ ਆਜ਼ਾਦੀ ਅਤੇ ਵੋਟਰਾਂ ਨੂੰ ਫਿਰਕੂ ਬਣਾਉਣ ਦੀ ਯੋਜਨਾ ਲਈ ਹਿੰਸਾ ਦਾ ਇੱਕ ਵਿਆਪਕ ਸੱਭਿਆਚਾਰ ਸ਼ੁਰੂ ਕੀਤਾ ਗਿਆ ਹੈ। ਇਹ ਆਜ਼ਾਦ ਭਾਰਤ ਦੀ ਪਹਿਲੀ ਸਰਕਾਰ ਹੈ, ਜਿੱਥੇ ਆਰਐਸਐਸ ਕਾਹਲੀ ਵਿਚ ਹੈ। ਸਰਕਾਰ ਨੂੰ ਕੰਮ ਕਰਨ ਲਈ ਢਾਂਚੇ ਵੱਜੋਂ ਇੱਕ ਸੰਵਿਧਾਨ ਮੌਜੂਦ ਹੈ ਅਤੇ ਭਾਰਤ ਦਾ ਸੰਵਿਧਾਨ ਸਰਕਾਰ ਨੂੰ ਇਸ ਢਾਂਚੇ ਦੇ ਅੰਦਰ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਵਰਤਮਾਨ ਮੋਦੀ ਸ਼ਾਸਨ ਨੇ ਉਸ ਪਵਿੱਤਰ ਦਸਤਾਵੇਜ਼ ਲਈ ਬਹੁਤ ਘੱਟ ਸਤਿਕਾਰ ਦਿਖਾਇਆ ਹੈ। ਹੁਣ ਵੋਟਰਾਂ ਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਉਹ ਅਜਿਹੇ ਸੰਵਿਧਾਨ ਦੀ ਰੱਖਿਆ ਕਰਨਾ ਚਾਹੁੰਦੇ ਹਨ, ਜੋ ਉਨ੍ਹਾਂ ਦੀ ਸੁਰੱਖਿਆ ਕਰੇ। ਇਕ ਵਾਰ ਮਾਰਟਿਨ ਲੂਥਰ ਕਿੰਗ ਨੇ ਕਿਹਾ ਸੀ : "ਸਾਡੀ ਜ਼ਿੰਦਗੀ ਉਸ ਦਿਨ ਹੀ ਖਤਮ ਹੋਣਾ ਸ਼ੁਰੂ ਕਰ ਦਿੰਦੀ ਹੈ ਜਦੋਂ ਅਸੀਂ ਉਹਨਾਂ ਚੀਜ਼ਾਂ ਬਾਰੇ ਚੁੱਪ ਹੋ ਜਾਂਦੇ ਹਾਂ, ਜਿਹਨਾਂ ਦਾ ਸਬੰਧ ਇਸ ਨਾਲ ਹੁੰਦਾ ਹੈ।"

## ਭਗਵੀਂ ਦੇਸ਼ਭਗਤੀ, ਨਾਗਪੁਰੀ ਵਿਚਾਰਧਾਰਾ ਅਤੇ ਵਰਤਮਾਨ ਹਾਲਾਤ ਵਿਚ ਲੇਖਕ ਦੀ ਭੂਮਿਕਾ

ਮਿਥਿਹਾਸ ਹੈ, ਭਾਵ ਇਤਿਹਾਸ ਦੇ ਤੱਥ ਮਿਥਿਹਾਸ ਦੀ ਕਲਪਨਾ ਵਿੱਚੋਂ ਲੱਭਦੇ ਹਨ। ਸੱਤਾ-ਪੱਖੀ 'ਵਿਦਵਾਨਾਂ' ਦਾ ਕਹਿਣਾ ਹੈ ਕਿ ਥੇਹਾਂ, ਲਿਖਤਾਂ, ਚਿੱਤਰਾਂ, ਆਦਿ ਵਿੱਚੋਂ ਇਤਿਹਾਸ ਲੱਭਣਾ ਪੱਛਮੀ ਤਰੀਕਾ ਹੈ ਜਿਸ ਨੂੰ ਅਪਣਾਉਣਾ ਭਾਰਤੀ ਸੰਸਕ੍ਰਿਤੀ ਤੇ ਗਿਆਨ-ਪ੍ਰੰਪਰਾ ਨਾਲ ਮੇਲ ਨਹੀਂ ਖਾਂਦਾ। ਉਹਨਾਂ ਅਨੁਸਾਰ ਭਾਰਤੀ ਇਤਿਹਾਸ ਦੇ ਸੋਮੇ ਵੇਦ-ਸ਼ਾਸਤਰ ਅਤੇ ਪੁਰਾਤਨ ਗ੍ਰੰਥ ਹਨ। ਜੇ ਇਹ ਮੱਤ ਪਹਿਲਾਂ ਵਾਂਗ ਧਰਮ-ਸਥਾਨਾਂ ਤੇ ਗੁਰੂਕੁਲਾਂ ਤੱਕ ਸੀਮਤ ਰਹਿੰਦਾ, ਵਿਗਿਆਨਕ ਇਤਿਹਾਸਕਾਰੀ ਵਾਸਤੇ ਕੋਈ ਸਮੱਸਿਆ ਨਹੀਂ ਸੀ, ਪਰ ਹੁਣ ਇਹ ਮੱਤ ਸਰਕਾਰੀ ਵਿਦਿਅਕ ਨੀਤੀ ਬਣ ਗਿਆ ਹੈ। ਕੇਂਦਰੀ ਸਿੱਖਿਆ ਮੰਤਰੀ ਨੇ ਸਕੂਲੀ-ਕਾਲਜੀ ਵਿੱਦਿਆ ਨੂੰ ਇਸੇ ਸੰਚੇ ਵਿਚ ਢਾਲਣਾ ਆਪਣਾ ਐਲਾਨੀਆ ਉਦੇਸ਼ ਬਣਾਇਆ ਹੋਇਆ ਹੈ ਅਤੇ ਭਾਜਪਾ ਦੇ ਰਾਜ ਵਾਲੇ ਸੂਬੇ ਇਹ ਤਬਦੀਲੀ ਦ੍ਰਿੜ੍ਹਤਾ ਨਾਲ ਲਿਆ ਰਹੇ ਹਨ। ਕੇਂਦਰੀ ਵਿਸ਼ਵਾਸ ਇਹ ਹੈ ਕਿ ਆਧੁਨਿਕ ਵਿਗਿਆਨ ਤੇ ਤਕਨਾਲੋਜੀ ਦੀਆਂ ਕਮਾਲ ਦੀਆਂ ਪਰਾਪਤੀਆਂ ਸਭ ਦੀਆਂ ਸਭ ਪ੍ਰਾਚੀਨ ਭਾਰਤ ਦੀਆਂ ਕਾਢਾਂ ਹਨ।

ਇਸ ਵਿੱਦਿਅਕ ਨੀਤੀ ਦੀ ਇਕ ਉਜਾਗਰ ਮਿਸਾਲ 125 ਪੰਨੇ ਦੀ ਪੁਸਤਕ 'ਤੇਜਮਈ ਭਾਰਤ' ਹੈ। ਇਹ 'ਗੁਜਰਾਤ ਰਾਜ ਸਕੂਲ ਟੈਕਸਟਬੁੱਕ ਬੋਰਡ' ਨੇ ਕੁਝ ਸਾਲ ਪਹਿਲਾਂ ਉਸ ਸਮੇਂ ਛਾਪੀ ਸੀ ਜਦੋਂ ਮੋਦੀ ਜੀ ਅਜੇ ਗੁਜਰਾਤ ਦੇ ਮੁੱਖ ਮੰਤਰੀ ਸਨ। ਗੁਜਰਾਤ ਦੇ ਸਿੱਖਿਆ ਮੰਤਰੀ ਦੇ ਹੁਕਮ ਨਾਲ ਇਹ ਪੁਸਤਕ ਸੂਬੇ ਦੇ ਸਾਰੇ 42,000 ਪ੍ਰਾਇਮਰੀ ਤੇ ਸੈਕੰਡਰੀ ਸਕੂਲਾਂ ਵਿਚ ਲਾਜ਼ਮੀ ਸਪਲੀਮੈਂਟਰੀ ਰੀਡਰ ਬਣੀ ਹੋਈ ਹੈ। ਵਿਸ਼ੇ-ਵਸਤੂ ਦੇ ਪੱਖੋਂ ਇਸ ਪੁਸਤਕ ਨਾਲ ਮੇਲ ਖਾਂਦੀਆਂ ਅੱਠ ਹੋਰ ਪੁਸਤਕਾਂ ਵੀ ਗੁਜਰਾਤ ਦੇ ਸਕੂਲਾਂ ਵਿਚ ਸਪਲੀਮੈਂਟ ਰੀਡਰਾਂ ਵਜੋਂ ਲਾਈਆਂ ਗਈਆਂ ਹਨ। ਉਹ ਸਾਰੀਆਂ ਦੀਨਾ ਨਾਥ ਬੱਤਰਾ ਨਾਂ ਦੇ ਕਥਿਤ ਸਿੱਖਿਆ-ਸ਼ਾਸਤਰੀ ਦੀਆਂ ਲਿਖੀਆਂ ਹੋਈਆਂ ਹਨ। ਹਰ ਪੁਸਤਕ ਦੇ ਅੱਗੇ ਤਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਦਾ ਪ੍ਰਸ਼ੰਸਾਮਈ ਸੰਦੇਸ਼ ਹੈ। ਬੱਤਰਾ ਸਿੱਖਿਆ ਦੇ ਖੇਤਰ ਵਿਚ ਕੰਮ ਕਰਨ ਲਈ ਬਣਾਈ ਗਈ ਆਰ.ਐੱਸ.ਐੱਸ. ਦੀ ਸੰਸਥਾ 'ਵਿੱਦਿਆ ਭਾਰਤੀ' ਦਾ ਸਰਗਰਮ ਸਵੈਮਸੇਵਕ ਹੈ ਅਤੇ ਹੁਣ ਭਾਜਪਾ ਸਰਕਾਰ ਦੀ ਵਿੱਦਿਅਕ ਨੀਤੀ ਦਾ ਮੁੱਖ ਸੇਧਕਾਰ ਹੈ। ਇਹ ਉਹੋ ਮਹਾਂਪੁਰਸ਼ ਹੈ ਜਿਸ ਦੇ ਮੁਕੱਦਮੇ ਤੋਂ ਯਰਕ ਕੇ ਪ੍ਰਕਾਸ਼ਕ 'ਪੈਂਗੂਅਨ ਇੰਡੀਆ'ਨੇ ਮੰਨੀ-ਪ੍ਰਮੰਨੀ ਅਮਰੀਕੀ ਵਿਦਵਾਨ ਅਤੇ ਇਤਿਹਾਸਕਾਰ ਵੈਂਡੀ ਡੌਨੀਗਰ ਦੀ ਛਪ ਕੇ ਤਿਆਰ ਹੋ ਚੁੱਕੀ ਪੁਸਤਕ 'ਦਿ ਹਿੰਦੂਜ਼: ਐਨ ਆਲਟਰਨੇਟਿਵ ਹਿਸਟਰੀ' ਨਸ਼ਟ ਕਰ ਦਿੱਤੀ ਸੀ।

ਇਹਨਾਂ ਪੁਸਤਕਾਂ ਦਾ ਦੱਸਿਆ ਗਿਆ ਉਦੇਸ਼ ਮਿਥਿਹਾਸ ਵਿੱਚੋਂ ਇਤਿਹਾਸ ਉਸਾਰਨ ਦੀ ਪੁੱਠੀ ਧਾਰਨਾ ਨੂੰ ਸਪਸ਼ਟ ਕਰ ਦਿੰਦਾ ਹੈ। ਲੇਖਕ ਅਤੇ ਪ੍ਰਕਾਸ਼ਕ ਅਨੁਸਾਰ ਇਹਨਾਂ ਦਾ ਉਦੇਸ਼ ਵਿਦਿਆਰਥੀਆਂ ਨੂੰ ਇਤਿਹਾਸ, ਵਿਗਿਆਨ, ਭੂਗੋਲ, ਧਰਮ ਅਤੇ ਗਿਆਨ ਦੇ ਹੋਰ ਮੂਲ ਖੇਤਰਾਂ ਬਾਰੇ ਅਸਲ ਤੱਥਾਂ ਤੋਂ ਜਾਣੂ ਕਰਵਾਉਣਾਹੈ। ਭਾਵ ਇਹਨਾਂ ਪੁਸਤਕਾਂ ਵਿਚ ਲਿਖੀਆਂ ਗਈਆਂ ਮਿਥਿਹਾਸਕ ਕਲਪਿਤ ਗੱਲਾਂ 'ਅਸਲ ਤੱਥ' ਹਨ। ਜਿਹੜੀ ਮਿਥਿਹਾਸਕ ਗੱਲ ਅਜੋਕੇ ਵਿਗਿਆਨਕ ਅਤੇ ਤਰਕਮੁਖੀ ਜੁੱਗ ਦੇ ਕਿਸੇ ਗਿਆਨ-ਖੇਤਰ ਨਾਲ ਜੋੜੀ ਜਾ ਸਕਦੀ ਹੈ, ਉਹ ਉਸਦੇ ਪ੍ਰਮਾਣਿਕ ਅਤੇ ਵਿਗਿਆਨਕ ਇਤਿਹਾਸ ਵਜੋਂ ਪੇਸ਼ ਕੀਤੀ ਗਈ ਹੈ। ਮਿਸਾਲ ਵਜੋਂ, ਇਹਨਾਂ ਪੁਸਤਕਾਂ ਦੇ ਭੂਗੋਲ ਅਨੁਸਾਰ ਪਾਕਿਸਤਾਨ ਅਤੇ ਬੰਗਲਾਦੇਸ਼ ਤਾਂ ਹੋਣੇ ਹੀ ਸਨ, ਅਫ਼ਗਾਨਿਸਤਾਨ, ਤਿੱਬਤ, ਨਿਪਾਲ, ਭੂਟਾਨ, ਸ਼੍ਰੀਲੰਕਾ ਅਤੇ ਮਿਆਂਮਾਰ ਕਿਸੇ ਸਮੇਂ 'ਅਖੰਡ ਭਾਰਤ' ਦੇ ਹਿੱਸੇ ਰਹੇ ਹਨ ਜਿਸ ਕਰਕੇ ਉਹ ਹੁਣ ਵੀ ਭਾਰਤ ਦੇ ਅੰਗ ਹੋਣੇ ਚਾਹੀਦੇ ਹਨ। ਇਸ ਗਹਿਰੇ ਗਿਆਨ-ਸਾਗਰ ਵਿੱਚੋਂ ਨਿਕਲੇ ਦੋ-ਚਾਰ ਹੋਰ ਮੋਤੀਆਂ ਦੇ ਦਰਸ਼ਨ ਕਰਨੇ ਵੀ ਠੀਕ ਰਹਿਣਗੇ।

'ਤੇਜਮਈ ਭਾਰਤ' ਦੇ ਪੰਨਾ 60 ਉੱਤੇ ਹਜ਼ਾਰਾਂ ਸਾਲ ਪਹਿਲਾਂ ਦੇ ਭਾਰਤ ਦੇ ਤਕਨਾਲੋਜੀਕਲ ਵਿਕਾਸ ਬਾਰੇ ਇਉਂ ਦੱਸਿਆ ਗਿਆ ਹੈ, ਜਿਸ ਨੂੰ ਅਸੀਂ ਅੱਜ ਮੋਟਰਕਾਰ ਕਹਿੰਦੇ ਹਾਂ, ਉਹ ਵੇਦ-ਕਾਲ ਵਿਚ ਮੌਜੂਦ ਸੀ। ਇਹਨੂੰ ਅਨ-ਅਸ਼ਵ ਰਥ ਕਿਹਾ ਜਾਂਦਾ ਸੀ। ਆਮ ਕਰਕੇ ਰਥ ਨੂੰ ਅਸ਼ਵ ਅਰਥਾਤ ਘੋੜੇ ਖਿੱਚਦੇ ਹਨ ਪਰ ਅਨ-ਅਸ਼ਵ ਰਥ ਦਾ ਮਤਲਬ ਉਹ ਰਥ ਹੈ ਜੋ ਘੋੜਿਆਂ ਤੋਂ ਬਿਨਾ ਚੱਲੇ, ਭਾਵ ਮਸ਼ੀਨੀ ਰਥ। ਇਉਂ ਅੱਜ ਜੋ ਮੋਟਰਕਾਰ ਹੈ, ਇਹਦਾ ਵੇਰਵਾ ਰਿਗਵੇਦ ਵਿਚ ਮੌਜੂਦ ਹੈ।ਪੁਸਤਕ ਦੇ ਵਿਦਵਾਨ ਰਚਨਾਕਾਰ ਨੇ ਇਹ ਦੱਸਣ ਦੀ ਖੇਚਲ ਨਹੀਂ ਕੀਤੀ ਕਿ ਅਨ-ਅਸ਼ਵ ਦਾ ਮਤਲਬ ਕਿਸ ਕੋਸ਼-ਵਿਧੀ ਨਾਲ ਮਸ਼ੀਨੀ ਹੋਇਆ। ਇਸ ਦਾ ਮਤਲਬ ਉਹ ਰਥ ਕਿਉਂ ਨਹੀਂ ਹੋਵੇਗਾ ਜਿਸ ਨੂੰ ਘੋੜੇ ਦੀ ਥਾਂ ਕੋਈ ਹੋਰ ਪਸ਼ੂ, ਜਿਵੇਂ ਝੋਟਾ ਜਾਂ ਬਲਦ ਖਿੱਚ ਰਿਹਾ ਹੋਵੇ ?

ਪੰਨਾ 64 ਤੋਂ ਪੁਰਾਤਨ ਭਾਰਤ ਦੇ ਤਕਨਾਲੋਜੀਕਲ ਵਿਕਾਸ ਦੀ ਇਕ ਹੋਰ ਤਸਵੀਰ ਦੇਖੋ, ਸਾਨੂੰ ਦੱਸਿਆ ਜਾਂਦਾ ਹੈ ਕਿ ਟੈਲੀਵਿਯਨ ਦੀ ਕਾਢ 1926 ਵਿਚ ਸਕਾਟਲੈਂਡ ਦੇ ਇਕ ਪਾਦਰੀ ਜਾਨ ਲੌਗੀ ਬੇਅਰਡ ਨੇ ਕੱਢੀ ਸੀ। ਪਰ ਅਸੀਂ ਤੁਹਾਨੂੰ ਬਹੁਤ ਪੁਰਾਤਨ ਦੂਰਦਰਸ਼ਨ ਦੀ ਵਾਰਤਾ ਦੱਸਦੇ ਹਾਂ। ਭਾਰਤੀ ਰਿਸ਼ੀ ਆਪਣੀ ਯੋਗ ਵਿੱਦਿਆ ਨਾਲ ਦਿਵਯ-ਦ੍ਰਿਸ਼ਟੀ ਪਰਾਪਤ ਕਰ ਲੈਂਦੇ ਸਨ। ਕੋਈ ਸ਼ੱਕ ਨਹੀਂ ਕਿ ਟੈਲੀਵਿਯਨ ਦੀ ਕਾਢ ਦਾ ਮੁੱਢ ਉੱਥੋਂ ਹੀ ਬੱਝਿਆ। ਹਸਤਨਾਪੁਰ ਦੇ ਇਕ ਮਹਿਲ ਵਿਚ ਬੈਠਾ ਸੰਜਯ ਆਪਣੀ ਦਿਵਯ-ਸ਼ਕਤੀ ਵਰਤ ਕੇ ਨੇਤਰਹੀਣ ਧ੍ਰਿਤਰਾਸ਼ਟਰ ਨੂੰ ਮਹਾਂਭਾਰਤ ਦੀ ਲੜਾਈ ਦਾ ਲਾਈਵ ਟੈਲੀਕਾਸਟ ਦੱਸਦਾ ਰਿਹਾ ਸੀ।

ਪੰਨਾ 92-93 ਉੱਤੇ ਅਮਰੀਕਾ ਦੇ ਸਟੈੱਮ ਸੈੱਲ ਦਾ ਕਾਢਕਾਰ ਹੋਣ ਦੇ ਦਾਅਵੇ ਦਾ ਖੰਡਨ ਇਸ ਕਥਾ ਨਾਲ ਕੀਤਾ ਗਿਆ ਹੈ, ਕੁੰਤੀ ਦੇ ਸੂਰਜ ਵਰਗਾ ਤੇਜੱਸਵੀ ਪੁੱਤਰ ਪੈਦਾ ਹੋਇਆ। ਜਦੋਂ ਗਾਂਧਾਰੀ ਨੂੰ, ਜੋ ਪਹਿਲਾਂ ਦੋ ਸਾਲ ਗਰਭ ਧਾਰਨ ਨਹੀਂ ਸੀ ਕਰ ਸਕੀ, ਇਸ ਗੱਲ ਦਾ ਪਤਾ ਲੱਗਿਆ, ਉਹਦਾ ਗਰਭਪਾਤ ਹੋ ਗਿਆ। ਉਹਦੀ ਕੁੱਖ ਵਿੱਚੋਂ ਮਾਸ ਦਾ ਇਕ ਬਹੁਤ ਵੱਡਾ ਲੋਥੜਾ ਬਾਹਰ ਆਇਆ। ਰਿਸ਼ੀ ਦਵੈਪਿਅਨ ਨੂੰ ਬੁਲਾਇਆ ਗਿਆ। ਉਹਨੇ ਮਾਸ ਦਾ ਇਹ ਸਖ਼ਤ ਲੋਥੜਾ ਦੇਖਿਆ-ਘੋਖਿਆ ਅਤੇ ਵਿਸ਼ੇਸ਼ ਰਸਾਇਣਾਂ ਦੇ ਭਰੇ ਹੋਏ ਇਕ ਠੰਢੇ ਕੁੰਡ ਵਿਚ ਸਾਂਭ ਦਿੱਤਾ। ਕੁਝ ਸਮੇਂ ਪਿੱਛੋਂ ਉਹਨੇ ਉਸ ਲੋਥੜੇ ਦੇ ਸੌ ਟੁਕੜੇ ਕੀਤੇ ਅਤੇ ਦੋ ਸਾਲਾਂ ਲਈ ਘਿਓ ਦੇ ਭਰੇ ਸੌ ਭਾਂਡਿਆਂ ਵਿਚ ਪਾ ਰੱਖੇ। ਦੋ ਸਾਲ ਮਗਰੋਂ ਮਾਸ ਦੇ ਉਹਨਾਂ ਟੁਕੜਿਆਂ ਤੋਂ ਸੌ ਕੌਰਵ ਪੈਦਾ ਹੋਏ। ਇਉਂ ਸਟੈੱਮ ਸੈੱਲ ਦੀ ਕਾਢ ਭਾਰਤ ਵਿਚ ਹਜ਼ਾਰਾਂ ਸਾਲ ਪਹਿਲਾਂ ਕੱਢੀ ਜਾ ਚੁੱਕੀ ਸੀ।

ਹਰ ਹੋਸ਼ਮੰਦ ਭਾਰਤੀ ਨੂੰ ਚਿੰਤਾ ਕਰਨੀ ਚਾਹੀਦੀ ਹੈ ਕਿ ਅਸੀਂ 'ਵਿਗਿਆਨਕ ਸੁਭਾਅ' ਦੇ ਕੌਮੀ ਉਦੇਸ਼ ਤੋਂ ਚੱਲ ਕੇ ਕਿੱਥੇ ਪਹੁੰਚ ਗਏ ਹਾਂ। ਸੋਚਣ ਵਾਲ਼ੀ ਗੱਲ ਹੈ ਕਿ ਦੁਨੀਆ ਦੇ ਆਧੁਨਿਕ ਵਿਗਿਆਨਕ ਸਿੱਖਿਆ ਵਾਲੇ ਬੱਚਿਆਂ ਦੇ ਮੁਕਾਬਲੇ ਇਸ ਅਨ-ਅਸ਼ਵੀ, ਧ੍ਰਿਤਰਾਸ਼ਟਰੀ ਤੇ ਕੌਰਵੀ 'ਵਿਗਿਆਨਕ-ਤਕਨਾਲੋਜੀਕਲ' ਗਿਆਨ ਨਾਲ ਲੈਸ ਸਾਡੇ ਬੱਚੇ ਕਿੱਥੇ ਖਲੋਣਗੇ! ਇਹ ਤੱਥ ਇਸ ਚਿੰਤਾ ਵਿਚ ਹੋਰ ਵਾਧਾ ਕਰਦਾ ਹੈ ਕਿ ਇਸ ਸੋਚ ਅਤੇ ਵਿਦਿਅਕ ਨੀਤੀ ਉੱਤੇ ਖ਼ੁਦ ਪ੍ਰਧਾਨ ਮੰਤਰੀ ਦੀ ਪਰਵਾਨਗੀ ਦੀ ਮੋਹਰ-ਛਾਪ ਲੱਗੀ ਹੋਈ ਹੈ। ਕੁਝ ਸਮਾਂ ਪਹਿਲਾਂ ਮੁੰਬਈ ਦੇ ਇਕ ਪ੍ਰਸਿੱਧ ਆਧੁਨਿਕ ਹਸਪਤਾਲ ਵਿਚ ਹੋਈ ਪ੍ਰਮੁੱਖ ਡਾਕਟਰਾਂ ਅਤੇ ਸਰਜਨਾਂ ਦੀ ਇਕ ਕਾਨਫ਼ਰੰਸ ਵਿਚ ਮੋਦੀ ਜੀ ਨੇ ਆਪਣਾ 'ਸੰਵਿਧਾਨਕ ਵਿਗਿਆਨਕ ਸੁਭਾਅ' ਇਹਨਾਂ ਸ਼ਬਦਾਂ ਵਿਚ ਪਰਗਟ ਕੀਤਾ, "ਕਿਸੇ ਸਮੇਂ ਜੋ ਪਰਾਪਤੀਆਂ ਸਾਡੇ ਦੇਸ਼ ਨੇ ਡਾਕਟਰੀ ਵਿਗਿਆਨ ਵਿਚ ਕਰ ਲਈਆਂ ਸਨ, ਸਾਨੂੰ ਉਹਨਾਂ ਦਾ ਮਾਣ ਹੋਣਾ ਚਾਹੀਦਾ ਹੈ। ਮਹਾਂਭਾਰਤ ਵਿਚ ਅਸੀਂ ਕਰਨ ਦਾ ਜ਼ਿਕਰ ਪੜ੍ਹਦੇ ਹਾਂ। ਜੇ ਅਸੀਂ ਕੁਝ ਵਧੇਰੇ ਡੂੰਘਾ ਸੋਚੀਏ, ਪਤਾ ਲਗਦਾ ਹੈ ਕਿ ਮਹਾਂਭਾਰਤ ਦੱਸਦੀ ਹੈ, ਕਰਨ ਆਪਣੀ ਮਾਂ ਦੀ ਕੁੱਖ ਵਿੱਚੋਂ ਪੈਦਾ ਨਹੀਂ ਸੀ ਹੋਇਆ। ਇਸ ਦਾ ਮਤਲਬ ਹੈ ਕਿ ਉਸ ਸਮੇਂ ਜੈਨੇਟਿਕ ਵਿਗਿਆਨ ਮੌਜੂਦ ਸੀ ਜਿਸ ਕਰਕੇ ਕਰਨ ਆਪਣੀ ਮਾਂ ਦੀ ਕੁੱਖ ਤੋਂ ਬਿਨਾ ਪੈਦਾ ਹੋ ਸਕਿਆ। ਅਸੀਂ ਗਣੇਸ਼ ਦੀ ਪੂਜਾ ਕਰਦੇ ਹਾਂ। ਉਸ ਸਮੇਂ ਕੋਈ ਪਲਾਸਟਿਕ ਸਰਜਨ ਜ਼ਰੂਰ ਹੋਵੇਗਾ ਜਿਸ ਨੇ ਹਾਥੀ ਦਾ ਸਿਰ ਮਨੁੱਖ ਦੇ ਧੜ ਉੱਤੇ ਲਾ ਦਿੱਤਾ ਅਤੇ ਉੱਥੋਂ ਪਲਾਸਟਿਕ ਸਰਜਰੀ ਦਾ ਮੁੱਢ ਬੱਝਿਆ। ਅਨੇਕ ਖੇਤਰ ਹਨ ਜਿਨ੍ਹਾਂ ਵਿਚ ਸਾਡੇ ਪੁਰਖਿਆਂ ਨੇ ਵੱਡੀਆਂ ਪਰਾਪਤੀਆਂ ਕੀਤੀਆਂ। ਕਈਆਂ ਨੂੰ ਤਾਂ ਸਾਰੀ ਦੁਨੀਆ ਪਰਵਾਨ ਕਰਦੀ ਹੈ। ਮੇਰੇ ਕਹਿਣ ਦਾ ਮਤਲਬ ਹੈ, ਅਸੀਂ ਇਕ ਅਜਿਹਾ ਦੇਸ਼ ਹਾਂ ਜੋ ਇੰਨਾ ਸਮਰੱਥਾਵਾਨ ਹੁੰਦਾ ਸੀ। ਇਹ ਸਮਰੱਥਾਵਾਂ ਨਵੇਂ ਸਿਰਿਉਂ ਹਾਸਲ ਕਰਨ ਦੀ ਲੋੜ ਹੈ।"

ਇਹ ਸੀ ਉਹ ਮਾਹੌਲ ਜਿਸ ਵਿਰੁੱਧ ਲੇਖਕ ਭਾਈਚਾਰੇ ਵਿਚ, ਜੋ ਸਮਾਜ ਦਾ ਸਭ ਤੋਂ ਜਾਗ੍ਰਿਤ ਤੇ ਜਜ਼ਬਾਤੀ ਅੰਗ ਹੁੰਦਾ ਹੈ, ਰੋਸ ਪੈਦਾ ਹੋਣਾ ਕੁਦਰਤੀ ਸੀ। ਇਹ ਗੱਲ ਵਧੇਰੇ ਹੀ ਵਧੇਰੇ ਸਪਸ਼ਟ ਹੁੰਦੀ ਜਾ ਰਹੀ ਸੀ ਕਿ ਨਾਂਹਮੁਖੀ ਹਨੇਰੀਆਂ ਤਾਕਤਾਂ ਸਾਹਿਤ ਅਤੇ ਸਭਿਆਚਾਰ ਦੇ ਖੇਤਰ ਵਿਚ ਜੋ ਕੁਝ ਐਲਾਨੀਆ ਅਮਲ ਵਿਚ ਲਿਆ ਰਹੀਆਂ ਹਨ, ਉਹ ਵਰਤਮਾਨ ਹਾਕਮਾਂ ਦਾ ਅਣਐਲਾਨਿਆ ਏਜੰਡਾ ਹੈ। ਇਹ ਹਾਲਤ ਹਰ ਹੋਸ਼ਮੰਦ ਆਦਮੀ ਨੂੰ ਸੋਚਾਂ ਵਿਚ ਪਾਉਣ ਵਾਲੀ ਸੀ। ਸਰਕਾਰ ਦੀ ਨਜ਼ਰ ਵਿਚ ਤਾਂ ਸਾਹਿਤਕਾਰ ਕਿਸੇ ਮਾਣਜੋਗ ਸਮਾਜਕ ਹੈਸੀਅਤ ਤੇ ਮਹੱਤਵ ਤੋਂ ਸੱਖਣੇ ਅਤੇ ਵਿਰੋਧੀ ਧਿਰ ਦੇ ਉਕਸਾਏ ਸਾਜ਼ਿਸ਼ੀਏ ਹਨ। ਇਸ ਕਰਕੇ ਸਭਿਆਚਾਰ ਮੰਤਰੀ ਨੇ ਅਸਹਿਣਸ਼ੀਲਤਾ ਦੇ ਸਾਰੇ ਮੁੱਦੇ ਤੇ ਮਸਲੇ ਦਾ 'ਸਹਿਣਸ਼ੀਲ' ਸਰਕਾਰੀ ਹੱਲ ਦੱਸ ਦਿੱਤਾ ਕਿ ਲੇਖਕ ਜੇ ਮਾਹੌਲ ਦੀ ਘੁਟਣ ਮਹਿਸੂਸ ਕਰਦੇ ਹਨ ਤਾਂ ਲਿਖਣਾ ਬੰਦ ਕਰ ਦੇਣ। ਇਸ ਪਿੱਛੋਂ ਇਕ ਇਕ ਕਰ ਕੇ ਕਈ ਮੰਤਰੀ ਅਤੇ ਰਾਜਨੀਤਕ ਆਗੂ ਬੋਲਣ ਲੱਗੇ। ਭਵਿੱਖ ਦੇ ਅਜਿਹੇ ਟੁੱਟਵੇਂ ਤੇ ਬੇਸੇਧੇ ਬਿਆਨਾਂ ਵਿਚ ਇਕਸੁਰਤਾ ਲਿਆਉਣ ਲਈ ਤੇ ਸਨਮਾਨ-ਵਾਪਸੀਏ ਲੇਖਕਾਂ ਨੂੰ ਦੇਣ ਵਾਲੀਆਂ ਗਾਲ਼ਾਂ ਸੁਝਾਉਣ ਲਈ ਸਾਰੀ ਕੈਬਨਿਟ ਵਿੱਚੋਂ ਲਿਖਣ-ਪੜ੍ਹਨ ਨਾਲ ਮਾੜਾ-ਮੋਟਾ ਵਾਹ ਰੱਖਣ ਵਾਲੇ ਇੱਕੋ-ਇੱਕ ਮੰਤਰੀ ਅਰੁਣ ਜੇਤਲੀ ਨੇ ਇਕ ਲੇਖ ਲਿਖ ਦਿੱਤਾ।

ਇਸ ਲੇਖ ਵਿਚ ਉਹਨੇ ਦਾਅਵਾ ਕੀਤਾ ਕਿ ਕਿਸੇ ਐਵੇਂ ਵਾਪਰੀ ਇਕਾ-ਦੁੱਕਾ ਘਟਨਾ ਨੂੰ ਛੱਡ ਕੇ ਸ਼ਾਂਤਮਈ ਸਹਿਹੋਂਦ ਵਾਲੀ ਉਦਾਰ ਜਮਹੂਰੀਅਤ ਨੂੰ ਪੂਰੀ ਤਰ੍ਹਾਂ ਪ੍ਰਣਾਏ ਹੋਏ ਭਾਰਤ ਦੇਸ਼ ਵਿਚ ਪੂਰੀ ਸੁਹਿਰਦਤਾ, ਸਦਭਾਵਨਾ ਅਤੇ ਇਕਸੁਰਤਾ ਦਾ ਮਾਹੌਲ ਹੈ ਅਤੇ ਸਹਿਣਸ਼ੀਲਤਾ ਦਾ ਬੋਲਬਾਲਾ ਹੈ। ਸਾਹਿਤਕਾਰਾਂ ਅਤੇ ਹੋਰਾਂ ਦੇ ਰੋਸ ਨੂੰ ਉਹਨੇ ਬੌਧਿਕ ਅਸਹਿਣਸ਼ੀਲਤਾ ਅਤੇ ਮਨਘੜਤ ਬਗ਼ਾਵਤ ਦਾ ਨਾਂ ਦਿੱਤਾ ਅਤੇ ਕਿਹਾ ਕਿ ਇਸ ਸਭ ਦੇਸ਼-ਵਿਰੋਧੀ ਰੌਲ਼ਾ ਬਹੁਤ ਹੀ ਤੇਜ਼ੀ ਨਾਲ ਭਾਰਤ ਨੂੰ ਕਿੱਥੋਂ ਕਿੱਥੇ ਲੈ ਗਈ ਮੋਦੀ ਸਰਕਾਰ ਨੂੰ ਕੌਮਾਂਤਰੀ ਪਿੜ ਵਿਚ ਬਦਨਾਮ ਕਰਨ ਤੇ ਦੇਸ਼ ਨੂੰ ਪਿੱਛੇ ਖਿੱਚਣ ਲਈ ਪਾਇਆ ਜਾ ਰਿਹਾ ਹੈ। ਵਰਤਮਾਨ ਹਾਲਤ ਮੰਗ ਕਰਦੀ ਹੈ ਕਿ ਅਸੀਂ ਹੋਰ ਬਹੁਤੀ ਦ੍ਰਿੜ੍ਹਤਾ ਨਾਲ ਆਪਣੀ ਇਸ ਪ੍ਰੰਪਰਾ ਦੇ ਲੜ ਲੱਗੀਏ। ਸਾਹਿਤਕ ਰਚਨਾ ਦੇ ਨਾਲ ਨਾਲ ਜਿਹੜੇ ਕਲਮਕਾਰ ਵਰਤਮਾਨ ਹਾਲਾਤ ਬਾਰੇ ਆਪਣੇ ਵਿਚਾਰ ਕਿਸੇ ਵੀ ਸਾਧਨ ਰਾਹੀਂ ਲੋਕਾਂ ਨਾਲ ਸਾਂਝੇ ਕਰ ਸਕਣ, ਉਹਨਾਂ ਨੂੰ ਜ਼ਰੂਰ ਕਰਨੇ ਚਾਹੀਦੇ ਹਨ।

ਮੈਂ ਇਹ ਵੀ ਸਪਸ਼ਟ ਕਰ ਦੇਵਾਂ ਕਿ ਇਸ ਚੰਦਰੇ ਮਾਹੌਲ ਦੇ ਬਾਵਜੂਦ ਸਾਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ। ਸਾਨੂੰ ਆਸਵੰਦ ਤੇ ਵਿਸ਼ਵਾਸੀ ਰਹਿਣਾ ਚਾਹੀਦਾ ਹੈ ਕਿ ਸਾਡਾ ਸਾਹਿਤ ਤੇ ਸਭਿਆਚਾਰ, ਖਾਸ ਕਰਕੇ ਸਾਡੇ ਲੋਕ, ਇਹਨਾਂ ਜ਼ਖ਼ਮਾਂ ਦੇ ਬਾਵਜੂਦ, ਇਸ ਹਨੇਰੇ ਦੌਰ ਵਿੱਚੋਂ ਸਾਬਤ-ਸਬੂਤ ਪਾਰ ਨਿਕਲ ਸਕਣਗੇ ਅਤੇ ਅਸੀਂ ਫੇਰ ਸੱਜਰੇ ਬਲ ਨਾਲ ਆਪਣੇ ਸਹਿਜ-ਵਿਕਾਸੀ ਮਾਰਗ ਦੇ ਉਤਸ਼ਾਹੀ ਪਾਂਧੀ ਬਣ ਸਕਾਂਗੇ!

## ਪੰਜਾਬ 'ਚ ਤੀਜੇ ਰਾਜਸੀ ਬਦਲ ਦੀ ਬੇੜੀ ਨੂੰ ਮਲਾਹ ਹੀ ਲੱਗੇ ਡੋਬਣ

ਮੁੜ ਪਟਿਆਲਾ ਤੋਂ ਚੋਣ ਲੜ ਰਹੇ ਹਨ। ਇਸ ਵਿਚ ਸ਼ਾਮਲ ਪੰਜਵੀਂ ਪਾਰਟੀ ਸੀਪੀਆਈ ਦੀਆਂ ਦੋ ਸੀਟਾਂ ਅੰਮ੍ਰਿਤਸਰ ਤੋਂ ਦਸਵਿੰਦਰ ਕੌਰ ਅਤੇ ਫਿਰੋਜ਼ਪੁਰ ਤੋਂ ਹੰਸ ਰਾਜ ਚੋਣ ਲੜ ਰਹੇ ਹਨ। ਮੰਗਤ ਰਾਮ ਪਾਸਲਾ ਦੀ ਛੇਵੀਂ ਪਾਰਟੀ ਆਰਸੀਪੀਆਈ ਵੱਲੋਂ ਗੁਰਦਾਸਪੁਰ ਤੋਂ ਲਾਲ ਚੰਦ ਚੋਣ ਲੜ ਰਹੇ ਹਨ। ਇਸ ਗਠਜੋੜ ਵਿਚੋਂ ਦੋ ਪਾਰਟੀਆਂ ਟਕਸਾਲੀ ਅਕਾਲੀ ਦਲ ਤੇ 'ਆਪ' ਬਾਹਰ ਹਨ। ਕਿਸੇ ਵੇਲੇ ਟਕਸਾਲੀ ਅਕਾਲੀ ਦਲ ਤੇ 'ਆਪ' ਦੀ ਇਸ ਗੱਠਜੋੜ ਨਾਲ ਸਾਂਝ ਦੀ ਗੱਲ ਤੁਰੀ ਸੀ ਪਰ ਟਿਕਟਾਂ ਦੀ ਵੰਡ ਅਤੇ ਰਾਜਸੀ ਹਉਮੈ ਕਾਰਨ ਇਹ ਲੀਹੋਂ ਲਹਿ ਗਈ।

ਦੂਜੀ ਮੁੱਖ ਵਿਰੋਧੀ ਪਾਰਟੀ 'ਆਪ' 13 ਸੀਟਾਂ 'ਤੇ ਚੋਣ ਲੜ ਰਹੀ ਹੈ। ਸੰਗਰੂਰ ਤੋਂ ਪਾਰਟੀ ਦੇ ਪ੍ਰਧਾਨ ਦੇ ਸੰਸਦ ਮੈਂਬਰ ਭਗਵੰਤ ਮਾਨ, ਫਰੀਦਕੋਟ ਤੋਂ ਸੰਸਦ ਮੈਂਬਰ ਪ੍ਰੋ. ਸਾਧੂ ਸਿੰਘ, ਅੰਮ੍ਰਿਤਸਰ ਤੋਂ ਕੁਲਦੀਪ ਧਾਲੀਵਾਲ, ਫਿਰੋਜ਼ਪੁਰ ਤੋਂ ਹਰਜਿੰਦਰ ਸਿੰਘ ਕਾਕਾ ਸਰਾਂ, ਹੁਸ਼ਿਆਰਪੁਰ ਤੋਂ ਡਾ. ਰਵਜੋਤ ਸਿੰਘ, ਆਨੰਦਪੁਰ ਸਾਹਿਬ ਤੋਂ ਨਰਿੰਦਰ ਸ਼ੇਰਗਿੱਲ, ਬਠਿੰਡਾ ਤੋਂ ਪ੍ਰੋ. ਬਲਜਿੰਦਰ ਕੌਰ, ਖਡੂਰ ਸਾਹਿਬ ਤੋਂ ਮਨਜਿੰਦਰ ਸਿੰਘ ਸਿੱਧੂ, ਗੁਰਦਾਸਪੁਰ ਤੋਂ ਪੀਟਰ ਮਸੀਹ ਚੀਦਾ, ਫਤਹਿਗੜ੍ਹ ਸਾਹਿਬ ਤੋਂ ਬਲਜਿੰਦਰ ਸਿੰਘ, ਜਲੰਧਰ ਤੋਂ ਜਸਟਿਸ ਜ਼ੋਰਾ ਸਿੰਘ, ਪਟਿਆਲਾ ਤੋਂ ਨੀਨਾ ਮਿੱਤਲ ਅਤੇ ਲੁਧਿਆਣਾ ਤੋਂ ਯੂਥ ਵਿੰਗ ਦੇ ਆਗੂ ਪ੍ਰੋਫੈਸਰ ਤੇਜਪਾਲ ਸਿੰਘ ਚੋਣ ਲੜ ਰਹੇ ਹਨ।

ਇਸੇ ਤਰ੍ਹਾਂ ਇਕ ਹੋਰ ਸਿਆਸੀ ਧਿਰ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਵੱਲੋਂ ਆਨੰਦਪੁਰ ਸਾਹਿਬ ਤੋਂ ਬੀਰਦਵਿੰਦਰ ਸਿੰਘ ਉਮੀਦਵਾਰ ਹਨ। ਖਡੂਰ ਸਾਹਿਬ ਤੋਂ ਸਾਬਕਾ ਫ਼ੌਜ ਮੁਖੀ ਜੇਜੇ ਸਿੰਘ ਨੂੰ ਚੋਣ ਲੜ ਰਹੇ ਸਨ, ਪਰ ਪੰਥਕ ਦਬਾਅ ਪੈਣ ਕਾਰਨ ਟਕਸਾਲੀ ਅਕਾਲੀ ਦਲ ਨੂੰ ਖਡੂਰ ਸਾਹਿਬ ਤੋਂ ਆਪਣਾ ਉਮੀਦਵਾਰ ਵਾਪਸ ਲੈਣਾ ਪਿਆ। ਹੁਣ ਸਾਬਕਾ ਜਨਰਲ ਜੇਜੇ ਸਿੰਘ ਹਲਕਾ ਖਡੂਰ ਸਾਹਿਬ ਤੋਂ ਲੋਕ ਸਭਾ ਦੀ ਚੋਣ ਨਹੀਂ ਲੜਨਗੇ। ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਵਿਚ ਲਏ ਗਏ ਫੈਸਲੇ ਮੁਤਾਬਿਕ ਅਕਾਲੀ ਦਲ ਟਕਸਾਲੀ ਪੰਜਾਬ ਏਕਤਾ ਪਾਰਟੀ ਵੱਲੋਂ ਪੰਜਾਬ ਜਮਹੂਰੀ ਗਠਜੋੜ ਰਾਹੀਂ ਚੋਣ ਲੜ ਰਹੇ ਬੀਬੀ ਪਰਮਜੀਤ ਕੌਰ ਖਾਲੜਾ ਦਾ ਸਮਰਥਨ ਕਰੇਗਾ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਾਰਟੀ ਦੇ ਬੁਲਾਰੇ ਤੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਬਾਦਲ ਦਲ ਤੇ ਕਾਂਗਰਸ ਦੋਵੇਂ ਪਾਰਟੀਆਂ ਪੰਜਾਬ ਦੀਆਂ ਦੋਖੀ ਪਾਰਟੀਆਂ ਹਨ ਅਤੇ ਇਨ੍ਹਾਂ ਹਰਾਉਣ ਲਈ ਇਕ ਮੰਚ 'ਤੇ ਇਕੱਠਾ ਹੋਣਾ ਸਮੇਂ ਦੀ ਲੋੜ ਸੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਟਕਸਾਲੀ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਨੂੰ ਪ੍ਰਣਾਮ ਕਰਦਿਆਂ ਬੀਬੀ ਪਰਮਜੀਤ ਕੌਰ ਖਾਲੜਾ ਦਾ ਸਮਰਥਨ ਕਰੇਗਾ।

ਸੂਤਰਾਂ ਅਨੁਸਾਰ ਜਨਰਲ ਜੇਜੇ ਸਿੰਘ ਦਾ ਨਾਂ ਵਾਪਸ ਲਏ ਜਾਣ ਨਾਲ ਸ਼੍ਰੋਮਣੀ ਅਕਾਲੀ ਦਲ (ਬ) ਦੀ ਉਮੀਦਵਾਰ ਬੀਬੀ ਜਗੀਰ ਕੌਰ ਤੇ ਕਾਂਗਰਸ ਉਮੀਦਵਾਰ ਡਿੰਪਾ ਲਈ ਵੱਡੀ ਮੁਸੀਬਤ ਖੜ੍ਹੀ ਹੋ ਸਕਦੀ ਹੈ।

ਇਸ ਤੋਂ ਇਲਾਵਾ ਚੌਥੀ ਵਿਰੋਧੀ ਧਿਰ ਸੀਪੀਆਈ (ਐੱਮ) ਵੱਲੋਂ ਆਪਣੇ ਪੱਧਰ 'ਤੇ ਸੀਟੂ ਦੇ ਆਗੂ ਰਘੂਨਾਥ ਸਿੰਘ ਵੀ ਆਨੰਦਪੁਰ ਸਾਹਿਬ ਤੋਂ ਚੋਣ ਲੜਨਗੇ। 'ਆਪ' ਨੇ ਪੰਜਾਬ ਡੈਮੋਕ੍ਰੇਟਿਕ ਫਰੰਟ ਨਾਲ ਇਸ ਕਾਰਨ ਸਮਝੌਤਾ ਨਹੀਂ ਕੀਤਾ ਕਿ ਉਹ ਖਹਿਰਾ ਤੇ ਬੈਂਸ ਨਾਲ ਸਾਂਝ ਨਹੀਂ ਪਾ ਸਕਦੇ। ਇਸੇ ਤਰ੍ਹਾਂ ਅਕਾਲੀ ਦਲ ਟਕਸਾਲੀ ਦਾ 'ਆਪ' ਤੇ ਪੀਡੀਏ ਨਾਲ ਆਨੰਦਪੁਰ ਦੀ ਸੀਟ ਦੇ ਤਕਰਾਰ ਕਾਰਨ ਸਮਝੌਤਾ ਨਹੀਂ ਹੋ ਸਕਿਆ। ਇਸ ਕਰ ਕੇ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਲੋਕ ਸਭਾ ਚੋਣਾਂ ਵਿੱਚ ਇਸ ਵਾਰ ਵੀ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਵਿਚਾਲੇ ਹੀ ਮੁੱਖ ਟੱਕਰ ਹੋਏਗੀ।

ਪੰਜਾਬ ਦੀ ਜ਼ਮੀਨੀ ਹਕੀਕਤ ਇਸ ਸਮੇਂ ਇਹ ਹੈ ਕਿ ਅਕਾਲੀ ਦਲ-ਬੀਜੇਪੀ ਤੇ ਕਾਂਗਰਸ ਨੂੰ ਛੱਡ ਕੇ ਇਸ ਵਾਰ ਵਿਰੋਧੀ ਧਿਰਾਂ ਮੁੱਖ ਤੌਰ 'ਤੇ ਚਾਰ ਹਿੱਸਿਆਂ ਵਿੱਚ ਵੰਡੀਆਂ ਹੋਈਆਂ ਹਨ। ਇਨ੍ਹਾਂ ਵਿੱਚ ਪੰਜਾਬ ਜਮਹੂਰੀ ਗੱਠਜੋੜ (ਪੀਡੀਏ), ਆਮ ਆਦਮੀ ਪਾਰਟੀ (ਆਪ), ਸ਼੍ਰੋਮਣੀ ਅਕਾਲੀ ਦਲ ਟਕਸਾਲੀ ਤੇ ਸੀਪੀਆਈ (ਐਮ) ਸ਼ਾਮਲ ਹਨ। ਪੀਡੀਏ ਵਿੱਚ ਛੇ ਪਾਰਟੀਆਂ ਵੱਲੋਂ ਸ਼ਾਮਲ ਹੋ ਕੇ ਸਾਰੀਆਂ 13 ਸੀਟਾਂ 'ਤੇ ਚੋਣ ਲੜੀ ਜਾ ਰਹੀ ਹੈ। ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਟਕਸਾਲੀ ਤੇ ਸੀਪੀਆਈ (ਐਮ) ਇਕੱਲੇ-ਇਕੱਲੇ ਚੱਲ ਰਹੇ ਹਨ। ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਤੇ ਹੋਰ ਪੰਥਕ ਧਿਰਾਂ ਵੱਖਰੇ ਤੌਰ 'ਤੇ ਮੈਦਾਨ ਵਿੱਚ ਡਟੀਆਂ ਹਨ। ਭਾਵੇਂ ਤੀਜਾ ਫਰੰਟ ਹੋਂਦ ਵਿਚ ਨਹੀਂ ਆ ਸਕਿਆ ਪਰ ਖਡੂਰ ਸਾਹਿਬ ਤੋਂ ਬੀਬੀ ਪਰਮਜੀਤ ਕੌਰ ਖਾਲੜਾ, ਪਟਿਆਲੇ ਤੋਂ ਧਰਮਵੀਰ ਗਾਂਧੀ, ਸੰਗਰੂਰ ਤੋਂ ਭਗਵੰਤ ਮਾਨ, ਲੁਧਿਆਣੇ ਤੋਂ ਸਿਮਰਜੀਤ ਸਿੰਘ ਬੈਂਸ ਕਾਂਗਰਸ ਤੇ ਬਾਦਲ ਦਲ ਨੂੰ ਸਖ਼ਤ ਚੁਣੌਤੀ ਦੇ ਰਹੇ ਹਨ ਤੇ ਸਿਰਫ ਇਹੋ ਸੀਟਾਂ ਹੀ ਜਿੱਤਣ ਦੀ ਸੰਭਾਵਨਾ ਵਾਲੀਆਂ ਹਨ।

ਸਿਆਸੀ ਮਹਾਂਰਥੀਆਂ ਲਈ ਵਾਟਰ-ਲੂ ਬਣਦਾ ਰਿਹਾ ਹੈ ਪੰਜਾਬ

ਲੋਕ ਸਭਾ ਚੋਣਾਂ ਦੇ ਇਤਿਹਾਸ ਵਿਚ ਪੰਜਾਬ ਦੇ ਕਈ ਸਿਆਸੀ ਮਹਾਂਰਥੀ ਮਾਤ ਖਾ ਚੁੱਕੇ ਹਨ। ਇਨ੍ਹਾਂ ਵਿਚ ਅਰੁਣ ਜੇਟਲੀ, ਅੰਬਿਕਾ ਸੋਨੀ, ਮਾਇਆਵਤੀ, ਵਿਨੋਦ ਖੰਨਾ, ਸੁਖਦੇਵ ਸਿੰਘ ਢੀਂਡਸਾ ਵਰਗੇ ਨਾਂ ਵੀ ਸ਼ਾਮਲ ਹਨ। ਪਟਿਆਲਾ ਸੀਟ 'ਤੇ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਪਰਨੀਤ ਕੌਰ ਵੀ ਇਕ-ਇਕ ਵਾਰ ਹਾਰ ਖਾ ਚੁੱਕੇ ਹਨ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ, ਸਾਬਕਾ ਮੁੱਖ ਮੰਤਰੀ ਦਰਬਾਰਾ ਸਿੰਘ ਵਰਗੇ ਮਹਾਂਰਥੀ ਲੀਡਰ ਵੀ ਜਿੱਤ ਨਹੀਂ ਸਕੇ।

ਇੱਥੋਂ ਤੱਕ ਕਿ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੇ ਮਹਾਂਰਥੀ ਆਗੂ ਅਰੁਣ ਜੇਤਲੀ ਅੰਮ੍ਰਿਤਸਰ ਵਿਚ ਮੋਦੀ ਲਹਿਰ ਦੇ ਬਾਵਜੂਦ ਕੈਪਟਨ ਅਮਰਿੰਦਰ ਸਿੰਘ ਕੋਲੋਂ ਮਾਤ ਖਾ ਗਏ ਸਨ। ਜੇਤਲੀ ਨੂੰ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਦੀ ਕਮਜ਼ੋਰੀਆਂ ਤੇ ਪੰਜਾਬ ਦੀ ਜਨਤਾ ਦੀ ਨਰਾਜ਼ਗੀ ਦਾ ਖਮਿਆਜ਼ਾ ਭੁਗਤਣਾ ਪਿਆ ਸੀ।

ਪਿਛਲੀਆਂ 2014 ਦੀਆਂ ਚੋਣਾਂ ਦੀ ਹੀ ਗੱਲ ਕਰੀਏ ਤਾਂ ਪਟਿਆਲਾ ਲੋਕ ਸਭਾ ਸੀਟ ਤੋਂ ਹੈਟ੍ਰਿਕ ਲਗਾ ਚੁੱਕੀ ਕਾਂਗਰਸੀ ਉਮੀਦਵਾਰ ਸਾਬਕਾ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਨੂੰ ਆਮ ਆਦਮੀ ਪਾਰਟੀ ਦੇ ਡਾ. ਧਰਮਵੀਰ ਗਾਂਧੀ ਦੇ ਹੱਥੋਂ ਕਰੀਬ 21 ਹਜ਼ਾਰ ਵੋਟਾਂ ਨਾਲ ਹਾਰ ਸਹਿਣੀ ਪਈ ਸੀ। ਪਰਨੀਤ ਹੀ ਨਹੀਂ ਪਟਿਆਲਾ ਸੀਟ ਤੋਂ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਲੋਕ ਸਭਾ ਚੋਣਾਂ ਹਾਰ ਚੁੱਕੇ ਹਨ। ਉਨ੍ਹਾਂ ਨੂੰ 1977 ਦੀਆਂ ਚੋਣਾਂ ਵਿਚ ਅਕਾਲੀ ਦਲ ਦੇ ਗੁਰਚਰਨ ਸਿੰਘ ਟੌਹੜਾ ਨੇ ਤਕਰੀਬਨ 90 ਹਜ਼ਾਰ ਵੋਟਾਂ ਨਾਲ ਹਰਾਇਆ ਸੀ।

ਕਾਂਗਰਸ ਦੀ ਸੀਨੀਅਰ ਲੀਡਰ ਅਤੇ ਕੇਂਦਰ ਦੀ ਡਾ. ਮਨਮੋਹਨ ਸਿੰਘ ਸਰਕਾਰ ਵਿਚ ਮੰਤਰੀ ਰਹੀ ਅੰਬਿਕਾ ਸੋਨੀ ਨੂੰ ਅਨੰਦਪੁਰ ਲੋਕ ਸਭਾ ਹਲਕੇ ਤੋਂ ਬਾਦਲ ਦਲ ਦੇ ਉਮੀਦਵਾਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਤੋਂ ਹਾਰ ਸਹਿਣੀ ਪਈ ਸੀ।

ਗੁਰਦਾਸਪੁਰ ਲੋਕ ਸਭਾ ਸੀਟ 'ਤੇ ਜ਼ਿਆਦਾਤਰ ਸਮਾਂ ਕਬਜ਼ਾ ਕਾਂਗਰਸ ਪਾਰਟੀ ਦਾ ਹੀ ਕਬਜ਼ਾ ਰਿਹਾ ਹੈ। ਕਾਂਗਰਸ ਦੀ ਸੁਖਬੰਸ ਕੌਰ ਭਿੰਡਰ ਲਗਾਤਾਰ ਪੰਜ ਵਾਰੀ ਚੋਣਾਂ ਜਿੱਤੀ ਸੀ ਪਰ ਭਾਜਪਾ ਦੀ ਟਿਕਟ 'ਤੇ 1998 ਵਿਚ ਮੈਦਾਨ ਵਿਚ ਨਿੱਤਰੇ ਵਿਨੋਦ ਖੰਨਾ ਨੇ ਸੁਖਬੰਸ ਕੌਰ ਭਿੰਡਰ ਨੂੰ ਕਰਾਰੀ ਹਾਰ ਦਿੱਤੀ। 2009 ਦੀਆਂ ਚੋਣਾਂ ਵਿਚ ਕਾਂਗਰਸ ਦੇ ਪ੍ਰਤਾਪ ਸਿੰਘ ਬਾਜਵਾ ਨੇ ਵਿਨੋਦ ਖੰਨਾ ਨੂੰ ਵੀ ਹਰਾ ਦਿੱਤਾ।

ਇਸੇ ਤਰ੍ਹਾਂ ਕਾਂਗਰਸ ਦੇ ਮਹਾਂਰਥੀ ਨੇਤਾ ਰਘੂਨੰਦਨ ਲਾਲ ਭਾਟੀਆ ਅੰਮ੍ਰਿਤਸਰ ਲੋਕ ਸਭਾ ਸੀਟ ਤੋਂ ਛੇ ਵਾਰੀ ਸੰਸਦ ਮੈਂਬਰ ਰਹੇ ਪਰ ਉਹ 2004 ਵਿਚ ਭਾਜਪਾ ਦੇ ਉਮੀਦਵਾਰ ਨਵਜੋਤ ਸਿੰਘ ਸਿੱਧੂ ਤੋਂ ਇਕ ਲੱਖ ਤੋਂ ਵੱਧ ਵੋਟਾਂ ਨਾਲ ਹਾਰ ਗਏ। ਸਿੱਧੂ ਇੱਥੋਂ ਤਿੰਨ ਵਾਰੀ ਜਿੱਤੇ। ਬਾਦਲ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਹਾਰ ਦਾ ਸੁਆਦ ਵੇਖ ਚੁੱਕੇ ਹਨ। ਫ਼ਰੀਦਕੋਟ ਲੋਕ ਸਭਾ ਸੀਟ ਤੋਂ ਤਿੰਨ ਵਾਰੀ ਸੰਸਦ ਪਹੁੰਚ ਚੁੱਕੇ ਸੁਖਬੀਰ ਬਾਦਲ ਨੂੰ ਪਹਿਲੀ ਵਾਰ ਇੱਥੋਂ 1999 ਵਿਚ ਕਾਂਗਰਸੀ ਉਮੀਦਵਾਰ ਜਗਮੀਤ ਸਿੰਘ ਬਰਾੜ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਸੰਸਦ ਵਿਚ ਉਦੋਂ ਪੰਜਾਬ ਦੀ ਆਵਾਜ਼ ਦੇ ਨਾਂ ਨਾਲ ਪਛਾਣ ਬਣਾਉਣ ਵਾਲੇ ਜਗਮੀਤ ਸਿੰਘ ਬਰਾੜ ਨੂੰ ਸਾਲ 2009 ਵਿਚ ਫਿਰੋਜ਼ਪੁਰ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸ਼ੇਰ ਸਿੰਘ ਘੁਬਾਇਆ ਨੇ 21 ਹਜ਼ਾਰ ਵੋਟਾਂ ਨਾਲ ਹਰਾਇਆ ਸੀ। ਬਰਾੜ 2004 ਵਿਚ ਸ਼੍ਰੋਮਣੀ ਅਕਾਲੀ ਦਲ ਦੇ ਜ਼ੋਰਾ ਸਿੰਘ ਮਾਨ ਅਤੇ 1989 ਵਿਚ ਆਜ਼ਾਦ ਉਮੀਦਵਾਰ ਭਾਈ ਧਿਆਨ ਸਿੰਘ ਮੰਡ ਤੋਂ ਵੀ ਮਾਤ ਖਾ ਚੁੱਕੇ ਹਨ।

ਸਾਲ 1971 ਦੀਆਂ ਲੋਕ ਸਭਾ ਚੋਣਾਂ ਵਿਚ ਹੁਸ਼ਿਆਰਪੁਰ ਤੋਂ ਕਾਂਗਰਸ ਦੀ ਟਿਕਟ 'ਤੇ ਦਰਬਾਰਾ ਸਿੰਘ ਜਿੱਤੇ ਸਨ। ਉਸ ਤੋਂ ਬਾਅਦ ਸਾਲ 1977 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੇ ਮੁੜ ਉਨ੍ਹਾਂ ਨੂੰ ਮੈਦਾਨ ਵਿਚ ਉਤਾਰਿਆ ਸੀ ਪਰ ਉਨ੍ਹਾਂ ਨੂੰ ਚੌਧਰੀ ਬਲਵੀਰ ਸਿੰਘ ਤੋਂ ਇਕ ਲੱਖ ਤੋਂ ਵੱਧ ਵੋਟਾਂ ਨਾਲ ਹਾਰ ਖਾਣੀ ਪਈ ਸੀ। ਉਨ੍ਹਾਂ ਨੂੰ ਕਾਂਗਰਸ ਵੱਲੋਂ ਲਗਾਈ ਗਈ ਐਮਰਜੈਂਸੀ ਦਾ ਖਮਿਆਜ਼ਾ ਵੀ ਭੁਗਤਣਾ ਪਿਆ, ਕਿਉਂਕਿ ਇਸ ਸਬੰਧੀ ਲੋਕਾਂ ਵਿਚ ਬਹੁਤ ਗੁੱਸਾ ਸੀ। ਦਰਬਾਰਾ ਸਿੰਘ ਜੂਨ 1980 ਤੋਂ ਲੈ ਕੇ ਅਕਤੂਬਰ 1983 ਤਕ ਪੰਜਾਬ ਦੇ ਮੁੱਖ ਮੰਤਰੀ ਰਹੇ ਸਨ।

ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਵੀ ਹੁਸ਼ਿਆਰਪੁਰ ਸੀਟ ਤੋਂ ਲੋਕ ਸਭਾ ਚੋਣਾਂ ਹਾਰ ਚੁੱਕੀ ਹੈ। ਉਨ੍ਹਾਂ 1992 ਵਿਚ ਇਸ ਸੀਟ ਤੋਂ ਬਸਪਾ ਵੱਲੋਂ ਚੋਣ ਲੜੀ ਸੀ ਪਰ ਕਾਂਗਰਸ ਦੇ ਕਮਲ ਚੌਧਰੀ ਤੋਂ 25,000 ਵੋਟਾਂ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

ਕਾਂਗਰਸ ਦੇ ਮੌਜੂਦਾ ਉਮੀਦਵਾਰ ਪ੍ਰਦੇਸ਼ ਪ੍ਰਧਾਨ ਅਤੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਨੀਲ ਜਾਖੜ ਵੀ ਹਾਰ ਦਾ ਸਾਹਮਣਾ ਕਰ ਚੁੱਕੇ ਹਨ। 2014 ਦੀਆਂ ਲੋਕ ਸਭਾ ਚੋਣਾਂ ਵਿਚ ਫਿਰੋਜ਼ਪੁਰ ਤੋਂ ਉਨ੍ਹਾਂ ਨੂੰ ਮੈਦਾਨ ਵਿਚ ਉਤਾਰਿਆ ਗਿਆ ਸੀ ਪਰ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੇ ਸਾਂਝੇ ਉਮੀਦਵਾਰ ਸ਼ੇਰ ਸਿੰਘ ਘੁਬਾਇਆ ਨੇ ਉਨ੍ਹਾਂ ਨੂੰ ਕਰੀਬ 31 ਹਜ਼ਾਰ ਵੋਟਾਂ ਦੇ ਫ਼ਰਕ ਨਾਲ ਹਰਾ ਦਿੱਤਾ। ਇਸ ਤੋਂ ਪਹਿਲਾਂ 1996 ਦੀਆਂ ਚੋਣਾਂ ਵਿਚ ਵੀ ਜਾਖੜ ਨੂੰ ਮਾਤ ਖਾਣੀ ਪਈ। ਬਸਪਾ ਦੇ ਮੋਹਨ ਸਿੰਘ ਫਲੀਆਂਵਾਲੇ ਨੇ ਉਨ੍ਹਾਂ ਨੂੰ ਕਰੀਬ 60 ਹਜ਼ਾਰ ਵੋਟਾਂ ਨਾਲ ਮਾਤ ਦਿੱਤੀ ਸੀ।

ਕੇਂਦਰ ਦੀ ਵਾਜਪਾਈ ਸਰਕਾਰ ਵਿਚ ਮੰਤਰੀ ਰਹੇ ਮਾਲਵੇ ਦੇ ਦਿੱਗਜ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨੂੰ ਵੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ। 2014 ਦੀਆਂ ਲੋਕ ਸਭਾ ਚੋਣਾਂ ਵਿਚ 'ਆਪ' ਦੇ ਭਗਵੰਤ ਮਾਨ ਨੇ ਦੋ ਲੱਖ ਤੋਂ ਵੱਧ ਵੋਟਾਂ ਨਾਲ ਉਨ੍ਹਾਂ ਨੂੰ ਹਰਾ ਦਿੱਤਾ। ਇਸ ਤੋਂ ਪਹਿਲਾਂ 2009 ਦੀਆਂ ਚੋਣਾਂ ਵਿਚ ਕਾਂਗਰਸ ਦੇ ਵਿਜੇਇੰਦਰ ਸਿੰਗਲਾ ਤੋਂ ਵੀ ਉਨ੍ਹਾਂ ਨੂੰ ਮਾਤ ਖਾਣੀ ਪਈ ਸੀ।

## ਸਿਆਸੀ ਪਾਰਟੀਆਂ ਨੇ ਸ੍ਰੀ ਆਨੰਦਪੁਰ ਸਾਹਿਬ ਹਲਕੇ ਵਿਚ ਉਤਾਰੇ ਦਿੱਗਜ ਉਮੀਦਵਾਰ

ਵਿਚ ਉੱਤਰੇ ਹਨ। ਜੇ ਗੱਲ ਟਕਸਾਲੀ ਅਕਾਲੀ ਦਲ ਦੇ ਉਮੀਦਵਾਰ ਬੀਰਦਵਿੰਦਰ ਸਿੰਘ ਦੀ ਕਰੀਏ ਤਾਂ ਸਿਆਸੀ ਸੂਝਬੂਝ, ਰਾਜਨੀਤਕ ਕੱਦ, ਸਰਕਾਰ ਦੇ ਸੰਵਿਧਾਨਿਕ ਅਹੁਦੇ 'ਤੇ ਰਹਿਣ ਕਰਕੇ ਤਜਰਬਾ ਅਤੇ ਲੋਕ ਮੁੱਦਿਆਂ ਦੀ ਗੱਲ ਕਰਨ ਦੀ ਮੁਹਾਰਤ ਉਨ੍ਹਾਂ ਕੋਲ ਹੈ। ਬੇਸ਼ੱਕ 'ਆਪ' ਕੁਝ ਸਮਾਂ ਪਹਿਲਾਂ ਹੋਂਦ ਵਿਚ ਆਈ ਹੈ ਪਰ ਜਿਸ ਤੇਜ਼ੀ ਨਾਲ ਉਨ੍ਹਾਂ ਆਪਣੇ ਉਮੀਦਵਾਰ ਨਰਿੰਦਰ ਸ਼ੇਰਗਿੱਲ ਦਾ ਐਲਾਨ ਕੀਤਾ ਹੈ ਤੇ ਜਿਸ ਤਰ੍ਹਾਂ ਉਹ ਅਹਿਮ ਮੁੱਦਿਆਂ ਨੂੰ ਲੈ ਕੇ ਲੋਕਾਂ ਵਿਚ ਜਾ ਰਹੇ ਹਨ ਉਸ ਤੋਂ ਇਹ ਸੁਭਾਵਿਕ ਹੀ ਹੈ ਕਿ ਸ਼ੇਰਗਿੱਲ ਨੂੰ ਬਾਕੀ ਉਮੀਦਵਾਰਾਂ ਦੇ ਮੁਕਾਬਲੇ ਘੱਟ ਸਮਝਣਾ ਠੀਕ ਨਹੀਂ। ਸੀਪੀਐਮ ਦੇ ਉਮੀਦਵਾਰ ਕਾਮਰੇਡ ਰਘੂਨਾਥ ਸਿੰਘ ਆਪਣੀ ਪਾਰਟੀ ਦੇ ਕੱਦਾਵਰ ਆਗੂ ਹਨ। ਹੁਣ ਵੇਖਣਾ ਹੋਵੇਗਾ ਕਿ ਕੌਣ ਸਫ਼ਲ ਹੁੰਦਾ ਹੈ।

## ਉਹ ਸਚਮੁੱਚ ਹੀ ਮਾਊਂਟ ਐਵਰੈਸਟ ਪਹਾੜ ਸੀ...

ਜੇ ਰਤਾ ਵੀ ਚੂਕ ਹੋ ਗਈ ਤਾਂ ਪਹਿਲਾ ਸ਼ੱਕ ਘਰ ਵਾਲਿਆਂ 'ਤੇ, ਕਿਉਂ ਕਿ ਲਹਿਰਾਂ ਵਿੱਚ ਸ਼ੇਕੇ ਹੁੰਦੇ ਹੀ ਸਨ।

ਖ਼ੈਰ ਹੁਣ ਗੱਲ ਉਸ ਦ੍ਰਿਸ਼ ਦੀ ਹੈ ਜੋ ਗੁਰਜੰਟ ਸਿੰਘ ਦੀ ਸ਼ਹਾਦਤ ਸੁਣ ਕੇ ਮੈਂ ਇਨਾਂ ਵੀਰਾਂ ਦੇ ਚਿਹਰਿਆਂ 'ਤੇ ਦੇਖਿਆ। ਲਹਿਰ ਦਾ ਘੇਰਾ ਬਹੁਤ ਵਡਾ ਸੀ ਪਰ ਜਿੰਨਾ ਕੁ ਮੈਂ ਜਾਣਿਆ ਦਲਜੀਤ ਦਾ ਸਭ ਤੋਂ ਵੱਧ ਪਿਆਰ ਗੁਰਜੰਟ ਨਾਲ ਸੀ ਜਿਵੇਂ ਕਈ ਜਨਮਾਂ ਤੋਂ ਇਕੱਠੇ ਹੋਣ। ਉਹ ਰੂਹ ਦੇ ਹਾਣੀ ਸਨ। ਜਿਉਂ ਹੀ ਮੈਂ ਖ਼ਬਰ ਸੁਣਾਈ ਦਲਜੀਤ ਜਿਵੇਂ ਸੁੰਨ ਹੋ ਗਿਆ ਸੀ। ਉਹ ਪਲੰਘ ਦੇ ਹੇਠਾਂ ਦਰੀ 'ਤੇ ਲੇਟਿਆ ਹੋਇਆ ਸੀ। ਉਹ ਕਿੰਨਾ ਚਿਰ ਛੱਤ ਵੱਲ ਟਿਕਟਿਕੀ ਲਗਾ ਕੇ ਦੇਖਦਾ ਰਿਹਾ। ਬਾਕੀ ਸਿੰਘ ਵੀ ਕਿਸੇ ਡੂੰਘੇ ਗਮ ਵਿੱਚ ਡੁੱਬੇ ਹੋਏ ਸਨ ਪਰ ਇਹ ਗਮ ਖਾਲਸਾਈ ਰੰਗ ਦਾ ਗਮ ਸੀ-ਉਹ ਗਮ, ਜਦੋਂ ਸਾਥੀ ਵਿਛੜਦੇ ਹਨ। ਪਰ ਦਲਜੀਤ ਸਾਰੀ ਲਹਿਰ ਵਿੱਚ ਵੱਖਰੀ ਕਿਸਮ ਦੀ ਹਸਤੀ ਸੀ। ਇਉਂ ਲਗਦਾ ਸੀ ਜਿਵੇਂ ਲਹਿਰ ਦੀ ਸਾਰੀ ਪੀੜ ਉਸ ਦੇ ਅੰਦਰੋਂ ਹੀ ਹੋ ਕੇ ਗੁਜ਼ਰਦੀ ਹੈ। ਮੈਂ ਉਸ ਨੂੰ ਇਹੋ ਜਿਹੇ ਸਮਿਆਂ 'ਤੇ ਕਦੇ ਰੋਂਦਿਆਂ ਨਹੀਂ ਸੀ ਵੇਖਿਆ ਪਰ ਉਸ ਦੇ ਅੰਦਰ ਹੰਝੂਆਂ ਦਾ ਦਰਿਆ ਵਗਦਾ ਰਹਿੰਦਾ ਸੀ। ਫਿਰ ਪਲੰਘ ਤੋਂ ਪਰਮਜੀਤ ਪੰਜਵੜ ਹੇਠਾਂ ਉਤਰਿਆ। ਉਸ ਦੇ ਸ਼ਬਦ ਅੱਜ ਵੀ ਮੇਰੇ ਕੰਨਾਂ ਵਿੱਚ ਗੂੰਜਦੇ ਹਨ ਅਤੇ ਗੂੰਜਦੇ ਰਹਿਣਗੇ। ਉਸ ਦੀ ਆਵਾਜ਼ ਵਿਚ ਗਮ ਸੀ ਪਰ ਹੌਸਲਾ ਕਾਇਮ ਸੀ। ਉਹ ਮੈਨੂੰ ਮੁਖਾਤਿਬ ਸੀ : "ਭਾਅ ਜੀ, ਸਾਡੀਆਂ ਸਾਰੀਆਂ ਫੋਰਸਾਂ ਇਕੱਠੀਆਂ ਕਰ ਲਓ, ਇਹ ਇਕੱਠੀਆਂ ਫੋਰਸਾਂ ਨਾਲੋਂ ਗੁਰਜੰਟ ਸਾਰਿਆਂ ਤੋਂ ਵੱਡਾ ਸੀ।" ਇਹ ਕਹਿਣ ਦੀ ਦੇਰ ਸੀ ਕਿ ਪਰਮਜੀਤ ਦੇ ਹੰਝੂ ਵਗਣ ਲੱਗ ਪਏ। ਸੁਲਤਾਨਵਿੰਡ ਵੀ ਰੋ ਰਿਹਾ ਸੀ ਪਰ ਦਲਜੀਤ ਅਜੇ ਵੀ ਖਾਮੋਸ਼ ਸੀ। ਕੌਣ ਇਹੋ ਜਿਹੇ ਖਾਮੋਸ਼ ਪਲਾਂ ਨੂੰ ਉਹ ਸ਼ਬਦ ਦੇ ਸਕਦਾ ਹੈ ਕਿ ਸਿੱਖ ਇਤਿਹਾਸ ਦੇ ਬਾਗ ਦੇ ਸਾਰੇ ਫੁੱਲ ਇਕੋ ਸਮੇਂ ਖਿੜ ਜਾਣ। ਵਾਰ ਐਂਡ ਪੀਸ ਵਰਗੇ ਨਾਵਲ ਲਿਖਣ ਵਾਲਿਆਂ ਦੀ ਉਡੀਕ ਰਹੇਗੀ।

ਤੇ ਫਿਰ ਤੁਹਾਨੂੰ ਸ਼ਾਇਦ ਵਿਸ਼ਵਾਸ ਨਾ ਹੋਵੇ ਪਰ ਇਸੇ ਤਰਾਂ ਹੀ ਹੋਇਆ ਸੀ ਜਿਸ ਵਿੱਚ ਮੇਰੀ ਰੂਹ ਅਤੇ ਜਿਸਮ ਦੋਵੇਂ ਨਾਲ ਨਾਲ ਸਨ। ਹਾਸੇ, ਮਖੌਲ ਅਤੇ ਗੁਰਜੰਟ ਦੀਆਂ ਯਾਦਾਂ ਦਾ ਮਾਹੌਲ ਸਿਰਜਿਆ ਗਿਆ। ਸਾਰਿਆਂ ਦੇ ਦੁੱਖ ਦਰਦ ਅੰਦਰ ਵੱਲ ਸਫ਼ਰ ਕਰਨ ਲੱਗੇ। ਗੁਰਜੰਟ ਦਾ ਜਿਸਮ ਸਾਡੀਆਂ ਯਾਦਾਂ ਵਿੱਚ ਸਮਾਅ ਗਿਆ। ਮੈਨੂੰ ਲੱਗਿਆ ਅਠਾਰਵੀਂ ਸਦੀ ਦੇ ਸਿੰਘ ਇਸੇ ਤਰਾਂ ਹੀ ਹਸਦੇ-ਹਸਦੇ ਲੜਦੇ, ਜੂਝਦੇ, ਵਿਛੜਦੇ ਰਹਿੰਦੇ ਅਤੇ ਫਿਰ ਸ਼ਬਦ-ਗੁਰੂ ਦੀ ਦੁਨੀਆ ਵਿਚ ਮਿਲਦੇ ਹੋਣਗੇ। ਪਰਣਾਮ ਹੈ ਜੁਝਾਰੂ ਲਹਿਰ ਨੂੰ ਅਤੇ ਗੁਰਜੰਟ ਸਿੰਘ ਜੀ ਦੀ ਮਾਤਾ ਨੂੰ ਜਿਸ ਨੇ ਲਹਿਰ ਦੀਆਂ ਯਾਦਾਂ ਤਾਜ਼ਾ ਕਰਾ ਦਿਤੀਆਂ। ਮੈਂ ਗੁਰਜੰਟ ਸਿੰਘ ਨੂੰ ਕਿਉਂ ਜਰਨੈਲਾਂ ਦਾ ਜਰਨੈਲ ਕਹਿੰਦਾ ਹਾਂ? ਉਹ ਇਸ ਲਈ ਕਿਉਂਕਿ ਉਹ ਮਹਾਨ ਸਿਕੰਦਰ ਵਾਂਗ ਐਕਸ਼ਨ ਦੀ ਖੁਦ-ਬ-ਖੁਦ ਅਗਵਾਈ ਕਰਦਾ ਸੀ। ਮੈਂ ਪਹਿਲਾਂ ਵੀ ਸ਼ਾਇਦ ਕਿਸੇ ਇੰਟਰਵਿਊ ਵਿਚ ਕਿਹਾ ਸੀ ਕਿ ਉਸ ਨੂੰ ਗੁਪਤ ਚੀਜ਼ਾਂ ਰਾਹ ਦੇ ਦਿੰਦੀਆਂ ਸਨ। ਇਕ ਵਾਰ ਇਕ ਸਵਾਲ ਦੇ ਜਵਾਬ ਵਿੱਚ ਉਸ ਨੇ ਮੈਨੂੰ ਕਿਹਾ ਸੀ ਕਿ "ਭਾਅ ਜੀ ਕਈ ਵਾਰ ਮੈਨੂੰ ਇਹ ਲਗਦਾ ਸੀ ਕਿ ਮੇਰੇ ਹੱਥ ਵਿਚ ਫੜਿਆ ਹਥਿਆਰ ਐਕਸ਼ਨ ਸਮੇਂ ਕੋਈ ਹੋਰ ਚਲਾ ਰਿਹਾ ਹੈ।" ਇਹ ਗੱਲ ਮੈਨੂੰ ਇਕ ਵਾਰ ਦਲਜੀਤ ਨੇ ਵੀ ਦੱਸੀ ਸੀ। ਦਲਜੀਤ ਦਾ ਕਹਿਣਾ ਸੀ ਕਿ ਇਹ ਉਸ ਸਮੇਂ ਹੀ ਹੁੰਦਾ ਹੈ ਜਦੋਂ ਐਕਸ਼ਨ ਜਾਇਜ਼ ਹੋਵੇ। ਚਰਨਜੀਤ ਚੰਨੀ ਅਤੇ ਬਲਵਿੰਦਰ ਸਿੰਘ ਜਟਾਣਾ ਵੀ ਐਕਸ਼ਨ ਦੇ ਪਲਾਂ ਵਿੱਚ ਸਹਿਜ ਪਰ ਦ੍ਰਿੜ ਇਰਾਦੇ ਨਾਲ ਲੈਸ ਹੁੰਦੇ ਸਨ ਪਰ ਗੁਰਜੰਟ ਨੂੰ ਤਾਂ ਐਕਸ਼ਨ ਕਰਨ ਤੋਂ ਪਹਿਲਾਂ ਚਾਅ ਜਿਹਾ ਚੜ ਜਾਂਦਾ ਸੀ। ਮੈਂ ਕਈ ਵਾਰ ਸੋਚਦਾਂ ਹਾਂ ਕਿ ਇਸ ਜਰਨੈਲ ਨੂੰ ਬਿਆਨ ਕਰਨ ਲਈ ਸ਼ਬਦ ਕਿਥੋਂ ਲਿਆਵਾਂ? ਇਹੋ ਜਿਹੇ ਬੇਦਿਆਂ ਨੂੰ ਵੇਖ ਕੇ ਹੀ ਇਹ ਅਹਿਸਾਸ ਹੁੰਦਾ ਹੈ ਕਿ ਦਸ਼ਮੇਸ਼ ਦੀ ਕੌਮ ਮਰ ਨਹੀਂ ਸਕਦੀ।

ਸੋਚਦਾ ਹਾਂ ਕਿ ਲਹਿਰ ਨੇ ਕਿਹੋ ਜਿਹੇ ਗੱਭਰੂ ਪੈਦਾ ਕੀਤੇ ਜੋ ਏਡੀ ਵੱਡੀ ਨਵੀਨਤਮ ਹਥਿਆਰਾਂ ਅਤੇ ਸਾਧਨਾਂ ਨਾਲ ਲੈਸ ਭਾਰਤੀ ਸਟੇਟ ਦੇ ਵਿਰੁੱਧ ਦਸ ਸਾਲ ਹਿੱਕ ਡਾਹ ਕੇ ਖੜੇ ਰਹੇ। ਨਾ ਕੋਈ ਟਰੇਨਿੰਗ, ਨਾ ਕੋਈ ਮਦਦ ਪਰ ਉਹ ਕਿਹੜੇ ਹੌਂਸਲੇ ਅਤੇ ਇਰਾਦੇ ਸਨ ਜਿਹੜੇ ਸਿਆਲਾਂ ਦੀਆਂ ਠੰਢੀਆਂ ਰਾਤਾਂ ਕਮਾਦਾਂ ਦੇ ਖੇਤਾਂ ਵਿੱਚ ਗੁਜ਼ਾਰਦੇ ਰਹੇ। ਇਕ ਵਾਰ ਇਕ ਵੱਡੇ ਪੁਲਿਸ ਅਫ਼ਸਰ ਦੇ ਦੂਰ-ਨੇੜੇ ਦੇ ਰਿਸ਼ਤੇਦਾਰ ਨੇ, ਜੋ ਇਤਫਾਕਵਸ ਮੇਰਾ ਵੀ ਜਾਣੂੰ ਹੈ, ਮੈਨੂੰ ਦੱਸਿਆ ਸੀ ਕਿ ਜਿਸ ਦਿਨ ਗੁਰਜੰਟ ਸ਼ਹੀਦ ਹੋਇਆ ਉਸ ਦਿਨ ਪੁਲਿਸ ਦੀਆਂ ਮਹਿਫਲਾਂ ਵਿਚ ਬੜੀਆਂ ਖੁਸ਼ੀਆਂ ਮਨਾਈਆਂ ਜਾ ਰਹੀਆਂ ਸਨ। ਇਕ ਪੁਲਸ ਅਧਿਕਾਰੀ ਨੇ ਇਕ ਮਹਿਫਲ ਵਿਚ ਟਿੱਪਣੀ ਕੀਤੀ ਕਿ ਅੱਜ ਅਸੀਂ ਮਾਊਂਟ ਐਵਰੈਸਟ ਸੁੱਟ ਲਿਆ ਹੈ। ਮੈਨੂੰ ਲੱਗਿਆ ਕਿ ਇਹ ਦੁਸ਼ਮਣ ਵੱਲੋਂ ਗੁਰਜੰਟ ਨੂੰ ਵੱਡੀ ਸ਼ਰਧਾਂਜਲੀ ਸੀ। ਉਹ ਸਚਮੁੱਚ ਹੀ ਮਾਊਂਟ ਐਵਰੈਸਟ ਪਹਾੜ ਸੀ।

## ਸਿੱਖ ਪੰਥ ਨੇ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਮਨਾਇਆ ਖਾਲਸਾ ਸਾਜਨਾ ਦਿਵਸ

ਇਸ ਮੌਕੇ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸਮੁੱਚੀ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦੇ ਹੋਏ ਕਿਹਾ ਕਿ ਅੱਜ ਦੁਨੀਆ ਦੇ ਹੋਰ ਧਰਮ ਆਪੋ-ਆਪਣੇ ਧਰਮ ਦੀ ਚੜ੍ਹਦੀਕਲਾ ਅਤੇ ਤਰੱਕੀ ਲਈ ਯਤਨਸ਼ੀਲ ਹਨ ਪਰ ਖਾਲਸਾ ਪੰਥ ਆਪਣੇ ਗੁਰੂ ਦੇ ਹੁਕਮ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਨਹੀਂ ਹੋ ਰਿਹਾ, ਬਲਕਿ ਕਈ ਪੰਥ ਦੋਖੀ ਲੋਕ ਅੱਜ ਸਾਡੇ ਸਿਧਾਂਤ, ਸਾਡੀ ਕੁਰਬਾਨੀ ਅਤੇ ਸਾਡੇ ਇਤਿਹਾਸ ਨੂੰ ਸੱਟ ਮਾਰਨ ਦੀਆਂ ਕੋਝੀਆਂ ਕੋਸ਼ਿਸ਼ਾਂ ਕਰ ਰਹੇ ਹਨ। ਸਾਨੂੰ ਆਪਣੇ ਗੁਰੂ ਦੀ ਸ਼ਕਤੀ 'ਤੇ ਭਰੋਸਾ ਹੈ ਕਿ ਇਨ੍ਹਾਂ ਲੋਕਾਂ ਦੀਆਂ ਚਾਲਾਂ ਕਾਮਯਾਬ ਨਹੀਂ ਹੋਣਗੀਆਂ।

ਸਿੱਖ ਯੂਥ ਆਫ਼ ਪੰਜਾਬ ਦੇ ਕਾਰਕੁਨਾਂ ਨੇ ਸਿੱਖ ਰਾਜ ਦਾ ਝੰਡਾ ਝੁਲਾਇਆ :

ਵਿਸਾਖੀ ਦੇ ਦਿਹਾੜੇ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੂਹਰੇ ਸਿੱਖ ਯੂਥ ਆਫ ਪੰਜਾਬ ਦੇ ਕਾਰਕੁਨਾਂ ਨੇ ਖਾਲਸੇ ਦੇ ਪ੍ਰਗਟ ਦਿਹਾੜੇ ਨੂੰ 'ਸਿੱਖ ਰਾਸ਼ਟਰ ਦਿਵਸ' ਵਜੋਂ ਮਨਾਉਂਦੇ ਹੋਏ ਸਿੱਖ ਰਾਜ ਦਾ ਝੰਡਾ ਝੁਲਾਇਆ ਅਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਉਂਦੇ ਹੋਏ ਆਜ਼ਾਦੀ ਦੀ ਮੰਗ ਕੀਤੀ। ਦਲ ਖਾਲਸਾ ਨਾਲ ਸਬੰਧਤ ਪਾਰਟੀ ਦੇ ਪ੍ਰਧਾਨ ਪਰਮਜੀਤ ਸਿੰਘ ਮੰਡ ਨੇ ਝੰਡੇ ਦੀ ਰਸਮ ਅਦਾ ਕੀਤੀ। ਉਨ੍ਹਾਂ ਸਿੱਖ ਨੌਜਵਾਨਾਂ ਦੀਆਂ ਹੋ ਰਹੀਆਂ ਗ੍ਰਿਫ਼ਤਾਰੀਆਂ ਬਾਰੇ ਕਿਹਾ ਕਿ ਹਰ ਕੌਮ ਨੂੰ ਆਪਣਾ ਭਵਿੱਖ ਤੈਅ ਕਰਨ ਦਾ ਅਧਿਕਾਰ ਹੈ ਤੇ ਸਾਡਾ ਭਵਿੱਖ ਭਾਰਤੀ ਨਿਜ਼ਾਮ ਅਧੀਨ ਹੋਣ ਵਾਲੀਆਂ ਵੋਟਾਂ ਰਾਹੀਂ ਨਹੀਂ ਬਲਕਿ ਸੰਯੁਕਤ ਰਾਸ਼ਟਰ ਅਧੀਨ ਰੈਫਰੈਂਡਮ ਕਰਵਾ ਕੇ ਹੋ ਸਕਦਾ ਹੈ।


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com

# STEELE INSURANCE

## AGENCY INC

Grand Shield Insurance strives to offer you quality insurance coverage, a high level of professional service and a long-term relationship We'll research rates and coverage from top insurance companies to find the best insurance rates and insurance plans for you. We do the insurance shopping and comparing for you to save time and money!

- Specialize in Personal line insurance
- Auto Home life Umbrella and Commercial
- We have special discount as 20% Multi Policy Discount
- Occupational Discount 12% for Teacher, Doctors Engineers, Firefighter, RN nurse, Business Owner
- AARP membership discount 30%
- Good Students discount 3.0 GPA
- Four year College degree (Alumni) discount
- Multi car discount




- TERM LIFE
- RETURN OF PREMIUM LIFE
- UNIVERSAL LIFE
- INDEXED UNIVERSAL LIFE
- VARIABLE UNIVERSAL LIFE
- WHOLE LIFE
- ANNUITIES

**Working hard with Honesty & intergrity to protect your Financial Future**



# Ranjit Singh

**A Member of Steele Insurance Agency, Inc.**

**Insurance Broker, Lic#OH78402**

**Doing the Right Things for Our Clients and Their Families Everyday...**

**... Leads Us to Success as well as Our Company."**

Allied Insurance · FIDELITY · CSE · MERCURY INSURANCE GROUP · FINANCIAL PACIFIC · Safeco Insurance · CNA · MetLife · Kemper · Philadelphia Insurance Companies · FOREMOST INSURANCE GROUP · The Hartford · CommerceWest Insurance · Midwest Insurance Agency · Kansas City Life · PROGRESSIVE · GeoVera · TRAVELERS · GMAC Insurance · TheZenith WORKERS' COMPENSATION SPECIALISTS · PersonalUmbrella.com · ZURICH

**17900 Murphy Park Way Lathrop, CA. 95330**

**209-956-1000,Office-408-355-5700,Bay Area-888-246-1228 Fax**

**RSingh@siainc.net, www.SteeleInsuranceAgency.net**


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM